# ਵਤਨੋਂ ਦੂਰ

## ਕੈਨੇਡੀਅਨ ਪੰਜਾਬੀ ਕਹਾਣੀ ਅੰਕ

ਜੁਲਾਈ 78,



July & August 1978 WATNO DUR - 60c

P.O. Box 67681 Stn 'O', Vancouver B.C. V5W 3V2

# KINGSGATE Body Shop Limited

***Body Shop and Mechanical Services For All Makes and Models***

*

We handle ICBC Claims
Courtesy Cars Available
(inc. Age Under 25)
Full Inventory of All Parts
For Fast and Efficient Service

**434-6608**
**24 Hrs.**

Call Amir Dhanani

Urdu, Punjabi and English, Gujrati and Hindi languages spoken.

**6856 Palm Ave., Burnaby, B.C.**
***One Block From Royal Oak & Imperial***
**USED AND REBUILT HONDAS AVAILABLE**

# AMIR'S JAPANESE AUTO SERVICE AND PARTS SUPPLIES LIMITED

Service and Tune Up Shop for All Makes and Models

***Complete Auto Service — Electronic Tune Ups, Brakes, Valves, etc.***

**USED, EXCHANGE AND REBUILT TRANSMISSION (std./auto.), MOTORS, CARBURETORS, STARTERS, ALTERNATORS, COURTESY CARS AVAILABLE**

Call Amir Dhanani

**434-6608**
**24 hrs.**

Urdu, Punjabi, English, Guljrati, and Hindi Languages spoken.

**6870 Palm Avenue, Burnaby, B.C.**
***One Block from Royal Oak and Imperial***

**LUNCH – 11:30 A.M. to 3:00 P.M. • DINNER – 4:00 P.M. to 10:00 P.M. • SEVEN DAYS A WEEK**

**INDIA'S FAMOUS TANDOORIE CHICKEN**

**INDIAN SWEETS OF ALL KINDS**
**Weekend Special**
**MAKI DI ROTI & SAAG.**

# Raja RESTAURANT LTD.

(LICENSED PREMISES)

Catering For
WEDDING & SMALL HOME PARTIES.

CALL 325-5014

7271 MAIN ST. at 57th, VANCOUVER, B.C., CANADA

CHARGEX

master charge

ਵਿਆਹ ਅਤੇ ਘਰੇਲੂ ਪਾਰਟੀਆਂ ਲਈ ਭਾਰਤੀ ਤੇ ਕੈਨੇਡਾ ਦੇ ਵਧੀਆ ਤੇ ਸੁਆਦੀ ਖਾਣੇ ਅਤੇ ਮਠਿਆਈਆਂ ਵਾਜਬੀ ਕੀਮਤਾਂ ਤੇ ਰਾਜਾ ਰੈਸਟੋਰੈਂਟ ਤੋਂ ਮਿਲਦੀਆਂ ਹਨ। ਬਲਵੰਤ ਨੂੰ ਫ਼ੋਨ ਕਰੋ।

## BOMBAY GROCERY STORE

3950 MAIN STREET, VANCOUVER
874-3711

We are open 7 days a week
from 9:30 a.m. to 10 p.m.

*Special Discount for Weddings, Akhand Paths and other bulk orders!*



## Bombay Curry Restaurant

*Licensed Premises*

3934 MAIN STREET, (23rd Ave.)
VANCOUVER
874-5722

Opens Mon. to Fri. 11:00 a.m. to 10:30 p.m.
Sat. and Sun. 10:00 a.m. to 10:00 p.m.

*Special Arrangements for Wedding Parties and other occasions!*

*A DIVISION OF*

# SHUKLA ENTERPRISES LTD.

## Res. Phone: 685-2633

---

ਵਤਨੋਂ ਦੂਰ ਦੇ ਨਵੇਂ ਐਡਵਰਟਾਈਜ਼ਿੰਗ ਐਡੀਟਰ:

"ਨਰੇਸ਼ ਸ਼ੁਕਲਾ"

ਵਤਨੋਂ ਦੂਰ ਵਿਚ ਕਿਸੇ ਕਿਸਮ ਦੀ ਐਡ ਦੇਣੀ ਹੋਵੇ ਜਾਂ ਇਸ ਬਾਰੇ ਕੋਈ ਹੋਰ ਜਾਣਕਾਰੀ ਲੈਣੀ ਹੋਵੇ ਤਾਂ ਨਰੇਸ਼ ਸ਼ੁਕਲਾ ਨੂੰ ਫੋਨ ਕਰੋ। (874-5722)

ਵਤਨੋਂ ਦੂਰ ਦੇ ਪਿਛਲੇ ਐਡਵਰਟਾਈਜ਼ਿੰਗ ਐਡੀਟਰ:

"ਰੂਪਿੰਦਰ ਅਜ਼ਾਦ"

ਜਾਤੀ ਜ਼ਿੰਮੇਵਾਰੀਆਂ ਦੀ ਵਜਾ ਕਰਕੇ ਇਹ ਕੰਮ ਛੱਡ ਰਹੇ ਹਨ। ਵਤਨੋਂ ਦੂਰ ਉਹਨਾਂ ਦੀਆਂ ਸੇਵਾਵਾਂ ਲਈ ਸ਼ੁਕਰਗੁਜ਼ਾਰ ਹੈ।

---

ਖੁਸ਼ਖਬਰੀ! ਤੁਹਾਡੀ ਸਹੂਲਤ ਲਈ ਪਲੰਬਿੰਗ ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਓਮ ਪਾਲ ਵਲੋਂ 32 ਐਵਨਿਊ ਲਾਗੇ 4474 ਮੇਨ ਸਟਰੀਟ ਤੇ ਸੱਤੇ ਦਿਨ ਖੁੱਲਾ ਹੈ। ਸਸਤੇ ਰੇਟਾਂ ਤੇ ਉਹਨਾਂ ਦੀ ਸੇਵਾ ਤੋਂ ਲਾਭ ਉਠਾਓ!



PLUMBING & BATHROOM FIXTURES & SUPPLIES

HOT WATER TANKS
HOT WATER HEATING & SUPPLIES

## PAUL'S Plumbing & Electrical Supply

4774 MAIN STREET, VANCOUVER, B. C. V5V 3R7

PHONE 872-3118

PLUMBING & BATHROOM FIXTURES & SUPPLIES

**OPEN 7 DAYS**

LATE On Friday

ਸਾਡੇ ਕੋਲ ਆਵੋ, ਪੰਜਾਬੀ 'ਚ ਗਲਬਾਤ ਕਰੋ, ਹੋਰ ਜਾਣਕਾਰੀ ਲਈ ਫੋਨ ਕਰੋ।

**WATNO DUR**
**P.O. Box 67681**
**Postal Stn. 'O'**
**Vancouver, B.C.**
**V5W 3V2**

Vol. 7, No. 60 & 61 July-August 1978

2nd Class Mail Reg. No. 3233
ANNUAL SUBSCRIPTION: Canada-U.S.A. $ 7.00
*Other* SEA $ 7.00
Countries AIR $10.00

**EDITORIAL BOARD:**
Surinder Dhanjal, 256-1067 (Windsor)
Ajmer Rodey, 438-7793
Amarjit Chahal, 892-3085

**MANAGING EDITORS:**
Raghbir Mand, 325-9564
Paul Binning, 879-3339

**EDITOR:**
Sadhu, 437-9014

**ADVERTISING EDITORS:**
Naresh Shukla, 874-5722
685-2633
Karamjit Ghuman, 321-6081

**WATNO DUR REPRESENTATIVES:**
Iqbal Ramuwalia, Waterloo (884-7131)
Sarwan Boal, Montreal (679-8132)
Latt Bhinder, Edmonton (462-6431)
Gurcharan Tallewalia, Richmond (271-4742)
K. S. Chaman, Calgary (248-2841)
Gill Avtar, Calgary (279-6510)
Dave Jatana, Prince Rupert 627-7209
Harnek Mann, Pr. George (564-6245)
G. S. Bains, Williams Lake (392-3698)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Jasbir Chahal, Victoria (385-4996)

*All officeholders and members of WATNO DUR PUBLICATIONS. (Reg'd.) past and present have been and are honorary associates of WATNO DUR.*

# ਕੈਨੇਡੀਅਨ ਪੰਜਾਬੀ ਕਹਾਣੀ ਅੰਕ ਦੇ ਕਹਾਣੀਕਾਰ:

ਕੇਸਰ ਸਿੰਘ
ਅਮਰਜੀਤ ਚਾਹਲ
ਤੇਜ ਤੰਮੀਪੁਰ
ਸੂਰੀ ਅਮਰਜੀਤ
ਚਰਨ ਬੈਂਸ
ਸੁਰਜੀਤ ਕਲਸੀ
ਜਰਨੈਲ ਸਿੰਘ
ਅਜਮੇਰ ਰੋਡੇ
ਮਹਿੰਦਰ ਚੀਮਲ
ਗਿੱਲ ਅਵਤਾਰ
ਕਰਮਜੀਤ ਘੁਮਾਣ
ਬਖਤਾਵਰ ਸਿੰਘ ਸੰਧੂ
ਸੁਖਵੰਤ ਹੁੰਦਲ
ਬਲਰਾਜ ਸਿੱਧੂ
ਤੇਜ ਸੰਧੂ ਕੁਲੈਲ
ਸੁਖਦੇਵ ਟਲੋਰਾ
ਦੇਵ ਜਟਾਣਾ
ਉੱਕਲ
ਸਾਧੂ

*ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ*
*ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।*
*ਵਿਚਾਰ ਲੇਖਕਾਂ ਦੇ ਆਪਣੇ ਨਿੱਜੀ ਹਨ।*

*ਮੁੱਖ ਚਿੱਤਰ - ਰਘਬੀਰ ਮੰਡ*

# ਐਡੀਟੋਰੀਅਲ

ਇਸ ਅੰਕ ਨਾਲ ਵਤਨੋਂ ਦੂਰ ਛੇਵੇਂ ਵਰ੍ਹੇ ਵਿਚ ਕਦਮ ਰੱਖ ਰਿਹਾ ਹੈ। ਇਹ ਕੈਨੇਡੀਅਨ ਕਹਾਣੀ ਅੰਕ ਪਾਠਕਾਂ ਨੂੰ ਪੇਸ਼ ਕਰਕੇ ਅਸੀਂ ਖ਼ੁਸ਼ੀ ਤੇ ਮਾਣ ਮਹਿਸੂਸ ਕਰ ਰਹੇ ਹਾਂ। ਕੈਨੇਡਾ ਦਾ ਪੰਜਾਬੀ ਭਾਈਚਾਰਾ ਅਜੇ ਆਪਣੀ ਛੋਟੀ ਉਮਰ ਵਿਚ ਹੀ ਹੈ। ਸਾਡੀ ਬਹੁ ਗਿਣਤੀ ਪਿਛਲੇ ਪੰਦਰਾਂ ਸਾਲਾਂ ਦੇ ਦੌਰਾਨ ਹੀ ਇਥੇ ਆਈ ਹੈ। ਇਸ ਸਮੇਂ ਦੌਰਾਨ ਕੈਨੇਡਾ ਦੇ ਪੰਜਾਬੀ ਸਾਹਿਤ ਨੂੰ ਇਕਠੇ ਮੁੱਢਲੇ ਰੂਪ ਵਿਚ ਸਾਂਭਣ ਤੇ ਪਾਠਕਾਂ ਤੱਕ ਪਹੁੰਚਾਣ ਦਾ ਮਾਣ ਵਤਨੋਂ ਦੂਰ ਦੇ ਹਿੱਸੇ ਆਇਆ ਹੈ। ਤੇ ਵਤਨੋਂ ਦੂਰ ਆਪਣੇ ਅੱਗੇ ਆਉਂਦੀਆਂ ਭਾਂਤ ਭਾਂਤ ਦੀਆਂ ਕਠਨਾਈਆਂ ਦੇ ਬਾਵਜੂਦ ਵੀ ਪੰਜਾਬੀ ਸਾਹਿਤ ਨੂੰ ਅਮੀਰ ਬਣਾਉਣ, ਅਤੇ ਪੰਜਾਬੀ ਲੋਕ ਤੇ ਪਾਠਕਾਂ ਦਾ ਘੇਰਾ ਵਧਾਉਣ ਵਿਚ ਆਪਣੇ ਵਿੱਤ ਅਨੁਸਾਰ ਹਿੱਸਾ ਪਾ ਰਿਹਾ ਹੈ। ਜੇ ਗੱਲ ਸਿਰਫ 'ਇਕ ਪਰਚਾ' ਕੱਢਣ ਤੱਕ ਹੀ ਸੀਮਤ ਹੁੰਦੀ ਤਾਂ ਅਸੀਂ ਵੀ ਇਸ ਵਿਚ ਹਰ ਕਿਸਮ ਦਾ ਮਨੋਰੰਜਨ, ਖਬਰਾਂ, ਸਸਤਾ ਸਾਹਿਤ, ਫਿਲਮੀ ਕਿੱਸੇ ਜਾਂ ਅਮੀਰ ਘਰਾਣਿਆਂ ਦੇ ਮੁੰਡਿਆਂ ਦੇ ਜਨਮ ਦਿਨਾਂ ਤੇ ਹੋਈਆਂ ਪਾਰਟੀਆਂ ਦੀਆਂ ਤਸਵੀਰਾਂ ਛਾਪ ਜਾਂ ਇਹ ਲੋਕਾਂ ਦੇ ਧਾਰਮਿਕ ਜਜ਼ਬਿਆਂ ਨੂੰ ਆਪਣੇ ਹਿਤਾਂ ਲਈ ਵਰਤ ਕੇ ਹੁਣ ਤੱਕ ਪਰਚੇ ਨੂੰ ਆਰਥਿਕ ਤੌਰ ਤੇ ਲਾਹੇਵੰਦ ਬਣਾ ਲਿਆ ਹੁੰਦਾ ਤੇ ਸਾਨੂੰ ਛੇਵੇਂ ਵਰ੍ਹੇ ਵਿਚ ਵੀ ਪਰਚਾ ਇੰਨਾ ਲੇਟ ਨਾ ਛਾਪਣਾ ਪੈਂਦਾ। ਪਰ ਵਤਨੋਂ ਦੂਰ ਦੇ ਆਪਣੇ ਸਾਹਿਤਕ ਨਿਸ਼ਾਨੇ ਤੇ ਆਪਣੀ ਸਾਹਿਤਕ ਸੇਧ ਹੈ। ਉਸ ਸੇਧ ਵੱਲ ਜਾਂਦਿਆਂ ਜਿੰਨੀਆਂ ਵੀ ਮੁਸ਼ਕਲਾਂ (ਭਾਵੇਂ ਉਹ ਕੁਦਰਤੀ ਹੋਣ ਜਾਂ ਕਿਸੇ ਵਲੋਂ ਪਾਈਆਂ ਗਈਆਂ ਹੋਣ) ਇਹ ਦੇ ਸਾਹਮਣੇ ਆਉਣਗੀਆਂ ਇਹ ਸੱਤ ਨਾਲ ਹਿੱਕ ਤਾਣ ਕੇ ਟੱਕਰ ਲਵੇਗਾ।

ਪਹਿਲੇ ਅੰਕ ਦੀਆਂ ਕਹਾਣੀਆਂ ਤੇ ਕਹਾਣੀਕਾਰਾਂ ਬਾਰੇ ਅਸੀਂ ਇਸ ਸਮੇਂ ਕੋਈ ਚਰਚਾ ਕਰਨੀ ਵਾਜਿਬ ਨਹੀਂ ਸਮਝਦੇ। ਹਾਂ, ਸਮੁੱਚੇ ਕਹਾਣੀ-ਅੰਕ ਬਾਰੇ ਕੁੱਝ ਗੱਲਾਂ ਜ਼ਰੂਰ ਕਰਨ ਵਾਲੀਆਂ ਹਨ। ਸਾਡੀ ਇਹ ਕੋਸ਼ਿਸ਼ ਸੀ ਕਿ ਅਸੀਂ ਇਸ ਅੰਕ ਵਿਚ ਕੈਨੇਡਾ ਵਿਚਲੇ ਸਾਰੇ ਦੇ ਸਾਰੇ ਪੰਜਾਬੀ ਕਹਾਣੀਕਾਰ ਪੇਸ਼ ਕਰੀਏ। ਪਰ ਸ਼ਾਇਦ ਅਸੀਂ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋਏ। ਇਸ ਅੰਕ ਲਈ ਆਈਆਂ ਕੁੱਝ ਇਕ ਕਹਾਣੀਆਂ ਅਸੀਂ ਛਾਪਣ ਯੋਗ ਨਹੀਂ ਸਮਝੀਆਂ ਤੇ ਕੁੱਝ ਇਕ ਕਹਾਣੀਕਾਰਾਂ ਨੇ ਕਈ ਵਾਰੀ ਮੰਗਣ ਤੇ ਵੀ ਵਤਨੋਂ ਦੂਰ ਨੂੰ ਕਹਾਣੀਆਂ ਨਹੀਂ ਭੇਜੀਆਂ।

ਇਹ ਅੰਕ ਚੋਣਵੇਂ ਕਹਾਣੀਕਾਰ ਜਾਂ ਚੋਣਵੀਆਂ ਕਹਾਣੀਆਂ ਦਾ ਨਹੀਂ। ਇਸ ਵਿਚ ਅਸੀਂ ਵੱਧ ਤੋਂ ਵੱਧ ਲੇਖਕ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹਨਾਂ ਕਹਾਣੀਕਾਰਾਂ ਵਿਚੋਂ ਕੋਈ ਵੀ ਅਜਿਹਾ ਲੇਖਕ ਨਹੀਂ ਜਿਹੜਾ ਪੰਜਾਬੀ ਸਾਹਿਤ ਵਿਚ ਕਹਾਣੀਕਾਰ ਦੇ ਤੌਰ ਤੇ ਸਥਾਪਿਤ ਹੋ ਚੁੱਕਾ ਹੋਵੇ। ਸਾਡੇ ਬਜ਼ੁਰਗ ਸਾਹਿਤਕਾਰ ਗਿਆਨੀ ਕੇਸਰ ਸਿੰਘ ਜੀ ਹੋਰੀਂ ਵੀ ਉਂਜ ਨਾਵਲਕਾਰ ਦੇ ਤੌਰ ਤੇ ਹੀ ਜਾਣੇ ਜਾਂਦੇ ਹਨ। ਇਹਨਾਂ ਵਿਚੋਂ ਕੁੱਝ ਹੀ ਕਹਾਣੀਕਾਰ ਪੰਜਾਬੀ ਦੇ ਹੋਰ ਪਰਚਿਆਂ ਵਿਚ ਛਪੇ ਹਨ। ਕਈਆਂ ਦੀ ਇਹ ਪਹਿਲੀ ਪਹਿਲੀ ਹੀ ਕਹਾਣੀ ਹੈ।

ਇਸ ਵਕਤ ਇਸ ਬਾਰੇ ਵਿਚਾਰ 'ਚ ਪੈਣਾ ਫਜ਼ੂਲ ਹੀ ਹੈ ਕਿ ਇਹਨਾਂ ਕਹਾਣੀਕਾਰਾਂ ਵਿਚੋਂ ਕੋਈ ਵਰਿਆਮ ਸੰਧੂ ਜਾਂ ਰਘਬੀਰ ਢੰਡ ਦੇ ਮੁਕਾਬਲੇ ਰੱਖਿਆ ਜਾ ਸਕਦਾ ਹੈ ਕਿ ਨਹੀਂ। ਵੇਖਣ ਵਾਲੀ ਗੱਲ ਇਹ ਹੈ ਕਿ ਇਹਨਾਂ ਵਿਚ ਕਿੰਨੀ ਕੁ ਸੰਜੀਦਗੀ ਤੇ ਸੁਹਿਰਦਤਾ ਹੈ ਇਸ ਕਲਾ ਵੱਲ। ਲੇਖਕਾਂ ਦਾ ਰਵੱਈਆ ਸਾਹਿਤ ਵੱਲ ਕਿੰਨਾ ਕੁ ਗੰਭੀਰ ਹੈ। ਕੈਨੇਡੀਅਨ ਪੰਜਾਬੀ ਕ[illegible] ਨੂੰ ਇਹ ਲੇਖਕ ਕਿਸ ਪੜਾਅ ਤੇ ਲਿਜਾਂਦੇ ਹਨ। ਇਹ ਤਾਂ ਸਿਰਫ਼ ਸਮਾਂ ਹੀ ਦਸੇਗਾ। ਪਰ ਇਸ ਸਮੇਂ ਲੇਖਕਾਂ ਨੂੰ ਉਹਨਾਂ ਦੀ ਕਹਾਣੀ ਕਲਾ ਵੱਲ ਸੁਹਿਰਦਤਾ, ਸਮੁੱਚੇ ਜੀਵਨ ਵੱਲ ਨਜ਼ਰੀਆ, ਸਿਆਸੀ ਸੇਧ ਆਦਿ ਬਾਰੇ ਜਾਣੂ ਕਰਾਉਣਾ ਆਲੋਚਕਾਂ ਦਾ ਫਰਜ਼ ਹੈ। ਅਸੀਂ ਪੰਜਾਬੀ ਜ਼ੁਬਾਨ ਦੇ ਹਰ ਆਲੋਚਕ ਤੇ ਸਿਆਣੇ ਪਾਠਕਾਂ ਦਾ ਧਿਆਨ ਇਸ ਗੱਲ ਵੱਲ ਦੁਆਣਾ ਚਾਹੁੰਦੇ ਹਾਂ ਕਿ ਇਹ ਲੇਖਕ ਇਸ ਖੇਤਰ ਵਿਚ ਨਵੇਂ ਹਨ। ਇਸ ਲਈ ਇਸ ਮੌਕੇ ਉੱਤੇ ਸੁਹਿਰਦਤਾ ਨਾਲ ਉਹਨਾਂ ਦੀਆਂ ਗਲਤੀਆਂ, ਉਹਨਾਂ ਦੀਆਂ ਕਮੀਆਂ ਤੇ ਖੂਬੀਆਂ ਦਾ ਅਹਿਸਾਸ ਕਰਾਇਆ ਜਾਣਾ ਚਾਹੀਦਾ ਹੈ।

— ਸਾਧੂ

*Your Neighbourhood Agent*

# GIFFIN INSURANCE AGENCIES LTD.

# 28th & FRASER

#205-4381 FRASER
PHONE

**SPECIALIST**
**GENERAL INSURANCE**
**HOME OWNER - BUSINESS**

ਘਰਾਂ ਦੀ ਇੰਸ਼ੋਰੈਂਸ ਦੇ ਰੇਟ ਘਟਣ ਰਹੇ ਹਨ। ਆਪਣੇ ਘਰ ਦੀ ਇੰਸ਼ੋਰੈਂਸ ਦੇ ਰੇਟ ਜਾਨਣ ਲਈ ਅੱਜ ਹੀ ਤੇਜਾ ਸਿੰਘ ਧਾਲੀਵਾਲ ਨੂੰ ਫੋਨ ਕਰੋ ਜਾਂ ਮਿਲੋ।

**24 hrs. service**
**call 522-3907 (Pager 307)**
**Leave your phone No.**
**Res 584-1596 Office: 874-4241**
**12961 92A Ave - Surrey**

## ਤੇਜਾ ਸਿੰਘ ਧਾਲੀਵਾਲ



**T S. DHALIWAL**

**OFFICE: 874-4241**

**RES: 584-1596**

---

# *John Ross Insurance Service Ltd.*

1829 WEST BROADWAY, VANCOUVER, B.C. V6J 1Y5 TELEPHONE 731-5258

# Invites you to compare these home-owners' rates to what you are now paying

| FOR ONLY $101 | FOR ONLY $138 | FOR ONLY $182 |
|---|---|---|
| $50,000 Home Owners | $75,000 Home Owners | $100,000 Home Owners |

## NOT ONLY THIS BUT FOR COMMERCIAL BUSINESS, ALSO WITH A-ONE SERVICE

*FOR COMPLETE INSURANCE — GENERAL & LIFE* Autoplan

# ਲਿੰਡਾ

**ਕੇਸਰ ਸਿੰਘ (ਨਾਵਲਿਸਟ)**

ਲਿੰਡਾ ਬੜੀ ਸ਼ਰਮਾਕਲ ਕੁੜੀ ਹੈ। ਉਸ ਦੇ ਸਿਰ ਦੇ ਵਾਲ ਬੜੇ ਉਘੜੇ ਦੁਘੜੇ ਹਨ। ਜਾਪਦੈ ਜਿਵੇਂ ਕਈ ਮਹੀਨੇ ਹੋਏ ਉਸ ਨੇ ਆਪਣੇ ਵਾਲ ਬਣਵਾਏ ਹੋਣ ਤੇ ਉਸ ਤੋਂ ਪਿਛੋਂ ਉਸ ਨੂੰ ਆਪਣੇ ਵਾਲ ਬਣਵਾਉਣ ਦੀ ਯਾਦ ਹੀ ਨਾ ਰਹੀ ਹੋਵੇ। ਉਸ ਦਾ ਬਲਾਉਜ਼ ਨਰਮੇ-ਰੰਗਾ ਤੇ ਉਸ ਵਿਚ ਕਪਾਹ ਦੀਆਂ ਬੰਦ ਡੰਡੀਆਂ, ਹਰੇ ਰੰਗੀਆਂ। ਸਕੱਰਟ ਉਸਦਾ ਗੋਡਿਆਂ ਤੋਂ ਨੀਵਾਂ, ਨਵੇਂ ਫੈਸ਼ਨ ਦੇ ਉਲਟ, ਜਦ ਕਿ ਸਕੂਲ ਦੀਆਂ ਕੁੜੀਆਂ ਤੇ ਉਸਤਾਨੀਆਂ ਵੀ ਮਿਨੀ ਸਕੱਰਟ ਪਾਈ ਫਿਰਦੀਆਂ ਹਨ ਸਕੂਲ ਵਿਚ ਵੀ। ਫਿਰ ਉਸ ਦੇ ਸਕੱਰਫ ਦਾ ਰੰਗ ਵੀ ਘਸਮੈਲਾ ਜਿਹਾ ਤੇ ਉਸ ਵਿਚ ਵੀ ਕਈ ਵਟ ਪਏ ਹੋਏ। ਉਸ ਦੀਆਂ ਨਾਇਲਨ ਦੀਆਂ ਕਣਕ-ਰੰਗੀਆਂ ਨੀਅ-ਹਾਈ ਜੁਰਾਬਾਂ ਤੇ ਪੈਰੀਂ ਕਾਲੇ ਰੰਗ ਦੇ ਕੈਨਵਸ ਸ਼ੂ।

ਨੂਨ-ਆਵਰ ਲਗਭਗ ਪੰਜਾਹ ਮਿੰਟਾਂ ਦਾ ਹੁੰਦਾ ਹੈ। ਮੁੰਡੇ ਕੁੜੀਆਂ ਛੇਤੀ ਛੇਤੀ ਘਰੋਂ ਲਿਆਂਦੀਆਂ ਸੈਂਡਵਿਚਾਂ ਤੇ ਸੇਬ ਸੰਤਰੇ ਖਾ ਕੇ ਸਟੂਡੈਂਟਸ ਯੂਨੀਅਨ ਦੀ ਨੂਨ-ਆਵਰ ਵਿਚ ਖੁਲ੍ਹੀ ਵਿਕਟ ਤੋਂ ਕੋਕਾ ਕੋਲਾ, ਪੈਪਸੀ ਕੋਲਾ ਤੇ ਰੂਟ-ਬੀਅਰ ਆਦਿ ਪੀ ਲੈਂਦੇ ਹਨ। ਜਿਨ੍ਹਾਂ ਨੇ ਘਰੋਂ ਸੈਂਡਵਿਚ ਨਹੀਂ ਲਿਆਂਦੀਆਂ ਹੁੰਦੀਆਂ ਉਹ ਹਾਟ-ਡਾਗ ਤੇ ਹੈਮਬਰਗਰ, ਯੂਨੀਅਨ ਦੀ ਵਿਕਟ ਤੋਂ ਖਰੀਦ ਲੈਂਦੇ ਹਨ। ਫਿਰ ਖਿਲਰ ਪੁਲਰ ਜਾਂਦੇ ਹਨ ਆਪੋ ਆਪਣੇ ਮਿਤਰਾਂ ਤੇ ਸਹੇਲੀਆਂ ਨਾਲ।

ਪ੍ਰਿੰਸੀਪਲ ਨੇ ਦੋ ਤਿੰਨ ਵਾਰੀ ਨੂਨ-ਆਵਰ ਵਿਚ, ਮੈਨੂੰ, ਲਿੰਡਾ ਨੂੰ ਸਕੂਲ ਦੀ ਇਕ ਨੁੱਕਰ ਵਿਚ ਇਕੱਲੇ ਖਲੋਤਿਆਂ ਵਿਖਾਇਆ ਸੀ। ਉਹ ਚਾਹੁੰਦਾ ਸੀ ਕਿ ਮੈਂ ਉਸ ਨਾਲ ਮੁਲਾਕਾਤ ਕਰਾਂ। ਉਸ ਨੇ ਦਸਿਆ ਕਿ ਲਿੰਡਾ ਲੋਨਰ ਹੈ। ਉਸ ਦਾ ਨਾ ਕੋਈ ਮਿੱਤਰ ਹੈ ਤੇ ਨਾ ਕੋਈ ਸਹੇਲੀ। ਮੈਂ ਉਸ ਨੂੰ ਦਸਿਆ ਕਿ ਤਿੰਨ ਤਰੀਕੇ ਹਨ ਉਸ ਨਾਲ ਮੁਲਾਕਾਤ ਦਾ ਰਾਹ ਲਭਣ ਦੇ। ਪਹਿਲਾ ਇਹ ਕਿ ਕੋਈ ਟੀਚਰ ਉਸ ਨੂੰ ਉਤਸ਼ਾਹ ਦੇ ਕੇ ਮੇਰੇ ਨਾਲ ਮੁਲਾਕਾਤ ਕਰਨ ਲਈ ਪਰੇਰੇ। ਦੂਜਾ ਇਹ ਕਿ ਉਹ ਆਪ ਉਸ ਦੇ ਇਕਲਾਪੇਪਣ ਦਾ ਕਾਰਨ ਲਭ ਕੇ, ਉਸ ਨੂੰ ਮੇਰੇ ਕੰਮ ਬਾਰੇ ਜਾਣਕਾਰੀ ਕਰਾਏ। ਤੀਜਾ ਤਰੀਕਾ ਇਹ ਹੈ ਕਿ ਉਹ ਆਪ ਉਤਸ਼ਾਹਤ ਹੋ ਕੇ ਆਪਣੀ ਮਰਜ਼ੀ ਨਾਲ ਮੁਲਾਕਤ ਦੀ ਸਲਿਪ ਭਰ ਕੇ ਮੇਰੀ ਸੈਕਰੇਟਰੀ ਨੂੰ ਦੇ ਦੇਵੇ ਜਾਂ ਕੌਂਸਲਿੰਗ ਬੌਕਸ ਵਿਚ ਪਾ ਦੇਵੇ।

ਪ੍ਰਿੰਸੀਪਲ ਨੇ, ਜੋ ਜਾਣਕਾਰੀ ਉਸ ਬਾਰੇ ਲਭ ਸਕੀ, ਉਸਦੀ ਇਕ ਕਾਨਫੀਡੈਂਨਸ਼ਲ ਫਾਈਲ ਬਣਾ ਕੇ ਮੇਰੇ ਦਫ਼ਤਰ ਭੇਜ ਦਿਤੀ। ਕੁਝ ਜਾਣਕਾਰੀ ਮੈਂ ਏਧਰੋਂ ਉਧਰੋਂ ਇਕੱਠੀ ਕਰ ਲਈ ਸੀ। ਦਫਤਰ ਵਿਚ ਛੇ ਸਤ ਸੈਕਰੇਟਰੀ ਕੰਮ ਕਰਦੀਆਂ ਹਨ। ਕੁਝ ਨੌਜਵਾਨ ਸੈਕਰੇਟਰੀ ਆਉਂਦੀਆਂ ਹਨ ਤੇ ਕੁਝ ਚਿਰ ਕੰਮ ਕਰ ਕੇ ਚਲੀਆਂ ਜਾਂਦੀਆਂ ਹਨ। ਮੈਰੀ ਤੇ ਐਲਿਸ ਏਥੇ ਹੀ ਜੰਮੀਆਂ ਪਲੀਆਂ ਹਨ। ਪਹਿਲੋਂ ਪੇਕਿਆਂ ਦੀਆਂ ਜ਼ਮੀਨਾਂ ਨਾਲ ਬਧੀਆਂ ਰਹੀਆਂ ਤੇ ਹੁਣ ਆਪਣੇ ਕਿਸਾਨ ਖਾਵੰਦਾਂ ਦੇ ਖੇਤਾਂ ਨਾਲ ਵਿਆਹੀਆਂ ਹੋਈਆਂ ਹਨ। ਕਈ ਸਾਲਾਂ ਤੋਂ ਇਸੇ ਦਫਤਰ ਨਾਲ ਵਿਆਹੀਆਂ ਗਈਆਂ ਹਨ। ਪੜ੍ਹੀਆਂ ਭਾਵੇਂ ਘਟ ਹਨ ਪਰ ਜਾਣ ਪਛਾਣ ਉਨ੍ਹਾਂ ਨੂੰ ਤਿੰਨਾਂ ਚੌਹਾਂ ਪੁਸ਼ਤਾਂ ਦੀ ਹੈ। ਉਨ੍ਹਾਂ ਵਿਚੋਂ ਇਕ ਦੀ ਵਾਰੀ ਹੁੰਦੀ ਹੈ, ਹਰ ਰੋਜ਼ ਦਸ ਵਜੇ ਦੀ ਕੌਫ਼ੀ ਬਣਾਉਣ ਦੀ। ਫਿਰ ਉਹ ਸੱਤਾਂ ਅੱਠਾਂ ਦਫ਼ਤਰਾਂ ਦੇ ਬੂਹਿਆਂ ਉਤੇ ਨਾਕ ਕਰ ਕੇ ਕੌਫ਼ੀ ਪੀਣ ਦਾ ਸੱਦਾ ਦੇ ਜਾਂਦੀਆਂ ਹਨ। ਫਿਰ ਸਭ ਕਾਹਿੰਦੇ ਇਕ ਹਾਲ ਵਿਚ ਇਕ ਮੇਜ਼ ਦੇ ਦੁਆਲੇ ਬਹਿ ਕੇ ਕੌਫ਼ੀ ਪੀਂਦੇ ਹਨ। ਐਲਸੀ ਤੇ ਮੈਰੀ ਦੋਹਾਂ ਦੇ ਵਡੇ ਵਡੇਰੇ ਇੰਗਲੈਂਡ ਤੋਂ ਕੈਨੇਡਾ ਆ ਕੇ ਵਸੇ ਸਨ। ਉਨ੍ਹਾਂ ਦੋਹਾਂ ਨੂੰ ਚਾਹ ਪੀਣ ਦੀ ਆਦਤ ਸੀ ਤੇ ਮੈਂ ਵੀ ਚਾਹ ਪੀਂਦਾ ਹਾਂ। ਇਸ ਚਾਹ ਦੀ ਸਾਂਝ ਕਾਰਨ ਉਹ ਕੌਫ਼ੀ-ਟਾਈਮ ਦੇ ਸਮੇਂ ਮੇਰੇ ਸਦੇ ਉਤੇ ਦੋਵੇਂ ਕਪ ਲੈ ਕੇ ਮੇਰੇ ਦਫ਼ਤਰ ਵਿਚ ਆ ਬਹਿੰਦੀਆਂ। ਪੰਦਰਾਂ ਮਿੰਟ ਹੁੰਦੇ ਹਨ ਕੌਫ਼ੀ-ਬਰੇਕ ਦੇ। ਬਸ ਕੋਈ ਗੱਲ ਛੇੜਨ ਦੀ ਲੋੜ ਹੈ ਉਹ ਟੇਪ ਵਾਂਗੂੰ ਬੋਲਣ ਲਗ ਪੈਂਦੀਆਂ ਹਨ। ਸਾਰੇ ਹਫਤੇ ਦੀਆਂ ਬੀਤੀਆਂ ਖਬਰਾਂ ਸੁਣਾ ਦੇਂਦੀਆਂ ਹਨ। ਨਾਲ ਹੀ ਅਗਲੇ ਹਫ਼ਤੇ ਵਿਚ ਬੀਤਣ ਵਾਲੀਆਂ ਘਟਨਾਵਾਂ ਬਾਰੇ ਆਪਣੀ ਰਾਏ ਦੇ ਦੇਂਦੀਆਂ ਹਨ।

ਕੋਈ ਅਜਿਹੀ ਗੱਲ ਨਹੀਂ ਸੀ ਜੋ ਉਹ ਲਿੰਡਾ ਬਾਰੇ ਨਾ ਜਾਣਦੀਆਂ ਹੋਣ। ਹੋ ਸਕਦਾ ਹੈ ਲਿੰਡਾ ਨੂੰ ਵੀ ਆਪਣੇ ਬਾਰੇ ਉਤਨਾ ਪਤਾ ਨਾ ਹੋਵੇ ਜਿਤਨਾ ਐਲਸੀ ਤੇ ਮੈਰੀ ਨੂੰ ਉਸ ਬਾਰੇ ਪਤਾ ਸੀ। ਇਹ ਠੀਕ ਵੀ ਹੋ ਸਕਦਾ ਹੈ ਕਿ ਲਿੰਡਾ ਨੂੰ ਆਪਣੇ ਬਾਰੇ ਉਤਨਾ ਪਤਾ ਨਾ ਹੋਵੇ ਜਿਤਨਾ ਮੈਰੀ ਤੇ ਐਲਸੀ ਨੂੰ ਉਸ ਬਾਰੇ ਪਤਾ ਸੀ।

ਇਕ ਦਿਨ ਮੈਰੀ ਨੇ ਮੇਰੇ ਦਫ਼ਤਰ ਦਾ ਬੂਹਾ ਨਾਕ ਕੀਤਾ ਤੇ ਕਿਹਾ, 'ਲਿੰਡਾ ਵੇਟਿੰਗ ਹਾਲ ਵਿਚ ਬੈਠੀ ਹੈ।'

ਉਸੇ ਵੇਲੇ ਉਠ ਕੇ ਮੈਂ ਬਾਹਰ ਗਿਆ। ਲਿੰਡਾ ਨੂੰ ਅੰਦਰ ਆਉਣ ਦਾ ਸੱਦਾ ਦਿਤਾ। ਉਸ ਨੇ ਇਕ ਵਾਰੀ, ਸਿਰ ਤੋਂ ਪੈਰਾਂ ਤਕ ਮੈਨੂੰ ਨਾਪਿਆ ਤੇ ਅਧ-ਮੁਤੀਆਂ ਓਦਰਾਈਆਂ ਜਿਹੀਆਂ ਅੱਖਾਂ ਫਿਰ ਨੀਵੀਆਂ ਕਰ ਲਈਆਂ। ਮੇਰਾ ਹੱਥ ਅਗੇ ਵਧਿਆ ਰਹਿ ਗਿਆ। ਉਸ ਨੇ ਮੇਰੇ ਹੱਥ ਵਲ ਧਿਆਨ ਤਕ ਨਾ ਕੀਤਾ। ਇਕ ਬਿਰਧ ਔਰਤ ਵਾਂਗੂੰ ਆਪਣੇ ਦੋਹਾਂ ਗੋਡਿਆਂ ਉਤੇ ਹੱਥ ਰਖਕੇ ਉਠਦਿਆਂ ਉਹ ਮੇਰੇ ਪਿਛੇ ਤੁਰ ਪਈ। ਦਫ਼ਤਰ ਵਿਚ ਉਹ ਪਹਿਲੋਂ ਦਾਖਲ ਹੋਈ। ਮੈਂ ਪਿਛੋਂ ਬੂਹਾ ਭੇੜਦਿਆਂ ਦਰਵਾਜ਼ੇ ਦੇ ਬਾਹਰ ਪਹਿਲੀ ਲਗੀ ਫਟੀ ਲਾਹ ਕੇ ਨਵੀਂ ਲਾ ਦਿਤੀ। ਉਸ ਉਤੇ ਲਿਖਿਆ ਹੈ, 'ਪਲੀਜ਼ ਡੋਂਟ ਨਾਕ।'

ਲਿੰਡਾ ਇਕ ਕੁਰਸੀ ਉਤੇ ਬਹਿ ਗਈ। ਮੈਂ ਆਪਣੀ ਕੁਰਸੀ ਦੇ ਪਿਛੇ ਖਲੋ ਗਿਆ। ਅਜੇ ਵੀ ਉਸ ਨੇ ਨੀਵੀਂ ਪਾਈ ਹੋਈ ਸੀ। ਅਸੀਂ ਦੋਵੇਂ ਚੁਪ ਸਾਂ। ਮੈਂ ਉਡੀਕ ਕਰ ਰਿਹਾ ਸੀ ਕਿ ਉਹ ਕੁਝ ਕਹੇ। ਉਹ ਵੀ ਸ਼ਾਇਦ ਉਡੀਕ ਕਰ ਰਹੀ ਸੀ ਕਿ ਗਲ ਮੈਂ ਸ਼ੁਰੂ ਕਰਾਂ। ਟੇਲੀਫੋਨ ਦੀ ਘੰਟੀ ਖੜਕੀ। ਮੈਰੀ ਨੇ ਕਿਹਾ, 'ਲਾਂਗ ਡਿਸਟੈਂਨਸ ਕਾਲ ਹੈ।' ਮੈਂ ਉੱਤਰ ਦਿਤਾ, 'ਟੇਪ ਕਰ ਲਵੋ।

ਮੈਂ ਵਿਹਲਾ ਹੋ ਕੇ ਕਾਲ ਕਰ ਲਵਾਂ ਗਾ।'

ਜਾਪਦੈ ਕਿ ਉਸ ਵੇਲੇ ਲਿੰਡਾ ਸੋਚਣ ਲਗੀ ਹੋਵੇਗੀ ਕਿ ਮੈਂ ਲਾਂਗ ਡਿਸਟੈਂਨਸ ਕਾਲ ਨਾਲੋਂ ਵੀ ਉਸਦੀ ਹਾਜ਼ਰੀ ਨੂੰ ਮਹੱਤਤਾ ਦੇ ਰਿਹਾ ਸਾਂ। ਉਸਨੇ ਸਿਰ ਚੁਕਿਆ। ਮੇਰੇ ਵਲ ਵੇਖਿਆ ਤੇ ਨਿਮ੍ਹੀ ਜਿਹੀ ਮੁਸਕਰਾਹਟ ਉਸ ਦੇ ਚਿਹਰੇ ਉਤੇ ਆਈ। ਮੈਂ ਅਗੇ ਹੋ ਕੇ ਹਥ ਵਧਾਇਆ। ਉਸਨੇ ਮੇਰੇ ਹੱਥ ਵਿਚ ਆਪਣਾ ਹੱਥ ਪਾ ਦਿਤਾ। ਉਸ ਦੇ ਹੱਥ ਦੀ ਨਿਘ ਨੇ ਮੇਰੇ ਦਿਲ ਦੀ ਧੜਕਣ ਤੇਜ਼ ਕਰ ਦਿਤੀ। ਉਸ ਦੀਆਂ ਗੋਰੀਆਂ ਗਲ੍ਹਾਂ ਭਖ ਉਠੀਆਂ। ਉਸਦੇ ਪਤਲੇ ਲੰਮੇ ਨਕ ਦੀ ਘੋੜੀ ਵਿਚ ਹਰਕਤ ਆ ਗਈ। ਮੈਂ ਅਜੇ ਵੀ ਉਸ ਦੇ ਹੱਥ ਵਿਚ ਹੱਥ ਪਾਇਆ ਹੋਇਆ ਸੀ। ਉਸਦਾ ਹੱਥ ਢਿਲਾ ਪੈਂਦਾ ਜਾ ਰਿਹਾ ਸੀ। ਫਿਰ ਇਕ ਦਮ ਉਸਨੇ ਮੇਰਾ ਹੱਥ ਆਪਣੇ ਸਾਰੇ ਜ਼ੋਰ ਨਾਲ ਘੁਟਿਆ। ਉਸ ਦੀ ਛਾਤੀ ਦੇ ਉਭਾਰ ਤੋਂ ਉਸਦੇ ਦਿਲ ਦੀ ਤੇਜ਼ ਹੋਈ ਧੜਕਣ ਸਪਸ਼ਟ ਦਿਸ ਰਹੀ ਸੀ।

ਮੈਂ ਉਸਦਾ ਹੱਥ ਛਡਦਿਆਂ ਕੁਰਸੀ ਉਸਦੇ ਨੇੜੇ ਕਰਕੇ ਬਹਿੰਦਿਆਂ ਮੁਸਕਰਾਉਂਦਿਆਂ ਕਿਹਾ, 'ਲਿੰਡਾ। ਮੇਰਾ ਜੀਅ ਕਰਦੈ ਮੈਂ ਵੀ ਤੇਰੇ ਵਾਂਗੂ ਜੁਆਨ ਹੋਵਾਂ ਤੂੰ ਸੁਈਟ ਸੈਵਨਟੀਨ ਹੈਂ ਨਾ।'

ਉਸ ਨੇ ਅਗੇ ਕੁਝ ਬੋਲਣ ਦਾ ਜਤਨ ਕੀਤਾ ਪਰ ਉਹ ਸਾਰਾ ਜ਼ੋਰ ਲਾਉਣ ਉਤੇ ਵੀ ਕੁਝ ਨਾ ਕਹਿ ਸਕੀ। ਮੈਂ ਭੁਲ ਗਿਆ ਸਾਂ ਕਿ ਉਹ ਹਦੋਂ ਵਧ ਸਟੱਟਰ ਕਰਦੀ ਹੈ। ਉਸ ਨੇ ਸਟੱਟਰ ਕਰ-ਦਿਆਂ ਸ਼ਬਦ ਤੋੜ ਤੋੜ ਕੇ ਕਿਹਾ, 'ਮੈਂ ਤੁਹਾਨੂੰ ਹਰ ਸੋਮਵਾਰ ਆਪਣੇ ਸਕੂਲ ਆਉਂਦਾ ਵੇਖਦੀ ਹਾਂ। ਕਈ ਮੁੰਡਿਆਂ ਕੁੜੀਆਂ ਨੂੰ ਤੁਹਾਡੇ ਨਾਲ ਖੁਲ੍ਹੀਆਂ ਗੱਲਾਂ ਕਰਦਿਆਂ ਵੇਖਦੀ ਹਾਂ। ਮੈਂ ਵੀ ਚਾਹੁੰਦੀ ਸਾਂ ਤੁਹਾਨੂੰ ਮਿਲਣਾ। ਪਰ ਮੇਰੀ ਮਾਂ ਨੇ ਮੈਨੂੰ ਮਨ੍ਹਾਂ ਕਰ ਰਖਿਆ ਹੈ ਕਿ ਮੈਂ ਕਿਸੇ ਨਾਲ ਕੋਈ ਗੱਲ ਨਾ ਕਰਾਂ।'

ਮੈਂ ਉਸ ਦੀ ਗਲ ਧਿਆਨ ਨਾਲ ਸੁਣ ਰਿਹਾ ਸਾਂ।

'ਉਹ ਸਮਝਦੀ ਹੈ ਕਿ ਮੈਂ ਕੋਈ ਬੁਆਏ-ਫਰੈਂਡ ਨਾ ਬਣਾਵਾਂ ਕਿਉਂਕਿ ਮੈਂ ਉਸ ਨਾਲ ਘਰ ਦੀਆਂ ਸਾਰੀਆਂ ਗੱਲਾਂ ਕਰ ਦਿਆਂ ਗੀ। ਨਾਲ ਹੀ ਉਹ ਕਹਿੰਦੀ ਹੈ ਕਿ ਮੈਂ ਕਿਸੇ ਟੀਚਰ, ਪ੍ਰਿੰਸੀਪਲ ਤੇ ਖਾਸ ਕਰਕੇ ਤੁਹਾਡੇ ਨਾਲ ਕੋਈ ਗੱਲ ਨਾ ਕਰਾਂ। ਇਸੇ ਕਰਕੇ ਮੈਂ ਤੁਹਾਡੇ ਨਾਲ ਗੱਲ ਕਰਨੋਂ ਵੀ ਝਿਜਕਦੀ ਰਹੀ ਹਾਂ।'

ਕਈ ਵਾਰੀ ਇਕ ਇਕ ਸ਼ਬਦ ਉਤੇ ਉਸਦੀ ਜ਼ਬਾਨ ਅੜ ਅੜ ਜਾਂਦੀ ਤੇ ਕਈ ਵਾਰੀ ਉਹ ਬਿਨਾ ਸਟੱਟਰ ਕੀਤੇ ਕਈ ਕਈ ਵਾਕ ਬਿਨਾ ਰੁਕੇ ਕਹਿ ਜਾਂਦੀ। ਉਸਨੇ ਮੇਰਾ ਸਾਰਾ ਧਿਆਨ ਆਪਣੇ ਵਲ ਲੱਗਾ ਵੇਖ ਕੇ ਗੱਲ ਜਾਰੀ ਰਖੀ।

'ਸੂਜ਼ਨ ਨੇ ਮੈਨੂੰ ਹੌਂਸਲਾ ਦਿਤਾ ਹੈ, ਤੁਹਾਡੇ ਨਾਲ ਗੱਲ ਕਰਨ ਲਈ। ਉਹ ਕਹਿੰਦੀ ਹੈ ਕਿ ਉਹ ਸ਼ਹਿਰ ਗਈਆਂ ਸਨ, ਇਕ ਐਜੂਕੇਸ਼ਨਲ ਟਰਿਪ ਉਤੇ। ਨੂਨ ਆਵਰ ਵੇਲੇ ਮਿਸਜ਼ ਸਮਿਥ ਨੇ ਕੁੜੀਆਂ ਨੂੰ ਪੌਣੇ ਘੰਟੇ ਦੀ ਖਾਣੇ ਲਈ ਛੁਟੀ ਦੇ ਦਿਤੀ। ਉਨ੍ਹਾਂ ਵਿਚੋਂ ਦੋ ਕੁੜੀਆਂ ਕੈਥੀ ਤੇ ਕੈਰਨ ਇਕ ਸਟੋਰ ਵਿਚ ਸ਼ਾਪਲਿਫਟਿੰਗ ਕਰਦੀਆਂ ਫੜ੍ਹੀਆਂ ਗਈਆਂ। ਤੇ ਤੁਸੀਂ ਉਹਨਾਂ ਨੂੰ ਛੁਡਾ ਲਿਆਂਦਾ ਹੈ। ਨਾਲੇ ਤੁਸੀਂ ਉਹਨਾਂ ਦੇ ਪੇਰੈਂਟਜ਼ ਨਾਲ ਵੀ ਗੱਲਬਾਤ ਕਰ ਕੇ ਸਾਰੀ ਗੱਲ ਠਪ ਦਿਤੀ ਹੈ। ਇਸ ਗੱਲ ਦਾ ਸਭ ਮੁੰਡਿਆਂ ਕੁੜੀਆਂ ਨੂੰ ਪਤਾ ਹੈ। ਪਿੰਡ ਦੇ ਪੇਰੈਂਟਜ਼ ਨੂੰ ਵੀ ਪਤਾ ਹੈ, ਪਰ ਇਕ ਗੱਲ ਕੁਝ ਚੋਣਵੀਆਂ ਕੁੜੀਆਂ ਨੂੰ ਹੀ ਪਤਾ ਹੈ ਕਿ ਕੈਥੀ ਤੇ ਕੈਰਨ ਨੇ ਲਿਪ-ਸਟਿਕ, ਨੇਲ ਪਾਲਸ਼, ਆਈ-ਲੈਸ਼ਜ਼ ਤੇ ਆਈ ਬਰੋ ਪੈਨਸਲਜ਼ ਆਦਿ ਚੀਜ਼ਾਂ ਚੁਰਾਈਆਂ ਸਨ ਤੇ ਹੁਣ ਉਹਨਾਂ ਨੇ ਪ੍ਰਣ ਕਰ ਲਿਆ ਹੈ ਕਿ ਜਦ ਤਕ ਉਹ ਆਪਣੀ ਗਰੇਡ ਟਵੈਲਵ ਐਜੂਕੇਸਨ ਪੂਰੀ ਨਹੀਂ ਕਰ ਲੈਂਦੀਆਂ ਇਨ੍ਹਾਂ ਚੀਜ਼ਾਂ ਦੀ ਵਰਤੋਂ ਨਹੀਂ ਕਰਨ ਗੀਆਂ।'

ਮੈਂ ਆਪਣੇ ਦੋਹਾਂ ਹੱਥਾਂ ਦੇ ਠੁਮ੍ਹਣੇ ਉਤੇ ਠੋਡੀ ਰਖ ਕੇ ਉਸ ਦੀਆਂ ਗੱਲਾਂ ਸੁਣ ਰਿਹਾ ਸਾਂ।

ਉਹ ਗੱਲ ਕਰਦੀ ਕਰਦੀ ਰੁਕ ਗਈ। ਮੇਰੀਆਂ ਅੱਖਾਂ ਵਿਚ ਆਪਣੀਆਂ ਅਲਸਾਈਆਂ ਜਿਹੀਆਂ ਅੱਖਾਂ ਪਾ ਕੇ ਤਕਣ ਲਗੀ। ਮੈਂ ਬਿਨਾ ਦਖਲ ਦਿਤੇ ਉਸ ਦੀ ਗੱਲ ਸੁਣਨੀ ਚਾਹੁੰਦਾ ਸਾਂ, ਪਰ ਮੈਨੂੰ ਜਾਪਿਆ ਕਿ ਉਹ ਮੇਰੇ ਵਲੋਂ ਕਿਸੇ ਹੰਗੂਰੇ ਦੀ ਉਡੀਕ ਵਿਚ ਸੀ। ਮੈਂ ਸੋਚਣ ਲਗਾ ਕਿ ਕਿਵੇਂ ਹੰਗੂਰਾ ਭਰਾਂ। ਕੋਈ ਸੁਆਲ ਮੈਂ ਕਰਨਾ ਨਹੀਂ ਸੀ ਚਾਹੁੰਦਾ, ਪਤਾ ਨਹੀਂ ਉਹ ਮੇਰੀ ਕਿਹੜੀ ਗੱਲ ਉਤੇ ਖੁਲ੍ਹ ਕੇ ਬੋਲਣੋਂ ਰੁਕ ਜਾਏ ਤੇ ਜੋ ਗੱਲ ਕਰਨ ਆਈ ਹੈ ਉਹ ਆਪਣੀ ਛਾਤੀ ਵਿਚ ਛੁਪਾ ਕੇ ਹੀ ਵਾਪਸ ਚਲੀ ਜਾਏ।

'ਲਿੰਡਾ। ਚੋਰੀ ਕਰਕੇ ਫੈਸ਼ਨ ਕਰਨ ਵਾਲੀਆਂ ਕੁੜੀਆਂ ਨਾਲੋਂ ਤਾਂ ਤੇਰੇ ਵਰਗੀਆਂ ਸਾਦੀਆਂ ਕੁੜੀਆਂ ਚੰਗੀਆਂ ਲਗਦੀਆਂ ਹਨ ਮੈਨੂੰ।'

ਇਹ ਗੱਲ ਕਹਿੰਦਿਆਂ ਹੀ ਝਟ ਮੈਨੂੰ ਖਿਆਲ ਆ ਗਿਆ ਕਿ ਮੈਂ ਉਸ ਨੂੰ ਇਕ ਸਾਦੀ ਕੁੜੀ ਕਹਿ ਦਿਤਾ ਹੈ। ਸ਼ਾਇਦ ਉਸਨੂੰ ਮੇਰੀ ਇਹ ਗੱਲ ਚੰਗੀ ਨਾ ਲੱਗੇ। ਇਸੇ ਸੋਚ ਵਿਚ ਮੈਂ ਚੁਪ ਉਸ ਵਲ ਤਕ ਰਿਹਾ ਸਾਂ। ਉਹ ਨੀਵੀਂ ਪਾ ਕੇ, ਸ਼ਾਇਦ ਮੇਰੀ ਕਹੀ ਗੱਲ ਨੂੰ ਅਪਣਾਉਣ ਜਾਂ ਠੁਕਰਾਉਣ ਲਈ ਮਨ ਬਣਾ ਰਹੀ ਸੀ।

'ਮੁੰਡੇ ਤਾਂ ਚੁਲਬੁਲੀਆਂ ਕੁੜੀਆਂ ਦੇ ਹੀ ਪਿਛੇ ਲਗਦੇ ਹਨ। ਮੇਰੀ ਸਾਦਗੀ ਹੀ ਤਾਂ ਮੇਰਾ ਗੁਨਾਹ ਹੈ। ਮੇਰੇ ਹਾਣ ਦਾ ਕੋਈ ਮੁੰਡਾ ਮੇਰੇ ਨਾਲ ਗੱਲ ਕਰਕੇ ਖੁਸ਼ ਨਹੀਂ।'

ਫਿਰ ਉਸ ਨੇ ਜ਼ਰਾ ਰੌਂਹ ਵਿਚ ਆ ਕੇ ਕਿਹਾ, 'ਮੇਰੀ ਮਾਂ ਵੀ ਨਹੀਂ ਚਾਹੁੰਦੀ ਕਿ ਮੈਂ ਕਿਸੇ ਮੁੰਡੇ ਨਾਲ ਦੋਸਤੀ ਪਾਵਾਂ।'

ਮੈਂ ਦਖਲ ਨਹੀਂ ਸੀ ਦੇਣਾ ਚਾਹੁੰਦਾ ਪਰ ਬੇਕਾਬੂ ਮੇਰੇ ਮੂੰਹੋਂ ਨਿਕਲ ਗਿਆ, 'ਕਿਉਂ ?'

ਮੇਰਾ ਸੁਆਲ ਸੁਣ ਕੇ ਉਸ ਦਾ ਸਾਰਾ ਚਿਹਰਾ ਭਖ ਉਠਿਆ। ਉਸ ਦੀਆਂ ਅਲਸਾਈਆਂ ਅੱਖਾਂ ਵਿਚ ਚਮਕ ਆ ਗਈ। ਮੈਂ ਸੋਚਣ ਲਗਾ ਕਿ ਸ਼ਾਇਦ ਉਹ ਮੇਰੇ ਇਸੇ ਸੁਆਲ ਦੀ ਉਡੀਕ ਵਿਚ ਹੋਵੇ।

'ਉਹ ਸਮਝਦੀ ਹੈ ਕਿ ਜੋ ਗ਼ਲਤੀ ਉਸ ਨੇ ਆਪ ਕੀਤੀ ਸੀ ਕਿਧਰੇ ਮੈਂ ਵੀ ਉਹੀ ਗ਼ਲਤੀ ਨਾ ਕਰ ਬੈਠਾਂ।'

ਇਹ ਕਹਿ ਕੇ ਉਹ ਇਕਦਮ ਚੁਪ ਹੋ ਗਈ। ਮੈਨੂੰ ਜਾਪਿਆ ਕਿ ਉਹ ਹੁਣ ਫਿਰ ਮੇਰੇ ਸੁਆਲ ਦੀ ਉਡੀਕ ਵਿਚ ਹੈ ਕਿ 'ਕਿਹੜੀ ਗ਼ਲਤੀ ?' ਪਰ ਮੈਂ ਧੀਰਜ ਕਰਕੇ ਮੂੰਹ ਬੰਦ ਕਰੀ ਰਖਿਆ। ਹੁਣ ਉਸਦੀਆਂ ਅੱਖਾਂ ਵਿਚ ਇਕ ਤੇਜ਼ ਸੀ। ਉਸਦੇ ਨਰਮੇ-ਰੰਗੇ ਬਲਾਊਜ਼ ਵਿਚ ਕਪਾਹ ਦੀਆਂ ਹਰੇ ਰੰਗੀਆਂ ਬੰਦ ਡੋਡੀਆਂ, ਮੇਰੀ ਕਲਪਨਾ ਵਿਚ ਖੁਲ੍ਹ ਰਹੀਆਂ ਸਨ। ਉਸ ਦਾ ਸਾਹ ਤੇਜ਼ ਹੋ ਗਿਆ। ਉਹ ਫੁਟਦੀ ਕਪਾਹ ਵਾਂਗੂ ਫੁਟ ਪਈ।

'ਮੇਰੀ ਮਾਂ ਸਮਝਦੀ ਹੈ ਕਿ ਉਹ ਸੋਲਾਂ ਸਤਾਰਾਂ ਵਰ੍ਹਿਆਂ ਦੀ ਅਣਜਾਣ ਉਮਰ ਵਿਚ ਹੀ ਪ੍ਰੈਗਨੈਂਟ ਹੋ ਗਈ ਸੀ ਤੇ ਕਿਧਰੇ ਮੈਂ ਵੀ ਉਹੋ ਗ਼ਲਤੀ ਨਾ ਕਰ ਬੈਠਾਂ। ਉਸ ਦੀ ਗ਼ਲਤੀ ਦਾ ਨਤੀਜਾ ਹੈ ਕਿ ਲੋਕ ਮੈਨੂੰ ਇਲਲਿਜਟੀਮੇਟ ਕਹਿੰਦੇ ਹਨ। ਉਸ ਦੀਆਂ ਗ਼ਲ-

ਤੀਆਂ ਦੇ ਨਤੀਜੇ ਮੈਨੂੰ ਭੁਗਤਣੇ ਪੈ ਰਹੇ ਹਨ। ਮੇਰੇ ਪਾਸ ਕਪੜਿਆਂ ਦੇ ਦੋ ਤਿੰਨ ਜੋੜੇ ਹਨ। ਸਾਰਾ ਸਾਲ ਮੈਂ ਉਨ੍ਹਾਂ ਕਪੜਿਆਂ ਵਿਚ ਹੀ ਗੁਜ਼ਾਰ ਦੇਂਦੀ ਹਾਂ। ਮੇਰੀ ਨਿੱਕੀ ਭੈਣ ਹਰ ਰੋਜ਼ ਨਵਾਂ ਜੋੜਾ ਪਾਉਂਦੀ ਹੈ। ਮੇਰਾ ਨਿਕਾ ਭਰਾ ਜਿਸ ਖਿਡੌਣੇ ਨੂੰ ਹੱਥ ਪਾਉਂਦਾ ਹੈ ਉਸ ਨੂੰ ਲੈ ਕੇ ਦਿਤਾ ਜਾਂਦਾ ਹੈ। ਮੇਰਾ ਮਤਰੇਆ ਪਿਓ ਮੇਰੀ ਕਿਸੇ ਗੱਲ ਵਿਚ ਦਿਲਚਸਪੀ ਨਹੀਂ ਰਖਦਾ। ਮੇਰੀ ਮਾਂ ਮੇਰੇ ਨਾਲ ਹਦੋਂ ਵਧ ਬੁਰਾ ਸਲੂਕ ਕਰਦੀ ਹੈ। ਜਦ ਕਿਸੇ ਗੱਲੋਂ ਖਿਝ ਜਾਂਦੀ ਹੈ ਤਾਂ ਉਹ ਮੈਨੂੰ ਹੀ ਆਪਣੀਆਂ ਸਾਰੀਆਂ ਬਦਕਿਸਮਤੀਆਂ ਦਾ ਕਾਰਨ ਸਮਝਦੀ ਹੈ। ਉਹ ਮੈਨੂੰ ਵੇਖਣਾ ਤਕ ਨਹੀਂ ਮੰਗਦੀ। ਮੇਰੀ ਨਾਨੀ ਨੇ ਇਕ ਰਾਤ ਮੈਨੂੰ ਆਪਣੇ ਨਾਲ ਸੁਆ ਕੇ, ਮੇਰੀ ਮਾਂ ਦੀਆਂ ਸਾਰੀਆਂ ਕਰਤੂਤਾਂ ਦਸੀਆਂ ਸਨ। ਉਹ ਮੇਰੀ ਨਾਨੀ ਦੇ ਆਖੇ ਕਦੇ ਨਹੀਂ ਸੀ ਲਗੀ।'

ਲਿੰਡਾ ਇਹ ਸਾਰੀਆਂ ਗੱਲਾਂ ਰੁਕ ਰੁਕ ਕੇ ਕਹਿ ਰਹੀ ਸੀ। ਮੈਂ ਮੇਜ਼ ਉਤੇ ਪਈ ਸੁਰਾਹੀ ਵਿਚੋਂ ਦੋਹਾਂ ਗਲਾਸਾਂ ਵਿਚ ਪਾਣੀ ਪਾਇਆ। ਇਕ ਗਲਾਸ ਉਸ ਦੇ ਸਾਹਮਣੇ ਰਖ ਦਿਤਾ।

'ਥੈਂਕ ਯੂ', ਕਹਿ ਕੇ ਉਸ ਨੇ ਦੋ ਘੁਟ ਪਾਣੀ ਪੀਤਾ ਤੇ ਗਲਾਸ ਮੇਜ਼ ਉੱਤੇ ਰਖਦਿਆਂ ਹੀ ਬੋਲ ਉਠੀ, 'ਸਾਰਾ ਪਿੰਡ, ਸਾਰਾ ਸਕੂਲ, ਸਾਰਾ ਆਲਾ ਦੁਆਲਾ ਜਾਣਦਾ ਹੈ ਕਿ ਮੈਂ ਅਣਵਿਆਹੀ ਮਾਂ ਦੀ ਇਲਲਿਜਟੀਮਿਟ ਧੀ ਹਾਂ। ਇਸ ਵਿਚ ਮੇਰਾ ਕੀ ਕਸੂਰ ਹੈ?'

ਮੇਰੇ ਮੂੰਹੋਂ ਸੁਭਾਵਕ ਹੀ ਨਿਕਲ ਗਿਆ, 'ਲਿੰਡਾ। ਇਲਲਿ-ਜਟੀਮੇਟ ਤਾਂ ਉਹ ਅਣਵਿਆਹੇ ਮਾਂ ਪਿਓ ਹਨ ਜਿਨ੍ਹਾਂ ਨੇ...'

ਉਸ ਨੇ ਮੈਨੂੰ ਗੱਲ ਪੂਰੀ ਨਾ ਕਰਨ ਦਿਤੀ ਤੇ ਹੌਲੀ ਜਿਹੀ ਬੋਲੀ, 'ਜਿਸ ਕੰਮ ਲਈ ਮੈਂ ਤੁਹਾਡੇ ਕੋਲ ਆਈ ਹਾਂ ਉਸ ਉਤੇ ਵਿਚਾਰ ਕਰਨ ਲਈ ਮੈਂ ਹੁਣ ਬਿਲਕੁਲ ਤਿਆਰ ਹਾਂ।'

ਮੈਂ 'ਹੂੰ' ਕਹਿ ਕੇ ਹੁੰਗਾਰਾ ਭਰਿਆ।

ਤੁਸੀਂ ਇਸ ਕੰਮ ਵਿਚ ਮੇਰੀ ਕਾਫ਼ੀ ਮਦਦ ਕਰ ਸਕਦੇ ਹੋ। ਤੁਹਾਡੇ ਕੋਲ ਬਹੁਤ ਜ਼ਰੀਏ ਹਨ, ਪਤਾ ਕਰਨ ਦੇ।'

ਫਿਰ ਉਸਨੇ ਅਤਿ ਗੰਭੀਰ ਅੰਦਾਜ਼ ਵਿਚ ਕਿਹਾ, 'ਮੇਰਾ ਅਸਲੀ ਪਿਓ ਇਸੇ ਇਲਾਕੇ ਵਿਚ ਕਿਧਰੇ ਰਹਿੰਦਾ ਹੈ। ਤੁਸੀਂ ਲਭ ਕੇ ਦੱਸੋ ਕਿ ਮੇਰਾ ਅਸਲੀ ਪਿਓ ਕੌਣ ਹੈ। ਮੈਂ ਉਸ ਨੂੰ ਮਿਲਣਾ ਚਾਹੁੰਦੀ ਹਾਂ। ਮੈਨੂੰ ਮਾਂ ਦਾ ਪਿਆਰ ਨਹੀਂ ਮਿਲਿਆ। ਸ਼ਾਇਦ ਮੈਨੂੰ ਉਸ ਪਾਸੋਂ ਪਿਓ ਦਾ ਪਿਆਰ ਪਰਾਪਤ ਹੋ ਸਕੇ।'

ਮੈਂ ਉਸ ਦੀ ਤਜਵੀਜ਼ ਉੱਤੇ ਮਨ ਹੀ ਮਨ ਵਿਚ ਹੱਸਿਆ ਪਰ ਉਤੋਂ ਗੰਭੀਰਤਾ ਨਾ ਛਡੀ।

'ਜੇ ਇਹ ਗੱਲ ਹੈ ਤਾਂ ਉਸ ਨੂੰ ਵੀ ਤਾਂ ਪਤਾ ਹੋਵੇ ਗਾ ਕਿ ਤੂੰ ਉਸ ਦੀ ਧੀ ਹੈਂ। ਜੇ ਉਸ ਨੂੰ ਖਿਚ ਹੁੰਦੀ ਤਾਂ ਉਹ ਵੀ ਤੈਨੂੰ ਮਿਲ ਸਕਦਾ ਸੀ। ਜੇ ਉਸ ਨੂੰ ਖਿਚ ਨਹੀਂ ਤਾਂ ਅਜਿਹੇ ਪਿਓ ਤੋਂ ਤੈਨੂੰ ਪਿਓ-ਪਿਆਰ ਦੀ ਆਸ ਕਿਵੇਂ ਹੋ ਸਕਦੀ ਹੈ? ਮੈਨੂੰ ਤਾਂ ਤੇਰੇ ਅਸਲੀ ਪਿਓ ਦੀ ਭਾਲ ਕਰਨ ਦਾ ਕੋਈ ਫਾਇਦਾ ਨਹੀਂ ਦਿਸਦਾ। ਜੇ ਲੱਭ ਵੀ ਪਵੇ ਤਾਂ ਹੋ ਸਕਦਾ ਹੈ ਉਸਨੇ ਵਿਆਹ ਕਰਵਾ ਕੇ ਦੋ ਤਿੰਨ ਬੱਚੇ ਪੈਦਾ ਕਰ ਲਏ ਹੋਣ। ਉਹ ਤੈਨੂੰ ਕਿਵੇਂ ਐਕਸੈਪਟ ਕਰੇਗਾ? ਉਸਦੀ ਵਹੁਟੀ ਤੈਨੂੰ ਕਿਵੇਂ ਐਕਸੈਪਟ ਕਰੇਗੀ? ਉਸਦੇ ਬੱਚੇ ਤੇਰੇ ਨਾਲ ਕੀ ਸਲੂਕ ਕਰਨ ਗੇ?'

ਮੇਰੀਆਂ ਗੱਲਾਂ ਸੁਣ ਕੇ ਉਸ ਦੇ ਚਿਹਰੇ ਦਾ ਤੇਜ਼ ਵਧ ਰਿਹਾ ਸੀ। ਉਹ ਝਟ ਕੜਕ ਪਈ, 'ਮੈਂ ਉਸਨੂੰ ਸਟੈਬ ਤਾਂ ਕਰ ਸਕਾਂਗੀ।' ਤੇ ਨਾਲ ਹੀ ਉਹ ਆਪਣਾ ਚਿਹਰਾ ਦੋਹਾਂ ਹੱਥਾਂ ਵਿਚ ਲੈ ਕੇ ਨੀਵੀਂ ਪਾ ਕੇ ਡੁਸਕਣ ਲਗ ਪਈ।

ਸਾਡੀ ਪਹਿਲੀ ਮੁਲਾਕਾਤ ਇਸ ਤਰ੍ਹਾਂ ਮੁੱਕੀ। ਫਿਰ ਉਹ ਪੰਜ ਛੇ ਹੋਰ ਮੁਲਾਕਾਤਾਂ ਲਈ ਆਈ। ਇਕ ਮੁਲਾਕਾਤ ਵਿਚ ਉਸ ਨੇ ਦਸਿਆ ਕਿ ਉਸ ਦੇ ਅਸਲੀ ਪਿਓ ਦੀ ਭਾਲ ਕਰਨੀ ਐਵੇਂ ਹਵਾ ਵਿਚ ਲਤਾਂ ਮਾਰਨ ਵਾਲੀ ਗੱਲ ਹੈ ਕਿਉਂਕਿ ਉਸ ਦੀ ਨਾਨੀ ਨੇ ਉਸਨੂੰ ਦਸ ਦਿਤਾ ਸੀ ਕਿ ਉਸ ਦੀ ਮਾਂ ਨੂੰ ਆਪ ਵੀ ਪਤਾ ਨਹੀਂ ਸੀ ਕਿ ਉਸ ਦਾ ਪਿਓ ਕੌਣ ਸੀ। ਕਿਉਂਕਿ ਉਹ ਮੁੰਡਿਆਂ ਦੇ ਪ੍ਰੇਮ-ਝੰਬੇਲੇ ਵਿਚ ਫਸੀ, ਕਈ ਮੁੰਡਿਆਂ ਨਾਲ ਤੁਰੀ ਫਿਰਦੀ ਰਹੀ ਸੀ।' ਨਾਨੀ ਕਹਿੰਦੀ ਹੈ ਕਿ ਉਸ ਦੇ ਸਿਰ ਉਤੇ ਇਕ ਕਿਸਮ ਦਾ ਭੂਤ ਸਵਾਰ ਸੀ। ਉਹ ਸਭ ਹਵਾ ਬੰਨੇ ਟੱਪ ਗਈ ਸੀ। ਇਸ ਕਰ ਕੇ ਉਸ ਨੂੰ ਇਕ ਅਨਪੜ੍ਹ ਤੇ ਦਸ ਸਾਲ ਵਡੇ ਕਿਸਾਨ ਨਾਲ ਵਿਆਹ ਕਰਨਾ ਪਿਆ ਜੋ ਕਿਸੇ ਹੋਰ ਕਿਸਾਨ ਦੀ ਕਿਸਾਨੀ ਵਿਚ ਮਦਦ ਕਰ ਕੇ ਡੰਗ ਟਪਾਂਦਾ ਸੀ। ਆਪ ਉਹ ਦਸ ਜਮਾਤਾਂ ਪਾਸ ਸੀ।'

ਇਕ ਹੋਰ ਮੁਲਾਕਾਤ ਵੇਲੇ ਉਹ ਆਈ ਤਾਂ ਉਸ ਦਾ ਰੰਗ ਢੰਗ ਹੀ ਹੋਰ ਸੀ। ਉਸਦੇ ਕਪੜੇ ਸਾਦੇ ਪਰ ਸਾਫ ਸੁਥਰੇ ਸਨ। ਉਸ ਦੇ ਵਾਲਾਂ ਦੀ ਬਣਤਰ ਹੀ ਹੋਰ ਸੀ। ਹੁਣ ਓਹ ਸਾਰੇ ਸਕੂਲ ਦੀਆਂ ਕੁੜੀਆਂ ਤੋਂ ਵਖਰੀ ਵਖਰੀ ਨਹੀਂ ਸੀ ਜਾਪਦੀ। ਉਸਨੇ ਆਪਣਾ ਵਖਰਾਪਨ ਗੁਆ ਲਿਆ ਸੀ। ਉਹ ਸਿਆਣੀ ਜਾਪਦੀ ਸੀ। ਨਾਲ ਹੀ ਨਾਲ ਉਸ ਵਿਚ ਕੁਝ ਚੰਚਲਤਾ ਵੀ ਆਈ ਦਿਸ ਰਹੀ ਸੀ। ਉਹ ਆਪ ਕੁੜੀਆਂ ਵਿਚੋਂ ਇਕ ਜਾਪਣ ਲਗ ਪਈ ਸੀ। ਉਸਨੇ ਆਪਣੀ ਮਾਂ ਦੇ ਪਾਸਟ ਨੂੰ ਭੁਲਾਣਾ ਸ਼ੁਰੂ ਕਰ ਦਿਤਾ। ਪਿਓ ਦੀ ਭਾਲ ਕਰਨ ਦਾ ਖਿਆਲ ਛਡ ਦਿਤਾ। ਉਹ ਅਸਲੀਅਤ ਨੂੰ ਐਕਸੈਪਟ ਕਰਨ ਲਗ ਪਈ। ਉਸ ਦੇ ਮਨ ਵਿਚੋਂ ਗਿਲਟ ਤੇ ਇਨਫੀਰਆਰਟੀ ਫੀਲਿੰਗਜ਼ ਗੁੰਮ ਹੁੰਦੀਆ ਜਾਪ ਰਹੀਆਂ ਸਨ। ਜਾਪਦਾ ਹੈ ਉਸ ਨੇ ਮੁਲਾਕਾਤਾਂ ਵਿਚ ਹੋਈਆਂ ਵਿਚਾਰਾਂ ਵਿਚੋਂ ਆਪਣੀ ਅਸਲੀਅਤ ਤੇ ਆਪਣੇ ਭਵਿਖ ਨੂੰ ਲਭ ਲਿਆ ਸੀ। ਉਹ ਮੁੰਡਿਆਂ ਕੁੜੀਆਂ ਨਾਲ ਹਸਦੀ ਖੇਡਦੀ। ਖੇਡਾਂ ਵਿਚ ਹਿੱਸਾ ਲੈਂਦੀ। ਇਕ ਡਰਾਮੇ ਵਿਚ ਉਸ ਨੇ ਇਕ ਮੁੰਡੇ ਦਾ ਪਾਰਟ ਕੀਤਾ ਜੋ ਹਰ ਕੁੜੀ ਨਾਲ ਸੱਚਾ ਪ੍ਰੇਮ ਕਰਨ ਦਾ ਵਾਇਦਾ ਕਰਦਾ ਸੀ। ਉਸਨੇ ਆਪਣੀ ਸਟੱਟਰ ਕਰਨ ਦੀ ਆਦਤ ਨੂੰ ਵਰਤ ਕੇ ਉਸ ਮੁੰਡੇ ਦੇ ਚਾਲ ਚਲਨ ਦਾ ਜਨਾਜ਼ਾ ਕੱਢ ਦਿਤਾ।

ਫਿਰ ਉਹ ਇਕ ਮੁਲਾਕਾਤ ਲਈ ਆਈ। ਉਹ ਗਰੇਡ ਟਵੈਲਵ ਦਾ ਇਮਤਿਹਾਨ ਦੇ ਚੁਕੀ ਸੀ। ਲੀਗਲ ਸੈਕਰੇਟਰੀ ਦੇ ਕੋਰਸ ਲਈ ਉਸ ਨੇ ਦਰਖਾਸਤ ਦਿੱਤੀ ਹੋਈ ਸੀ। ਇਸ ਦੁਆਲੇ ਕੋਰਸ ਲਈ ਉਸ ਨੂੰ ਸ਼ਹਿਰ ਵਿਚ ਰਹਿ ਕੇ ਪੜ੍ਹਨ ਲਈ ਪੰਦਰਾਂ ਸੌ ਡਾਲਰ ਸਾਲ ਦੇ ਚਾਹੀਦੇ ਸਨ। ਉਸ ਦੀ ਵਿਦਿਅਕ ਮਹਿਕਮੇ ਵਲੋਂ ਮਿਲਦੀ ਮਾਇਕ ਮਦਦ ਤੇ ਕਰਜ਼ੇ ਲਈ ਮੇਰੇ ਸਾਹਮਣੇ ਬੈਠ ਕੇ ਦਰਖਾਸਤ ਭਰੀ। ਉਸ ਦੇ ਚਿਹਰੇ ਉਤੇ ਖੇੜਾ ਸੀ। ਉਸ ਨੇ ਕੁਰਸੀ ਦੀ ਪਿਠ ਨਾਲ ਢੋਆ ਲਾ ਕੇ ਰੀਲੈਕਸ ਹੁੰਦਿਆਂ ਕਿਹਾ, 'ਮਾਂ ਦੀਆਂ ਗਲਤੀਆਂ ਲਈ ਮੈਂ ਉਸ ਨੂੰ ਕੋਸਣਾ ਭੁਲ ਗਈ ਹਾਂ। ਮੈਂ ਆਪਣੇ ਉਤੇ ਗੁਸੇ ਹੋਣਾ ਤੇ ਤਰਸ ਕਰਨਾ ਛਡ ਦਿੱਤਾ ਹੈ। ਮੇਰੇ ਮਤਰੇਏ ਪਿਓ ਵਿਚੋਂ ਮੈਨੂੰ ਆਪਣਾ ਪਿਓ ਲਭਣਾ ਸ਼ੁਰੂ ਹੋ ਗਿਆ ਹੈ। ਮੇਰੀ ਨਿਕੀ ਭੈਣ ਤੇ ਨਿਕਾ ਭਰਾ ਮੇਰੇ ਸ਼ਹਿਰ ਚਲੇ ਜਾਣ ਦੀ ਗੱਲ ਸੁਣ ਕੇ ਰੋਂਦੇ ਨਹੀਂ ਹਟਦੇ। ਮੈਨੂੰ ਜਦ ਮੇਰਾ

ਆਪਣਾ ਘਰ, ਪਹਿਲੀ ਵਾਰੀ ਆਪਣਾ ਜਾਪਣਾ ਸ਼ੁਰੂ ਹੋਇਆ ਹੈ, ਮੈਂ ਉਚ ਵਿਦਿਆ ਲਈ ਆਪਣੇ ਘਰ ਨੂੰ ਛਡਣ ਲਈ ਮਜਬੂਰ ਹੋ ਰਹੀ ਹਾਂ ।'

ਇਹ ਕਹਿੰਦਿਆਂ ਉਸ ਦੇ ਚਿਹਰੇ ਉਤੇ ਖ਼ੁਸ਼ੀ ਤੇ ਉਦਾਸੀ ਦੇ ਦੋਵੇਂ ਪਰਭਾਵ ਉਭਰ ਰਹੇ ਸਨ ।

ਉਹ ਉਠ ਖਲੋਤੀ । ਮੈਂ ਅਗੇ ਹੋ ਕੇ ਹਥ ਮਿਲਾਂਦਿਆਂ ਉਸ ਨੂੰ ਕਿਹਾ, 'ਲਿੰਡਾ ਮੈਂ ਵੀ ਤੇਰੇ ਹਾਣ ਦਾ ਹੁੰਦਾ ਤਾਂ ਤੈਨੂੰ ਡੇਟ ਲਈ ਕਹਿੰਦਾ ।'

ਉਸ ਨੇ ਮੇਰਾ ਹਥ ਸਾਰੇ ਜ਼ੋਰ ਨਾਲ ਘੁਟਦਿਆਂ ਕਿਹਾ, 'ਸੋ ਮਚ ਥੈਂਕ ਯੂ ।'

ਜਦ ਅਸੀਂ ਬਾਹਰ ਨਿਕਲੇ ਤਾਂ ਲੋਕਲ ਬੈਂਕ ਮੈਨੇਜਰ ਦਾ ਪੁਤਰ ਨਾਰਮਨ, ਲਿੰਡਾ ਦੀ ਉਡੀਕ ਵਿਚ ਖੜਾ ਸੀ । ਉਹ ਲਿੰਡਾ ਦਾ ਜਮਾਤੀ ਸੀ । ਉਹ ਬਾਹਰ ਨਿਕਲਦੀ ਹੀ ਮਟਕ ਮਟਕ ਗੱਲਾਂ ਮਾਰਨ ਲਗੀ । ਉਸ ਨੂੰ ਯਾਦ ਵੀ ਨਹੀਂ ਸੀ ਕਿ ਉਹ ਕਿੰਨਾ ਸਟੱਟਰ ਕਰਦੀ ਸੀ । o

(VANCOUVER, B.C.)

## ਪਾਠਕਾਂ ਦੇ ਨਾਂ

* ਜਦੋਂ ਤੁਹਾਡਾ ਪਤਾ ਬਦਲੇ; ਆਪਣਾ ਨਵਾਂ ਪਤਾ, ਫੋਨ ਨੰ: ਤੇ ਚਿਟ ਨੰ: (ਜੋ ਤੁਹਾਡੇ ਐਡਰੈੱਸ ਤੇ ਦਰਜ ਕੀਤਾ ਹੁੰਦਾ ਹੈ) ਜਲਦੀ ਸਾਨੂੰ ਭੇਜੋ ।
* ਕਿਸੇ ਮਹੀਨੇ ਪਰਚਾ ਨਾ ਮਿਲੇ, ਸਾਨੂੰ ਸੂਚਿਤ ਕਰੋ।
* ਡਾਕ-ਪ੍ਰਬੰਧ 'ਚ ਤੇਜ਼ੀ ਲਈ ਆਪਣਾ ਕੋਡ ਨੰਬਰ ਸਾਨੂੰ ਲਿਖਣਾ ਨਾ ਭੁੱਲੋ!


ਡੈਲਟਾ ਵਿੱਚ ਗਰੋਸਰੀ ਦੀ ਨਵੀਂ ਦੁਕਾਨ

ਪੰਜਾਬ ਫੂਡ ਸਟੋਰ

੧੧੩੫ ਸਕਾਟ ਰੋਡ, ਡੈਲਟਾ. ਫੋਨ: 588-4911

ਜਿਥੋਂ ਤੁਹਾਨੂੰ ਹਰ ਕਿਸਮ ਦੀ ਭਾਰਤੀ ਗਰੋਸਰੀ ਜਿਵੇਂ ਆਟਾ, ਦਾਲਾਂ, ਮਸਾਲੇ, ਤੇਲ, ਆਚਾਰ, ਬਦਾਮ ਤੇ ਹੋਰ ਬਹੁਤ ਕੁਝ ਬਹੁਤ ਸਸਤੇ ਭਾਅ ਮਿਲ ਸਕਦਾ ਹੈ।

ਤਾਜ਼ੀਆਂ ਸਬਜ਼ੀਆਂ, ਦੁੱਧ, ਮੱਖਣ ਤੇ ਹੋਰ ਕੈਨੇਡੀਅਨ ਗਰੋਸਰੀ ਵੀ ਮਿਲਦੀ ਹੈ।

ਗਾਣਿਆਂ ਦੀਆਂ 8-ਟਰੈਕ ਟੇਪਾਂ ਵੀ ਮਿਲਦੀਆਂ ਹਨ।

ਫਾਰਮਾਂ ਵਿਚ ਕੰਮ ਕਰਨਾ ਚਾਹੁੰਦੇ ਹੋ?

ਚੰਗੀ ਤਨਖਾਹ
ਦਸੰਬਰ ਤੱਕ ਕੰਮ
ਘਰੋਂ ਲੈ ਕੇ ਜਾਣ ਤੇ ਛੱਡ ਕੇ ਜਾਣ ਦਾ ਘੱਟ ਤੋਂ ਘੱਟ ਸਮਾਂ ਅਤੇ ਚੰਗੀਆਂ ਸਹੂਲਤਾਂ

ਹੋਰ ਜਾਣਕਾਰੀ ਲਈ
ਦੁਕਾਨ ਵਿਚ ਜਾਂ ਫੋਨ ਕਰੋ!

588-4911



*Remember When . . .*

There was a time when Sun Life simply handled life insurance. Times have changed and so have we. Today with so many types of insurance available, you have to be knowledgeable to choose the one just right for you. I'd like to help you make that choice. Let me use my knowledge and experience to help you with your personal financial planning. Call me today, and you'll see why personal service is my assurance of satisfied customers.



MOHINDAR S. GILL, B.COMM., M.B.A., C.G.A.

VANCOUVER ROYAL CENTRE BRANCH
SUN LIFE ASSURANCE COMPANY OF CANADA
730 - 1055 W. GEORGIA ST.
VANCOUVER 5, B.C.

Please send me complete information on the above Sun Life Plan. I understand there is no obligation.

Name ..................
Address ..................
City ..................
Province ..................

Get your life in shape.
SUN LIFE
OF CANADA

Telephone: Off: 682-8441
Res: 433-1684

# ਆਖ਼ਰੀ ਦਿਨ

ਅਮਰਜੀਤ ਚਾਹਲ

ਚਿੜੀ ਚੂਕੀ, ਜਦ ਸਰਦੂਲ ਸਿੰਘ ਦੀ ਅੱਖ ਖੁਲ੍ਹ ਗਈ। ਫ਼ੋਗ ਵਿਚ ਚਾਨਣ ਹੋਇਆ ਪਿਆ ਸੀ। ਉਸਦੇ ਕਮਰੇ ਵਿਚ ਪਈ ਹਰ ਚੀਜ਼ ਸਾਫ਼ ਨਜ਼ਰ ਆ ਰਹੀ ਸੀ। ਸਾਧਾਰਨ ਤੋਂ ਵੀ ਖਸਤਾ ਉਸ ਦਾ ਕਮਰਾ ਸੀ। ਕਮਰੇ ਵਿਚ ਕੋਈ ਪੇਂਟਿੰਗ ਨਹੀਂ ਸੀ। ਕੰਧਾਂ ਦੀ ਜਪ-ਰਿੱਕ ਦਾ ਰੰਗ ਘਸਮੈਲਾ ਹੋਇਆ ਹੋਇਆ ਸੀ। ਸੀਲਿੰਗ ਤੇ ਲੱਗਾ ਬਲਬ ਕਵਰ ਤੋਂ ਸੱਖਣਾ ਲਮਕ ਰਿਹਾ ਸੀ। ਇਕ ਪਾਸੇ ਕਪੜੇ ਟੰਗਣ ਵਾਲੀ ਅਲਮਾਰੀ ਸੀ ਜਿਸ ਦਾ ਤਖ਼ਤਾ ਬਹੁਤ ਸਮੇਂ ਤੋਂ ਟੁੱਟਾ ਹੋਇਆ ਸੀ। ਲੋਹੇ ਦਾ ਮੰਜਾ ਕਮਰੇ ਦੇ ਵਿਚਕਾਰ ਪਿਆ ਸੀ ਬਲਬ ਦੇ ਹੇਠ। ਮੰਜੇ ਦੇ ਦੋਹੀਂ ਪਾਸੀਂ ਤੇ ਪੁਆਂਦੀ ਵੱਲ ਦੋ ਦੋ ਫੁੱਟ ਖਾਲੀ ਥਾਂ ਹੋਵੇਗੀ ਜਿਸਦੇ ਇਕ ਪਾਸੇ ਚਪਲਾਂ ਤੇ ਦੂਜੇ ਪਾਸੇ ਸਟੂਲ ਪਿਆ ਸੀ। ਉਸ ਉਤੇ ਕੁਝ ਦਵਾਈਆਂ, ਅੱਖਾਂ ਦਾ ਸੁਰਮਾ ਤੇ ਅਲਾਰਮ ਕਲਾਕ ਪਿਆ ਸੀ। ਇਕ ਪਲੇਟ ਵੀ ਪਈ ਸੀ, ਜਿਸ ਵਿਚ ਥੋੜੀ ਜਿਹੀ ਸੌਂਫ਼ ਸੀ।

ਉਹ ਕੰਬਲ ਨੂੰ ਪਾਸੇ ਕਰ ਉੱਠਣ ਵਾਂਗ ਹੋਇਆ। ਸਰਾਣੇ ਹੇਠ ਪਈ ਸ਼ਰਾਬ ਦੀ ਅੱਧੀ ਬੋਤਲ ਉਸ ਖੋਲ੍ਹੀ ਤੇ ਤਿੰਨ ਚਾਰ ਘੁਟਾਂ ਅੰਦਰ ਮੂੰਹ ਲਾ ਕੇ ਲੰਘਾ ਲਈਆਂ। ਬਾਕੀ ਦੀਆਂ ਤਿੰਨ ਕੁ ਘੁਟਾਂ ਬਚਦੀ ਨੂੰ ਡੱਟ ਮੋਚਕੇ ਫਿਰ ਸਰਾਣੇ ਹੇਠ ਰੱਖ ਲਿਆ। ਲੰਮਾ ਪੈ ਕੇ ਉਸ ਕਲਾਕ ਵੱਲ ਦੇਖਿਆ। ਉਸ ਨੂੰ ਟਾਈਮ ਠੀਕ ਤਰ੍ਹਾਂ ਨਾ ਦਿੱਸ ਸਕਿਆ। ਇਕ ਤੇ ਸੁਕੀ ਸ਼ਰਾਬ ਪੀਣ ਕਰਕੇ ਉਸ ਦੀਆਂ ਅੱਖਾਂ ਵਿਚ ਪਾਣੀ ਆ ਗਿਆ ਸੀ। ਦੂਜੇ ਕਲਾਕ ਦਾ ਸ਼ੀਸ਼ਾ ਤਿੜਕਿਆ ਹੋਇਆ ਸੀ। ਉਸ ਨੂੰ ਜੋੜਨ ਲਈ 'ਸਕੌਚ ਟੇਪ' ਦੀ ਵਰਤੋਂ ਕੀਤੀ ਗਈ ਸੀ ਜੋ ਸਮਾਂ ਪੈਣ ਤੇ ਗੰਧਲ੍ਹੀ ਜਿਹੀ ਹੋ ਗਈ ਸੀ ਅਤੇ ਉਸ ਦੀਆਂ ਕੰਨੀਆਂ ਤੇ ਮੈਲ੍ਹ ਦੀ ਕਾਲੀ ਕਾਲੀ ਤਹਿ ਬੱਝ ਚੁਕੀ ਸੀ।

ਅੱਖਾਂ ਵਿਚਲਾ ਪਾਣੀ ਸਾਫ਼ ਕਰ, ਉਸ ਹੋਰ ਧਿਆਨ ਨਾਲ ਦੇਖਿਆ ਅਤੇ ਸੋਚਿਆ, 'ਇਸ ਦਾ ਸ਼ੀਸ਼ਾ ਵੀ ਮੇਰੇ ਕੋਲੋਂ ਹੀ ਇਕ ਵਾਰ ਸ਼ਰਾਬੀ ਹੋਏ ਤੋਂ ਟੁੱਟ ਗਿਆ ਸੀ। ਮੁੜ ਕਦੇ ਸ਼ੀਸ਼ਾ ਪਵਾਉਣ ਵਾਰੇ ਸੋਚਿਆ ਹੀ ਨਹੀਂ ਸੀ। ਉਂਞ ਵੀ ਘਰ ਵਿਚ ਕੋਈ ਚੀਜ਼ ਅਜੇਹੀ ਨਹੀਂ ਸੀ ਜੋ ਟੁਟੀ, ਤਿੜਕੀ ਜਾਂ ਕੰਢਿਆਂ ਤੋਂ ਭੁਰੀ ਹੋਈ ਨਾ ਹੋਵੇ।'

'ਸਵੇਰ ਦੇ ਚਾਰ ਵੱਜਣ ਵਾਲੇ ਸੀ।' ਉਸ ਟਾਇਮ ਦੇਖਿਆ। ਫਿਰ ਰਤਾ ਅੱਗੇ ਨੂੰ ਸੌਂਫ਼ ਦੀ ਚੂੰਡੀ ਭਰਨ ਲਈ ਹੋਇਆ ਤਾਂ ਸਪਰਿੰਗਾਂ ਵਾਲਾ ਝੋਲੀ ਬਣਿਆ ਮੰਜਾ ਚੀਕ ਪਿਆ। ਜਿਵੇਂ ਕਿਸੇ ਕਮਜ਼ੋਰ ਰੋਗੀ ਨੂੰ ਥੋੜਾ ਜਿਹਾ ਹਿੱਲਣ ਨਾਲ ਵੀ ਤਕਲੀਫ਼ ਹੁੰਦੀ ਹੈ। ਤੇ ਉਹ 'ਚੋਂਡੀ' ਪਾਉਂਦਾ ਹੈ।

ਸੁੱਕੀ ਸ਼ਰਾਬ ਨਾਲ ਉਸ ਦਾ ਮੂੰਹ ਜ਼ਿਆਦਾ ਹੀ ਕੌੜਾ ਹੋ ਗਿਆ ਸੀ। ਮੂੰਹ ਦਾ ਸੁਆਦ ਬਦਲਣ ਲਈ ਉਸ ਸੌਂਫ਼ ਦੀ ਚੂੰਡੀ ਭਰ ਲਈ ਅਤੇ ਕੰਬਦੇ ਹੱਥਾਂ ਨਾਲ ਮੂੰਹ ਵਿਚ ਪਾਉਣ ਲੱਗਾ। ਤਾਂ ਕੁਝ ਦਾਣੇ ਘਸੀ ਹੋਈ ਮੈਲ੍ਹੀ ਚਾਦਰ ਤੇ ਖਿੰਡ ਗਏ। ਉਸ ਕੱਲੇ ਕੱਲੇ ਦਾਣੇ ਨੂੰ ਚੂਕ ਕੇ ਮੂੰਹ ਵਿਚ ਪਾਇਆ ਤੇ ਹਲਕੀਆਂ ਹਲਕੀਆਂ ਗਾਲ੍ਹਾਂ ਵੀ ਕੱਢੀਆਂ।

ਆਪਣੀ ਤਸੱਲੀ ਲਈ ਉਸ ਲੋਥੜੇ ਜਿਹੇ ਹੋਏ ਸਰਾਣਿਆਂ ਉਤੇ ਹੱਥ ਮਾਰਿਆ। ਸ਼ਾਇਦ ਕੋਈ ਸੌਂਫ਼ ਦਾ ਦਾਣਾ ਇਨ੍ਹਾਂ ਵਿਚ ਨਾ ਘੁਸ ਗਿਆ ਹੋਵੇ।

ਫਿਰ ਸਰਦੂਲ ਸਿੰਘ ਲੰਮਾ ਪੈ ਗਿਆ। ਖਾਲੀ ਖਾਲੀ ਅੱਖਾਂ ਨਾਲ ਕਮਰੇ ਨੂੰ ਦੇਖਣ ਲੱਗ ਪਿਆ। ਅਚਾਨਕ ਹੀ ਉਸ ਦਾ ਜੀਅ ਕੀਤਾ ਨਸੀਬ ਕੌਰ ਨੂੰ ਆਵਾਜ਼ ਮਾਰੇ। ਉਹ ਨਾਲ ਦੇ ਕਮਰੇ ਵਿਚ ਸੁੱਤੀ ਪਈ ਸੀ। ਫਿਰ ਉਸ ਖਿਆਲ ਕੀਤਾ ਅਜੇ ਬਹੁਤ 'ਸਾਝਰਾ' ਹੈ। ਹੁਣ ਤੋਂ ਉੱਠ ਕੇ ਵਿਚਾਰੀ ਕੀ ਕਰੇਗੀ। ਏਥੇ ਕਿਹੜਾ ਦੁਧ ਵਧਾਉਣਾ ਜਾਂ ਧਾਰਾਂ ਕੱਢਣੀਆਂ ਹਨ। ਜਾਂ ਖੇਤਾਂ ਵਿਚ ਕੰਮ ਕਰਦੇ ਕਾਮਿਆਂ ਦੀ ਚਾਹ ਪਹੁੰਚਾਉਣੀ ਹੈ। ਹੁਣ ਤੇ ਉਹ ਆਪ ਕੰਮੀਂ ਸੀ। ਦਸ ਸਾਲ ਦੇ ਕਰੀਬ ਹੋ ਚਲੇ ਸੀ, ਉਨ੍ਹਾਂ ਨੂੰ ਕੰਮੀਂ ਬਣਿਆ। ਦਸ ਸਾਲ ਤੋਂ ਉਹ ਭਾਰੀ ਮੁਸ਼ੱਕਤ ਕਰਦੇ ਆ ਰਹੇ ਸਨ। ਦਸ ਸਾਲ ਹੋ ਗਏ ਸਨ, ਉਸ ਦੀ ਲੰਬੜਦਾਰੀ ਛੁੱਟੀ ਨੂੰ। ਬਹੁਤ ਸਮਾਂ ਲੰਘ ਗਿਆ। ਇਸ ਸਮੇਂ ਵਿਚ ਉਸ ਬਹੁਤ ਕੁਝ ਦੇਖਿਆ। ਵਾਰੇ ਨਿਆਰੇ ਹੁੰਦੇ ਉਸ ਆਪਣੀ ਅੱਖੀਂ ਦੇਖੇ ਸਨ।

ਉਸ ਦੀ ਸੁਰਤ ਆਪਣੇ ਮੁੰਡੇ ਵੱਲ ਉੱਲਝ ਗਈ। ਉਸ ਲਾ ਉਹ ਆਪਣੇ ਹੀ ਘਰ ਦੇ ਬੇਜ਼ਮਿੰਟ ਵਿਚ ਰਹਿੰਦਾ ਹੁੰਦਾ ਸੀ। ਉਪਰ ਕਰਾਏ ਤੇ ਗੋਰੇ ਰਹਿੰਦੇ ਸਨ। ਜਦ ਸਰਦੂਲ ਸਿੰਘ ਤੇ ਨਸੀਬ ਕੌਰ ਨੂੰ ਉਸ ਦੇਸੋਂ ਮੰਗਾਇਆ ਸੀ। ਉਨ੍ਹੀਂ ਦਿਨੀਂ ਉਹ ਬੜਾ ਅਲੱਥ ਸੀ। ਉਸ ਦਾ ਅੱਲਥਪੁਣਾ ਸਰਦੂਲ ਸਿੰਘ ਨੂੰ ਕਿਸੇ ਹੱਦ ਤਕ ਚੰਗਾ ਲਗਦਾ ਸੀ। ਉਹ ਸੋਚਦਾ ਸ਼ਰਾਬ, ਕਬਾਬ, ਖਾਣਾ-ਪੀਣਾ ਮੁੰਡਿਆਂ-ਖੁੰਡਿਆਂ ਦਾ ਕੰਮ ਹੀ ਹੁੰਦਾ ਹੈ। ਇਸ ਵਿਚ ਕਿਹੜੀ ਕੋਈ ਮਾੜੀ ਗੱਲ ਹੈ। ਫੇਰ ਉਹ ਤਾਂ ਕੰਮ ਵੀ ਬਹੁਤ ਕਰਦਾ ਸੀ। ਕੰਮ ਨੂੰ ਉਹ ਆਪਣੀ ਮਿੱਲ ਵਿਚ ਸਾਰਿਆਂ ਨਾਲੋਂ ਤਕੜਾ ਸੀ। ਅਠਾਰਾਂ ਅਠਾਰਾਂ, ਬੀਹ-ਬੀਹ ਘੰਟੇ ਕੰਮ ਕਰ ਆਉਂਦਾ ਸੀ। ਘੋੜੇ ਖੇਡਦਾ ਸੀ। ਬਾਪੂ ਨੂੰ ਬਰਾਬਰ ਖਿਡਾਉਂਦਾ ਸੀ। ਸ਼ਰਾਬ ਲੈਣ ਜਾਂਦਾ ਬਾਪੂ ਨੂੰ ਨਾਲ ਲੈਕੇ। ਉਸਨੂੰ ਪਤਾ ਸੀ ਬਾਪੂ ਸ਼ਰਾਬ ਦਾ ਸ਼ੁਕੀਨ ਹੈ। ਬਾਪੂ ਛੇ ਫੁਟ ਲੰਮਾ ਸੀ ਤੇ ਮੁੰਡਾ ਉਸ ਤੋਂ ਵੀ ਚਾਰ ਉਂਗਲਾਂ ਉਤੋਂ ਦੀ ਸੀ। ਕਈ ਵਾਰ ਪਿਉ-ਪੁਤ ਜ਼ਿੱਦ ਕੇ ਰੋਟੀ ਖਾਣ ਲੱਗ ਪੈਂਦੇ। ਬੁੜ੍ਹੀਆਂ ਦਾ ਗੁੰਨ੍ਹਿਆ ਆਟਾ ਮੁਕਾ ਛੱਡਦੇ। ਸਾਰੇ ਟੱਬਰ ਜਿੰਨਾ ਕੱਲਾ ਕੱਲਾ ਖਾ ਜਾਂਦੇ ਸੀ। ਬਾਪੂ ਬੜਾ ਖੁਸ਼ ਸੀ ਆਪਣੇ ਮੁੰਡੇ ਨਾਲ। ਕੰਮ ਦੇ ਦਿਨੀਂ (ਸੋਮਵਾਰ ਤੋਂ ਸ਼ੁਕਰਵਾਰ ਤੱਕ) ਜਦ ਉਹ ਘਰ ਕੱਲਾ ਰਹਿ ਜਾਂਦਾ ਤਾਂ ਉਹ ਬਾਹਰ ਨਿਕਲਦਾ। ਆਪਣੇ ਵਰਗੇ ਵਿਹਲੇ ਬੁੜ੍ਹਿਆਂ ਦੀ ਭਾਲ ਵਿਚ।

ਗੁਰਦੁਆਰੇ, ਛੋਟੀਆਂ ਪਾਰਕਾਂ ਜਾਂ ਬੱਸ ਸਟਾਪ ਦੇ ਬੈਂਚਾਂ ਤੇ ਬੈਠੇ ਬਜ਼ੁਰਗ ਉਸਨੂੰ ਮਿਲ ਪੈਂਦੇ। ਪਰ ਉਹ ਬਿਲਕੁਲ ਹੋਰ ਹੀ ਤਰ੍ਹਾਂ ਦੇ ਹੁੰਦੇ ਸੀ। ਡਰੇ ਡਰੇ ਜਿਹੇ, ਆਉਂਦੀਆਂ-ਜਾਂਦੀਆਂ ਰੰਨਾਂ ਦੀਆਂ ਗੱਲਾਂ ਕਰਦੇ, ਆਪਣੀ ਔਲਾਦ ਨੂੰ ਭੰਡਦੇ, ਨੂੰਹਾਂ-ਪੁਤਾਂ ਦੀ ਕਮੀਨਗੀ ਨੂੰ ਨਿੰਦਦੇ। ਸਰਦੂਲ ਸਿੰਘ ਉਨ੍ਹਾਂ ਦੀਆਂ ਗੱਲਾਂ ਸੁਣਦਾ ਰਹਿੰਦਾ ਤੇ ਸੋਚਦਾ, 'ਇਹ ਆਪ ਵੀ ਕਿੰਨੇ ਕਮੀਨੇ ਆ।' ਉਸ ਨੂੰ ਉਨ੍ਹਾਂ

ਤੇ ਤਰਸ ਆਉਂਦਾ ਤੇ ਬੀਅਰ ਪਾਲਰ ਜਾ ਕੇ ਉਨ੍ਹਾਂ ਨੂੰ ਬੀਅਰ ਪਿਲਾਉਂਦਾ। ਆਪਣੇ ਮੁੰਡੇ ਦੀ ਵਡਿਆਈ ਕਰਦਾ। ਬਟੂਆ ਖੋਲ੍ਹ ਕੇ ਉਨ੍ਹਾਂ ਨੂੰ ਨੋਟ ਦਿਖਾਲਦਾ।

'ਇਹ ਸਾਰੇ ਉਹਦੀ ਕਮਾਈ ਆ। ਸਾਲ੍ਹੇ ਦਾ ਸਿਰ ਵੱਢ ਦੂੰ ਜਿੱਦਣ ਦੇਣੋਂ ਹੱਟ ਗਿਆ। 'ਲਾਦ ਹੁੰਦੀ ਕਿਸ ਕੰਮ ਲਈ ਆ, ਜੇ ਉਨ੍ਹਾਂ ਬੁਢੇ ਹੋਇਆਂ ਦੀ ਦੇਖ-ਭਾਲ ਨਹੀਂ ਕਰਨੀ ਤਾਂ...।'

ਉਹ ਆਪਣੇ ਮੁੰਡੇ ਦੀਆਂ, ਆਪਣੀ ਤੀਵੀਂ ਦੀਆਂ ਤੇ ਜਵਾਨੀ ਬਾਰੇ ਦੀਆਂ ਗੱਲਾਂ ਕਰਦਾ ਰਹਿੰਦਾ। ਦੂਜੇ ਬੁੜ੍ਹੇ ਬੀਅਰ ਪੀਂਦੇ ਤੇ ਉਸ ਦੀਆਂ ਗੱਲਾਂ ਸੁਣਦੇ।

ਉਸ ਨੂੰ ਯਾਦ ਆਇਆ। ਇਕ ਵਾਰ ਬੀਅਰ ਪੀਂਦਿਆਂ ਤੋਂ ਨਵੇਂ ਪਿੰਡ ਵਾਲੇ ਹੁਕਮੇ ਤੋਂ ਕਹਿ ਹੋ ਗਿਆ, 'ਲੈ ਬਈ ਅੱਜ ਤਾਂ ਟੁੱਕਰ ਤੋਂ ਵੀ ਭੁਖੇ ਰਹਾਂਗੇ। ਬਹੂ ਕੰਮ ਤੇ ਉੱਠ ਗਈ ਹੋਣੀ ਏ।'

'ਤੂੰ ਵਹਿਮ ਨਾ ਕਰ। ਟੁੱਕ ਸੌਹਰੇ ਦਾ ਕੀ ਏ। ਜਿਉਂਦੇ ਰਹਿਣ ਕਮਾਈਆਂ ਕਰਨ ਵਾਲੇ।' ਸਰਦੂਲ ਸਿਉਂ ਉਸ ਨੂੰ ਅਤੇ ਬਾਕੀ ਦੇ ਤਿੰਨਾਂ, ਚੌਹਾਂ ਨੂੰ ਵੀ ਘਰ ਲੈ ਆਇਆ।

ਉਸ ਨਸੀਬ ਕੌਰ ਨੂੰ ਹੁਕਮ ਕੀਤਾ, 'ਰੋਟੀ ਤਿਆਰ ਹੋ ਜਾਏ।'

ਉਹ ਢਿੱਲੀ ਸੀ। ਰੋਟੀ ਨੂੰਹ ਨੇ ਤਿਆਰ ਕੀਤੀ। ਉਸ ਨੇ ਦੋ ਬੋਤਲਾਂ ਦੋਸਤਾਂ ਮੋਹਰੇ ਰੱਖ ਦਿਤੀਆਂ। ਉਨ੍ਹਾਂ ਦੇ ਮੂੰਹ ਹੀ ਅੱਡੇ ਰਹਿਗੇ। ਏਨਾ ਦੱਬ-ਦਬਾ ਘਰ ਵਿਚ ਸਰਦੂਲ ਸਿੰਘ ਦਾ। ਆਦਮੀ ਕੰਮ ਨਾ ਕਰਦਾ ਹੋਵੇ, ਬੁੱਢੇ ਵਾਰੇ ਹੋਵੇ, ਚਾਰ ਪੈਸੇ ਕੋਲ ਨਾ ਹੋਣ ਤਾਂ ਅੱਜ ਦੀ ਔਲਾਦ ਕਿਥੇ ਪਛਾਣਦੀ ਹੈ.। ਉਸ ਦੇ ਮਿੱਤਰ ਅੱਸ਼ ਅੱਸ਼ ਕਰ ਉਠੇ। ਸ਼ਰਾਬ ਪੀਂਦਿਆਂ ਤੋਂ ਦੋਂਹ ਨੇ ਜ਼ਿਆਦਾ ਪੀ ਲੀ। ਸ਼ਰਾਬ ਦੇ ਲਾਲਚੀ ਜਿਹੇ ਸੀ। ਉਨ੍ਹਾਂ ਪਾਸੋਂ ਰੋਟੀ ਵੀ ਨਾ ਖਾ ਹੋਈ। ਉਥੇ ਸੋਫ਼ੇ ਤੇ ਹੀ ਮੂਧੇ ਹੋ ਗਏ। ਦੂਜੇ ਦਿਨ ਸ਼ਰਮ ਦੇ ਮਾਰੇ ਮੂੰਹ-ਹਨੇਰੇ ਕਿਤੇ ਸੁੱਤਿਆਂ ਪਿਆਂ ਤੋਂ ਹੀ ਉੱਠ ਕੇ ਚਲੇ ਗਏ। ਅਗਲੇ ਦਿਨ ਮੁੰਡਾ ਹੱਟਣੋਂ ਨਾ ਹਟੇ, 'ਅਖੇ, ਬਾਪੂ ਯਾਰ-ਬੇਲੀ ਲਿਆਣੇ ਹੁੰਦੇ ਆ ਤਾਂ ਹਾਲ ਦੇ ਲਿਆਇਆ ਕਰ। ਜਿਹੜੇ ਘੁਟ ਪੀਣ ਵੀ।'

ਰਾਤ ਨੂੰ ਜਦ ਉਹ ਕੰਮ ਤੋਂ ਆਇਆ ਸੀ ਤਾਂ ਤੀਵੀਂ ਨੇ ਆਖਿਆ, 'ਹੈਂ ਜੀ, ਬਾਪੂ ਜੀ ਹੁਣਾਂ ਨੂੰ ਐਂ ਨਹੀਂ ਚਾਹੀਦਾ। ਜੀਹਨੂੰ ਦੇਖਿਆ ਘਰ ਨੂੰ ਖਿੱਚ ਤੁਰਨ...।'

ਤੀਵੀਂ ਨੇ ਅਜੇ ਗੱਲ ਪੂਰੀ ਵੀ ਨਹੀਂ ਕੀਤੀ ਸੀ ਕਿ ਉਸਨੇ ਖਿੱਚਕੇ ਥੱਪੜ ਮਾਰਿਆ, 'ਸਾਲ੍ਹੀ ਐਂ ਨਹੀਂ ਕਰਨਾ ਚਾਹੀਦੇ ਦੀ। ਹੋਰ ਤੇਰੇ ਖਸਮ ਦਾ ਕਿਹੜਾ ਪਿੱਪਲਾਂ ਵਾਲਾ ਖੂਹ ਹੈ ਜਿਥੇ ਲੈ ਜਾਇਆ ਕਰੇ। ਮੁੜ ਏਹੋ ਜਿਹੀ ਗੱਲ ਕੀਤੀ ਤਾਂ ਧੌਣੋਂ ਫੜ੍ਹ ਛੱਤ ਵਿਚਦੀ ਤਾਂਹ ਨੰਘਾ ਦਊਂਗਾ। ਪਏ ਗੋਰੇ ਦੇਖਣਗੇ, ਹਿੰਦੂਆਂ ਨੇ ਕਿਹੋ ਜਿਹਾ ਨਜ਼ਰਬੱਟੂ ਰੱਖਤਾ ਬਨੇਰੇ ਤੇ।'

ਦੂਜੇ ਦਿਨ ਉਹ ਸਾਰਿਆਂ ਦੇ ਸਾਹਮਣੇ ਆਪਣੀ ਤੀਵੀਂ ਨੂੰ ਠਿੱਠ ਕਰਨ ਲਈ, ਤੀਵੀਆਂ ਵਾਲਾ ਨਖਰਾ ਕਰਕੇ ਕਹਿੰਦਾ, 'ਹੈਂ ਜੀ ਬਾਪੂ ਜੀ ਹੁਣਾਂ ਨੂੰ ਐਂ ਨਹੀਂ ਚਾਹੀਦਾ—'

ਲੰਮੇ ਪਏ ਸਰਦੂਲ ਸਿੰਘ ਨੂੰ ਦਾਅੱਹ ਜਿਹੀ ਲੱਗੀ। ਉਸ ਦਾ ਨਸ਼ਾ ਉੱਤਰ ਗਿਆਂ ਵਰਗਾ ਹੀ ਸੀ। ਉਸ ਮਾੜੀ ਜਿਹੀ ਮੰਜੇ ਤੇ ਪਏ ਨੇ ਹਿੱਲ-ਜੁਲ ਕੀਤੀ। ਫਿਰ ਉਸ ਦੇ ਮੂੰਹ ਤੇ ਨਸੀਬ ਕੌਰ ਦਾ ਨਾਂ ਆ ਗਿਆ। ਉਸ ਸੋਚਿਆ, ਨਸੀਬ ਕੌਰ ਨੂੰ ਕੀ ਕਹਿਣ ਲੱਗਾ ਸੀ। ਕੁਝ ਵੀ ਨਹੀਂ! ਐਵੇਂ ਆਵਾਜ਼ ਮਾਰ ਦੇਣ ਲੱਗਾ ਸੀ? ਉਸ ਵਿਚਾਰੀ ਦੀ ਨੀਂਦਰ ਹਰਾਮ ਹੋਣੀ ਸੀ। ਬਹੁਤ ਕੰਮ ਕਰਦੀ ਹੈ ਅਜੇ ਵੀ...। ਫਿਰ ਉਸ ਖਿਆਲ ਕੀਤਾ, 'ਮੈਂ ਤਾਂ ਕੁਝ ਹੋਰ ਕਰਨ ਲੱਗਾ ਸੀ, ਹਾਂ!'

ਉਹ ਮੁੜ ਅੱਧ ਉਠਿਆ ਜਿਹਾ ਹੋਇਆ ਤੇ ਸਰ੍ਹਾਣੇ ਹੇਠ ਪਈ ਅੱਧੀ ਬੋਤਲ ਵਿਚਲੀ ਬੱਚਦੀ ਸ਼ਰਾਬ ਵੀ ਮੂੰਹ ਲਾ ਕੇ ਪੀ ਲਈ। ਖਾਲੀ ਬੋਤਲ ਨੂੰ ਉਸ ਹਿਰਾਸੀਆਂ ਨਜ਼ਰਾਂ ਨਾਲ ਦੇਖਿਆ। ਤੇ ਮੁੜ ਲਾਪ੍ਰਵਾਹੀ ਨਾਲ ਕਪੜੇ ਟੰਗਣ ਵਾਲੀ ਅਲਮਾਰੀ ਵੱਲ ਵਗਾਹ ਮਾਰੀ। ਪਹਿਲਾਂ ਉਹ ਕੰਧ ਵਿਚ ਵੱਜੀ ਤੇ ਫਿਰ ਫ਼ਰਸ਼ ਤੇ ਪਈ ਕਿਸੇ ਖਾਲੀ ਬੋਤਲ ਨਾਲ ਟੱਕਰਾਕੇ ਚੂਰ ਹੋ ਗਈ।

ਬੋਤਲ ਟੁੱਟਣ ਤੇ ਉਸਨੂੰ ਅਫ਼ਸੋਸ ਹੋਇਆ।

ਲੋਅ ਨੇ ਕਮਰੇ ਵਿਚ ਹੋਰ ਵੀ ਜ਼ਿਆਦਾ ਉਜਾਲਾ ਕਰ ਦਿਤਾ ਸੀ। ਉਸ ਦਾ ਦਿਲ ਕੀਤਾ ਉੱਠ ਕੇ ਸਰ੍ਹਾਣੇ ਵੱਲ ਦੀ ਪਰਦੇ ਤੋਂ ਸੱਖਣੀ ਖਿੜਕੀ ਵਿਚ ਦੀ ਬਾਹਰ ਤੱਕੇ। ਸੂਰਜ ਨਿਕਲ ਆਇਆ ਹੋਵੇਗਾ। ਉਸ ਦੀਆਂ ਚਮਕੀਲੀਆਂ ਕਿਰਨਾਂ ਜੇਠ-ਹਾੜ ਵਾਂਗ ਅੱਗ ਵਰ੍ਹਾਉਣ ਲੱਗ ਪਈਆਂ ਹੋਣਗੀਆਂ। ਉਂਝ ਤੇ ਦੇਸ਼ ਵੀ ਹੁਣ ਜੇਠ-ਹਾੜ ਦਾ ਮਹੀਨਾ ਹੀ ਹੋਵੇਗਾ।

ਇਹ ਹੀ ਦਿਨ ਸਨ। ਜਦ ਉਸ ਦੇ ਸਾਥੀ ਬੁੜ੍ਹੇ, ਉਸ ਦਾ ਸਾਥ ਛੱਡ ਫ਼ਾਰਮਾਂ ਨੂੰ ਤੁਰ ਗਏ ਸੀ। ਸਰਦੂਲ ਸਿੰਘ ਇਨ੍ਹੀਂ ਕੰਮ ਦੇ ਦਿਨੀਂ ਬਿਲਕੁਲ ਇਕੱਲਾ ਰਹਿ ਗਿਆ ਸੀ। ਉਹ ਆਵਾਰਗੀ ਹੀ ਸੜਕਾਂ ਤੇ ਘੁੰਮਦਾ। ਕਦੇ ਕਦੇ ਕੋਈ ਗੋਰਿਆਂ ਦਾ ਨਿਆਣਾ ਜਾਂ ਗਭਰੂ ਵੀ ਉਸ ਨੂੰ ਇਕੱਲਾ ਦੇਖ ਕੁਝ ਕਹਿ ਜਾਂਦਾ ਸੀ ਜਿਸ ਦੀ ਉਸ ਨੂੰ ਕੋਈ ਸਮਝ ਨਹੀਂ ਪੈਂਦੀ ਸੀ। ਉਨ੍ਹਾਂ ਦੇ ਚੇਹਰੇ ਤੋਂ ਘ੍ਰਿਣਾ ਦੀ ਦਾਸਤਾਨ ਉਹ ਪੜ੍ਹ ਲੈਂਦਾ। ਜਿਸ ਤੋਂ ਅਨੁਮਾਨ ਲਾਉਂਦਾ। ਉਹ ਕੋਈ ਮਾੜੀ ਗੱਲ ਹੀ ਤਾਂ ਕਹਿ ਰਹੇ ਹੋਣਗੇ? ਜ਼ਿਆਦਾ-ਤਰ ਉਸ ਦਾ ਅੰਦਾਜ਼ਾ ਠੀਕ ਹੀ ਹੁੰਦਾ ਸੀ।

ਇੰਝ ਹੀ ਇਕ ਦਿਨ ਉਹ ਇਕੱਲਾ ਜਾ ਰਿਹਾ ਸੀ। ਤੇ ਗੋਰਿਆਂ ਦੇ ਵੰਹਿਲੱੜ ਛੋਕਰੇ ਉਸ ਦੀ ਦਸਤਾਰ ਨੂੰ ਉੱਛਾਲਣ ਦੀ ਕੋਸ਼ਿਸ਼ ਕਰਨ ਲੱਗੇ। ਪਰ ਉਹ ਆਪਣੀ ਪੱਗੜੀ ਸੰਭਾਲਦਾ ਹੋਇਆ ਉਨ੍ਹਾਂ ਦੇ ਮੋਹਰੇ ਮੋਹਰੇ ਭੱਜ ਨਿਕਲਿਆ ਸੀ। ਬੜੀ ਦੂਰ ਤੱਕ ਉਹ 'ਹੋਏ... ਰੇ...ਏ' ਕਰਦੇ ਉਸ ਦੇ ਮਗਰ ਨੱਸੇ ਸੀ। ਅਤੇ ਫਿਰ ਆਪੋ-ਆਪਣੇ ਸ਼ਾਇਦ ਰਾਹ ਪੈ ਗਏ ਹੋਣਗੇ।

ਉਸ ਦਿਨ ਸਰਦੂਲ ਸਿੰਘ ਨੂੰ ਲੱਗਾ ਸੀ ਜਿਵੇਂ ਉਹ ਕਿਸੇ ਸੱਪ-ਸੁੰਘੇ ਸ਼ਹਿਰ ਵਿਚਦੀ ਵਿੱਚਰ ਰਿਹਾ ਹੋਵੇ। ਆਲੇ-ਦੁਆਲੇ ਘਰ ਸਨ। ਉਨ੍ਹਾਂ ਘਰਾਂ ਦੇ ਵਸਨੀਕਾਂ ਨੇ ਇੰਝ ਉਸ ਨੂੰ ਬਿਪਤਾ ਵਿਚ ਪਏ ਨੂੰ ਦੇਖਿਆ ਹੋਵੇਗਾ। ਪਰ ਕਿਸੇ ਨੇ ਵੀ ਬਾਹਰ ਨਿਕਲ ਉਸ ਨਾਲ ਹਮਦਰਦੀ ਜ਼ਾਹਰ ਕਰਨ ਦੀ ਤਕਲੀਫ਼ ਨਹੀਂ ਕੀਤੀ। ਕਿਸੇ ਵੀ ਉਨ੍ਹਾਂ ਆਵਾਰਾ ਛੋਕਰਿਆਂ ਨੂੰ ਡਾਂਟਿਆ ਨਹੀਂ। ਉਹ ਕੋਈ ਅਸਮਾਨੋਂ ਆਈ ਬਲਾ ਤੇ ਨਹੀਂ ਸਨ ਜਿਸ ਨੂੰ ਰੋਕਿਆ ਨਹੀਂ ਸੀ ਜਾ ਸਕਦਾ ਤੇ ਨਾ ਹੀ ਇਹ ਰੱਬੀ ਫੁਰਮਾਨ ਸੀ ਜਿਸ ਦਾ ਵਰਤਣਾ ਅਟੱਲ ਸੀ। ਉਸ ਨੂੰ ਜਾਪਿਆ ਜਿਵੇਂ ਇਹ ਘਰ ਕਬਰਾਂ ਹੋਣ। ਕਬਰਾਂ ਵਿਚੋਂ ਕੋਈ ਮਨੁੱਖ ਕਿਵੇਂ ਅੰਗੜਾਈ ਭਰ ਸਕਦਾ।

ਸਾਹਮਣੇ ਛੋਟੀ ਜਿਹੀ ਨਿਆਣਿਆਂ ਦੀ ਪਾਰਕ ਆਈ। ਥੋੜੇ ਜਿਹੇ ਬੱਚੇ ਉਥੇ ਖੇਲ੍ਹ ਰਹੇ ਸੀ। ਉਹ ਜੀ-ਭਿਆਣਾ ਜਿਆ ਹੋਇਆ ਪਾਰਕ ਵਿਚਲੇ ਇਕ ਬੈਂਚ ਤੇ ਬੈਠ ਗਿਆ। ਉਸ ਨੂੰ ਅਜੇ ਵੀ ਧੁੜਖੂ ਲੱਗਾ ਹੋਇਆ ਸੀ ਕਿ ਕਿਤੇ ਉਹ ਇਥੇ ਫਿਰ ਨਾ ਆ ਜਾਣ। ਬਹੁਤ ਚਿਰ ਉਹ ਉਥੇ ਬੈਠਾ ਬੱਚਿਆਂ ਨੂੰ ਖੇਲਦੇ ਦੇਖਦਾ ਰਿਹਾ। ਬੱਚਿਆਂ ਨੂੰ ਖੇਲਦੇ ਦੇਖਦਾ ਉਹ ਕਿਤੇ ਦੀ ਕਿਤੇ ਜਾ ਨਿਕਲਿਆ।

ਦੂਰ-ਦੁਰਾਡੇ, ਸਮੁੰਦਰ ਦੇ ਦੂਸਰੇ ਪਾਸੇ । ਆਪਣੇ ਮੁਲਖ ਦੇ ਇਕ ਕੋਨੇ ਵਿਚ । ਜਿਥੇ ਉਸ ਨੂੰ ਭਵਿੱਖ ਨੇ ਮਜਬੂਰ ਕੀਤਾ ਸੀ । ਆਪਣੇ ਇਕ ਫੁੱਲ ਇਕ ਕਲੀ ਨੂੰ ਪ੍ਰਦੇਸ਼ ਘੱਲਣ ਲਈ । ਤੇ ਫਿਰ ਉਹ ਖੁਦ ਵੀ ਪ੍ਰਦੇਸੀ ਬਣ ਗਿਆ । ਉਹ ਖੇਤ, ਜੋ ਹਵਾਵਾਂ ਦੀਆਂ ਲਹਿਰਾਂ ਨਾਲ ਝੂਮਦੇ ਸੀ । ਉਸ ਪਾਸੋਂ ਛੁਟ ਗਏ । ਜਿਨ੍ਹਾਂ ਖੇਤਾਂ ਵਿਚ ਉਸ ਸੁਰਤ ਸੰਭਾਲੀ ਸੀ । ਜਵਾਨੀ ਚੜ੍ਹਿਆ ਸੀ ਅਤੇ ਬੁਢੇਪੇ ਵਿਚ ਪ੍ਰਵੇਸ਼ ਕੀਤਾ ਸੀ । ਸੁਫਨੇ ਵਾਂਗਰ ਹੋ ਗਏ । ਕਿਨ੍ਹਿਆਂ ਸਾਲਾਂ ਦਾ ਮੋਹ ਸੀ ਉਸ ਦਾ ਖੇਤਾਂ ਨਾਲ ਪਸ਼ੂਆਂ ਨਾਲ ਉਥੋਂ ਦੇ ਵਾਸੀਆਂ ਨਾਲ । ਉਨ੍ਹਾਂ ਨੂੰ ਯਾਦ ਕਰ ਕੇ ਕਈ ਵਾਰ ਉਹ ਵਿਆਕੁਲ ਹੋ ਉਠਦਾ । ਉਸ ਵੇਲੇ ਉਹਦਾ ਦਿਲ ਕਰਦਾ । ਉਸਦੇ ਪੰਖ ਹੋਣ । ਤਿੱਤਰਾਂ ਵਾਂਗ ਉਡਾਰੀ ਮਾਰਾਂ ਤੇ ਅੱਖੋਂ ਉਹਲੇ ਹੋਈ ਜੰਮਣ ਭੋਂਇ ਤੇ ਜਾ ਉਤਰਾਂ ।

ਉਸ ਦਾ ਦਿਲ ਭਰ ਆਇਆ । ਆਪਣਾ ਪ੍ਰਦੇਸ਼ੀ ਹੋਣਾ ਬਹੁਤ ਬੁਰਾ ਲੱਗਿਆ । ਜੋ ਅੱਜ ਉਸ ਨਾਲ ਹੋਈ, ਕੋਈ ਦੇਸ਼ ਵਿਚ ਕਰਦਾ, ਉਸ ਦਾ ਉਤਮਾਂ-ਕੋਤਮਾਂ ਨਾ ਛਾਂਗ ਕੇ ਰੱਖ ਦਿੰਦਾ । ਉਸਦੇ ਬੁੱਢੇ ਹੋ ਰਹੇ ਡੋਲਿਆਂ ਵਿਚ ਅਜੇ ਏਨੀ ਤਾਕਤ ਸੀ ਕਿ ਉਹ ਡਬਲ ਇੱਟ ਚੁਬਾਰੇ ਦੀ ਛੱਤ ਤੇ ਸਿੱਟ ਸਕਦਾ ਸੀ । ਉਨ੍ਹਾਂ ਛੋਕਰਿਆਂ ਨੂੰ ਬਾਂਬਰੀਆਂ ਤੋਂ ਫੜ੍ਹ ਭੁੰਆਂ ਭੁੰਆਂ ਕੇ ਮਾਰ ਸਕਦਾ ਸੀ । ਪਰ ਉਹ ਕੁਝ ਨਹੀਂ ਸੀ ਕਰ ਸਕਦਾ । ਉਹ ਬੋਲਾ ਸੀ । ਗੂੰਗਾ ਸੀ । ਧਰਤੀ, ਮਹੌਲ ਤੇ ਜ਼ਮਾਨਾ ਬਦਲ ਚੁਕਿਆ ਸੀ । ਇਥੇ ਧੀ ਦੀ...। ਭੈਣ ਦੀ...ਕੀਤਿਆਂ ਕਿਸੇ ਦਾ ਖੂੰਨ ਨਹੀਂ ਖੌਲਦਾ । ਇਸ ਗੱਲ ਤੋਂ ਇਹ ਲੋਕ ਦੰਦ ਕੱਢਦੇ ਹਨ । ਕੰਜਰਾਂ ਵਾਂਗ ਫਰਮਾਇਸ਼ ਕਰਨਗੇ । 'ਬਹੁਤ ਸੋਹਣੀ ਹੈ । ਜਾ ਕੇ ਪੁਛ ਲਵੀਂ'...।'

ਲੜਾਈ ਹੁੰਦੀ ਹੈ । ਪੁਲੀਸ ਆਉਂਦੀ ਹੈ । 'ਆਪਣੀ ਧਰਤੀ' ਦੇ ਆਪਣੇ ਲੋਕਾਂ ਨੂੰ ਕੁਝ ਪੁੱਛਦੀ ਹੈ । ਉਨ੍ਹਾਂ ਦੇ ਲੱਗੀਆਂ ਸੱਟਾਂ ਦੇਖਦੀ ਹੈ । ਖੋਖਲੇ ਮਕਾਨਾਂ ਵਿਚੋਂ ਰੀਂਗਦੇ ਜੀਵ ਨਿਕਲਦੇ ਹਨ । ਫਿਰ ਉਹ ਵੀ ਉਹੀ ਬੋਲੀ ਬੋਲਦੇ ਹਨ । ਜੋ 'ਉਨ੍ਹਾਂ ਦੀ ਧਰਤੀ' ਦੀ ਪੁਲੀਸ ਬੋਲਦੀ ਹੈ । ਇਹੋ ਜਿਹੇ ਜੁਰਮ ਬੋਲੇ, ਗੂੰਗੇ, ਅਨੋਖੀ ਕਿਸਮ ਦੇ ਆਦਮੀਆਂ ਸਿਰ ਥੱਪੇ ਜਾਂਦੇ ਹਨ । ਇਹ ਅਨੋਖੀ ਕਿਸਮ ਦੇ ਆਦਮੀ ਕੌਣ ਹਨ ? ਇਨ੍ਹਾਂ ਤੋਂ ਸਰਦੂਲ ਸਿੰਘ ਖ਼ਬਰਦਾਰ ਸੀ । ਇਹੋ ਜਿਹੀਆਂ ਗੱਲਾਂ ਤੇ ਹੋਣੀਆਂ ਉਸ ਦੇ ਸਾਥੀ ਬੁੜ੍ਹੇ ਸੁਣਾਉਂਦੇ ਹੁੰਦੇ ਸੀ । ਇਹ ਕੌੜੀਆਂ ਸੱਚਾਈਆਂ ਕੁਝ ਉਨ੍ਹਾਂ ਦਾ ਆਪਣਾ ਤਜਰਬਾ ਅਤੇ ਕੁਝ ਦੋਸਤਾਂ ਨਾਲ ਵਾਪਰੀਆਂ ਘਟਨਾਵਾਂ ਹੁੰਦੀਆਂ ਸਨ ।

ਅੱਜ ਉਸ ਦਾ ਦਿਲ ਕੀਤਾ । ਆਪਣੇ ਇਸ ਗੂੰਗਪੁਣੇ ਨੂੰ, ਹੀਣੇ ਭਾਵ ਨੂੰ ਠੁੱਡੇ ਮਾਰੇ । ਸੜਕਾਂ ਤੇ ਘੁੰਮੇ ਅਤੇ ਇਹੋ ਜਿਹੀਆ ਨੂੰ ਟੋਲ੍ਹਕੇ ਦੋ-ਹੱਥ ਕਰੇ ।

ਉਸ ਦੀਆਂ ਅੱਖਾਂ ਵਿਚ ਆਇਆ ਪਾਣੀ, ਅੱਖਾਂ ਵਿਚ ਹੀ ਸਿਮਟ ਗਿਆ । ਡਰ ਲਹਿ ਗਿਆ ਅਤੇ ਉਹ ਬੇਖੌਫ ਹੋ ਮੁੜ ਸੜਕ ਤੇ ਤੁਰ ਪਿਆ । ਹਰ ਆਉਂਦੇ ਜਾਂਦੇ ਨੂੰ ਉਹ ਗੁਸੀਲੀ ਘੂਰ ਵੱਟਕੇ ਦੇਖਣ ਲੱਗ ਪਿਆ । ਜਿਵੇਂ ਹੀ ਕਿਸੇ ਕੁਝ ਕਿਹਾ ਨਹੀਂ, ਚੱਕ ਕੇ ਥੱਲੇ ਰੱਖਿਆ ਨਹੀਂ । ਇੰਝ ਉਹ ਕਿਤਨਾ ਹੀ ਚਿਰ ਸੜਕਾਂ ਤੇ ਚੱਕਰ ਲਾਉਂਦਾ ਰਿਹਾ । ਪਰ ਉਸ ਦੇ ਅੜਿੱਕੇ ਕੋਈ ਨਾ ਚੜ੍ਹਿਆ । ਇਸ ਤੋਂ ਉਲਟ ਕਈ ਲੋਕ ਉਸ ਦੀ ਤੱਕਣੀ ਤੇ ਹੈਰਾਨ ਹੋਏ । ਜਿਸ ਦੀ ਉਸ ਨੇ ਕੋਈ ਪ੍ਰਵਾਹ ਨਾ ਕੀਤੀ । ਸਗੋਂ ਉਨ੍ਹਾਂ ਨੂੰ ਪੰਜਾਬੀ ਵਿਚ ਮੰਦਾ ਹੀ ਬੋਲਿਆ ।

ਸੜਕਾਂ ਤੇ ਘੁੰਮਦੇ ਘੁੰਮਦੇ ਨੂੰ ਫੁਰਨਾ ਫੁਰਿਆ ਕਿ ਕਿਉਂ ਨਾ ਕੋਈ ਹੱਥਿਆਰ ਕੋਲ ਰੱਖਿਆ ਜਾਵੇ । ਉਸ ਸੁਣਿਆ ਹੋਇਆ ਸੀ ਕਿ ਗੋਰਾ ਕੌਮ ਸੋਟੀ ਤੋਂ ਬਹੁਤ ਡਰਦੀ ਹੈ । ਇਸ ਖਿਆਲ ਉਪਰੰਤ ਉਹ ਲਾਗਲੇ ਸ਼ਾਪਿੰਗ ਸੈਂਟਰ ਵੱਲ ਨੂੰ ਗਿਆ । ਕਈ ਦੁਕਾਨਾਂ ਘੁੰਮਣ ਬਾਅਦ ਉਸ ਆਪਣੇ ਮਤਲਬ ਦੀ ਚੀਜ਼ ਖਰੀਦ ਲਈ । ਦੁਕਾਨ ਤੋਂ ਬਾਹਰ ਨਿਕਲ ਉਹ ਹੋਰ ਵੀ ਆਤਮ ਵਿਸ਼ਵਾਸ ਨਾਲ ਚੱਲਣ ਲੱਗਾ ।

ਹੁਣ ਉਸ ਦੀ ਚਾਲ ਵਿਚ ਰਵਾਨੀ ਤੇ ਮੱਟਕ ਸੀ । ਚਿਹਰੇ ਤੇ ਜੱਲਾਲ ਸੀ । ਦਿਲ ਦੀ ਆਵਾਜ਼ ਕਹਿ ਰਹੀ ਸੀ । 'ਹੁਣ ਕੋਈ ਛੇੜ ਦੇਣਾ ਅੜਿੱਕੇ ਚੜੇ । ਕੇਰਾਂ ਉਥੇ ਧੱਕ ਦੂੰ ਜਿਥੋਂ...।'

ਘੁੰਮਦਾ ਘੁੰਮਦਾ ਉਹ ਬੀਅਰ ਪਾਲਰ ਗਿਆ । ਬੀਅਰ ਪੀਤੀ ਤੇ ਫਿਰ ਸੜਕਾਂ ਤੇ ਘੁੰਮਿਆ । ਅਖੀਰ ਪਹਿਲਾਂ ਨਾਲੋਂ ਵੱਧ ਕੁਵੇਲੇ, ਬੱਤੀਆਂ ਜਗੀਆਂ ਤੋਂ ਘਰ ਪਰਤਿਆ । ਉਸ ਦੀ ਅਜੀਬ ਹਾਲਤ ਸੀ । ਹਾਰਿਆ, ਹੰਭਿਆ, ਭੁਖਣ-ਭਾਣਾ ।

ਮੁੰਡਾ ਵੀ ਘਰ ਹੀ ਸੀ । ਕੁੜੀ ਤੇ ਪਰਾਉਣਾ ਵੀ ਆਏ ਹੋਏ ਸੀ । ਉਨ੍ਹਾਂ ਬਾਪੂ ਦੇ ਹੱਥ ਖੂੰਡੀ ਦੇਖ ਹੈਰਾਨੀ ਨਾਲ ਪੁਛਿਆ,

'ਬਾ...ਪੂ...ਖੂੰਡੀ...?'

'ਹੋਰ, ਹੁਣ ਬੁਢੇ ਹੋ ਗਏ ।''

ਪਰ ਘਰ ਦਾ ਲਾਣਾ ਉਸ ਨੂੰ ਮਖੌਲ ਕਰਨ ਲੱਗ ਪਿਆ । ਉਹ ਵੀ ਉਨ੍ਹਾਂ ਦੇ ਹਾਸੇ ਵਿਚ ਸ਼ਰੀਕ ਹੋ ਗਿਆ । ਬੋਤਲ ਖੁਲ੍ਹੀ ਪਈ ਸੀ । ਉਸ ਨੂੰ ਅੱਜ ਦੀ ਵਾਪਰੀ ਘਟਨਾ ਭੁਲ ਗਈ । ਨਸ਼ੇ ਦੇ ਲੋਰ ਵਿਚ ਜ਼ਖਮ ਜਿਵੇਂ ਫਿਰ ਹਰਾ ਹੋ ਗਿਆ । ਆਪਣੇ ਵਾਰੇ-ਪਹਿਰੇ ਤਾਂ ਉਸ ਨੇ ਕਦੇ ਕਿਸੇ ਕੋਲੋਂ 'ਉਏ' ਤਕ ਨਹੀਂ ਸੀ ਅਖਵਾਇਆ । ਤੇ ਅੱਜ...।

ਜੋ ਉਸ ਨਾਲ ਵਾਪਰਿਆ । ਉਸ ਮੁੰਡਿਆਂ ਨੂੰ ਦੱਸ ਦਿੱਤਾ । ਉਨ੍ਹਾਂ ਦਾਰੂ ਪੀਤਾ । ਰੱਜ ਕੇ ਰੋਟੀਆਂ ਖਾਧੀਆਂ । ਤੇ ਫਿਰ ਬਾਹਰ ਨਿੱਕਲ ਗੋਰਿਆਂ ਨੂੰ ਅੰਗਰੇਜ਼ੀ, ਪੰਜਾਬੀ ਵਿਚ ਗਾਲ੍ਹਾਂ ਕੱਢੀਆਂ ।

ਉਸ ਲਾਂ ਸਰਦੂਲ ਸਿੰਘ ਨੂੰ ਬੜੀ ਖੁਸ਼ੀ ਹੋਈ ਸੀ । ਹੁਣ ਵੀ ਪਏ ਨੂੰ ਉਹ ਵੇਲਾ ਯਾਦ ਕਰ ਅੰਤਰੀਵ ਖੁਸ਼ੀ ਹੋਈ । ਉਸ ਦਾ ਦਿਲ ਕੀਤਾ ਘੁਟ ਕੁ ਹੋਰ ਪੀਵੇ । ਪਰ ਆਖਰੀ ਬੋਤਲ ਮੁੱਕ ਕੇ ਟੁੱਟ ਚੁਕੀ ਸੀ । ਉਹ ਬੇਵੱਸ ਜਿਹਾ ਹੋਇਆ ਮੰਜੇ ਤੇ ਪਿਆ ਰਿਹਾ । ਉਸ ਉਸਲਵੱਟੇ ਲਏ । ਬੁਲ੍ਹਾਂ ਤੇ ਜੀਭ ਫੇਰੀ ਪਰ ਉਹ ਰਸ ਨਾ ਮਿਲ ਸਕਿਆ ਜੋ ਕਦੀ ਪਿਉ-ਪੁਤਰ ਨੂੰ ਇਕੱਠਿਆਂ ਪੀਣ ਦਾ ਆਉਂਦਾ ਹੁੰਦਾ ਸੀ ।

ਜਦ ਉਹ ਹੱਸਦੇ ਸਨ ਤਾਂ ਕੰਧਾਂ ਧੜਕਦੀਆਂ ਸੀ । ਮਿਰਜ਼ਾ ਗਾਉਂਦੇ ਸੀ, ਕੰਨਾਂ ਵਿਚ ਉਂਗਲੀ ਦੇ ਕੇ ਨੱਚਦੇ ਸੀ ਤਾਂ ਅੱਡੀਆਂ ਘਸ ਜਾਂਦੀਆਂ । ਉਹ ਸਭ ਕੁਝ ਜ਼ਿੰਦਗੀ ਦੀ ਸਕਰੀਨ ਤੋਂ ਗੁਜ਼ਰ ਗਿਆ ਸੀ ।

ਉਹਨਾਂ ਵਿਚ ਇਕ ਹੋਰ ਆਦਮੀ ਉਨ੍ਹਾਂ ਦੇ ਪ੍ਰਵਾਰ ਵਿਚ ਸ਼ਾਮਲ ਹੋ ਗਿਆ ਸੀ । ਜਿਸ ਦੇਖਦੇ ਦੇਖਦੇ ਘਰ ਦਾ ਕਈ ਕੁਝ ਅਦਲ-ਬਦਲ ਕਰ ਦਿਤਾ ਸੀ ।

ਉਹ ਆਦਮੀ ਜਿਸ ਨੂੰ ਤੀਵੀਂ ਲਗਾਮ ਨਹੀਂ ਪਾ ਸਕੀ ਸੀ । ਹੁਣ ਦੋਵਾਂ ਭੈਣ-ਭਰਾਵਾਂ ਰਲ ਕੇ ਪਾ ਲਈ । ਬੇਕਾਰ ਵੀ ਕੰਮ ਵਿਚ ਰੁਝ ਗਏ । ਉਸ ਦੀ ਨੂੰਹ ਦਾ ਭਰਾ ਆ ਗਿਆ ਸੀ ।

ਤੇ ਇਕ ਦਿਨ ਸਰਦੂਲ ਸਿੰਘ ਖੜਾ ਵੀ ਉਸ ਟਰੱਕ ਦੀ ਉਡੀਕ ਕਰ ਰਿਹਾ ਸੀ ਜੋ ਸਵੇਰ ਨੂੰ ਖੇਤਾਂ ਦਿਆਂ ਕਾਮਿਆਂ ਨੂੰ ਘਰ ਘਰ

ਤੋਂ ਚੱਕਦਾ ਹੁੰਦਾ ਸੀ ਸ਼ਾਮੀਂ ਤੇ ਡੂੰਘਾ ਖੌ—ਪੀਆ ਹੋਏ ਤੋਂ ਉਤਾਰ ਜਾਂਦਾ ਹੁੰਦਾ ਸੀ।

ਨੂੰਹ ਕਿਤੇ ਭਾਂਡੇ-ਟੀਂਡੇ ਧੋਣ-ਮਾਂਜਣ ਦਾ ਕੰਮ ਕਰਨ ਲੱਗ ਪਈ ਸੀ। ਪੋਤੇ ਪੋਤੀਆਂ ਨੂੰ ਸਾਂਭਣ ਦੀ ਵਾਰੀ ਨਸੀਬ ਕੌਰ ਸਿਰ ਆ ਗਈ। ਘਰ ਦਾ ਹਰ ਜੀਵ ਪੂਰੀ ਤਰ੍ਹਾਂ ਕੰਮ ਵਿਚ ਜੁਟ ਗਿਆ। ਇਸ ਤਰ੍ਹਾਂ ਕੰਮ ਕਰਕੇ ਉਹ ਸਭ ਇਕ ਤਸੱਲੀ ਮਹਿਸੂਸ ਕਰਦੇ। ਕੁਝ ਚਿਰ ਬਾਅਦ ਉਨ੍ਹਾਂ ਨੂੰ ਹੈਰਾਨੀ ਹੋਈ ਕਿ ਜਿਤਨੀ ਰਕਮ ਉਹ ਇਕ ਸਾਲ ਵਿਚ ਕਦੇ ਜਮਾਂ ਨਹੀਂ ਕਰ ਸਕੇ ਸੀ ਹੁਣ ਉਨ੍ਹਾਂ ਤਿੰਨਾਂ ਮਹੀਨਿਆਂ ਵਿਚ ਕਰ ਲਈ ਸੀ।

ਕੁਝ ਚਿਰ ਬਾਅਦ ਉਹਦੇ ਮੁੰਡੇ ਨੇ ਆਪਣੀ ਖੜ੍ਹ ਖੜ੍ਹ ਕਰਦੀ ਕਾਰ ਬਦਲ ਕੇ ਲਿਸ਼ ਲਿਸ਼ ਕਰਦੀ ਨਵੀਂ ਕਾਰ ਲੈ ਲਈ ਸੀ।

ਸਮਾਂ ਹੋਰ ਬੀਤਿਆ, ਉਨ੍ਹਾਂ ਉਪਰ ਰਹਿ ਰਹੇ ਕਰਾਏਦਾਰਾਂ ਨੂੰ ਕੱਢ ਆਪ ਉਹ ਥਾਂ ਰੋਕ ਲਈ। ਖੜਕਦੇ ਸਪਰਿੰਗਾਂ ਵਾਲੇ ਸੋਫੇ ਬਦਲੇ ਗਏ। ਘਰ ਦੀਆਂ ਕੰਧਾਂ ਨੂੰ ਅੰਦਰ-ਬਾਹਰ ਰੰਗ-ਰੋਗਨ ਕਰ ਦਿੱਤਾ। ਘਰ ਦੀ ਬਗੀਚੀ ਵਿਚ ਸਬਜ਼ੀ ਲਾ ਦਿਤੀ। ਕੁਝ ਫਲਾਂ ਤੇ ਫੁੱਲਾਂ ਵਾਲੇ ਬੂਟੇ ਵੀ ਲਾ ਦਿਤੇ ਗਏ।

ਐਤਵਾਰ ਤਾਸ਼ ਖੇਡਣ ਤੇ ਪੀਣ ਦੀ ਵਜਾਏ ਮੁੰਡੇ ਨੇ ਕੋਈ ਹੋਰ ਕੰਮ ਭਾਲ੍ਹ ਲਿਆ।

ਇਕੱਲਵਾਂਜੇ ਨੂੰ ਤੋੜਨ ਲਈ ਸਰਦੂਲ ਸਿੰਘ ਸ਼ਰਾਬ ਪੀਂਦਾ ਤੇ ਪੰਜਾਂ ਦਿਨਾਂ ਦਾ ਥਕੇਵਾਂ ਘੁਰਾੜੇ ਮਾਰ ਮਾਰ ਲਾਹੁੰਦਾ। ਖਾਂਦਾ-ਪੀਂਦਾ ਤੇ ਮੁੜ ਜੁਲੀ ਵਿਚ ਜਾ ਪੈਂਦਾ। ਉਸ ਨੂੰ ਪਤਾ ਵੀ ਨਾ ਲੱਗਦਾ ਕਦ ਦੋ ਛੁਟੀਆਂ ਬੀਤ ਗਈਆਂ। ਕਈ ਵਾਰ ਉਹ ਮੁੰਡੇ ਦੇ 'ਰਿਸ਼ਤੇਦਾਰ' ਨੂੰ ਬੁਰਾ ਭਲਾ ਵੀ ਬੋਲਦਾ ਜਿਸ ਉਸ ਦਾ ਅਰਾਮ-ਹਰਾਮ ਕਰ ਰੱਖਿਆ ਸੀ। ਪਰ ਜ਼ਿਆਦਾ ਤਰ ਉਹ ਖੁਸ਼ ਹੀ ਰਹਿੰਦਾ ਕਿਉਂਕਿ ਆਮਦਨ ਕਾਫੀ ਵੱਧ ਗਈ ਸੀ। ਮੁੰਡਾ ਇਕ ਹੋਰ ਘਰ ਲੈਣ ਨੂੰ ਫਿਰਦਾ ਸੀ। ਸਰਦੂਲ ਸਿੰਘ ਵੀ ਆਪਣੀ ਤਨਖਾਹ ਮੁੰਡੇ ਦੀ ਤਲੀ ਤੇ ਰੱਖਦਾ ਸੀ। ਉਹ ਸੋਚਦਾ ਸੀ ਮਰਨ ਤੋਂ ਬਾਅਦ ਵੀ ਤਾਂ ਸਾਰਾ ਕੁਝ ਇਸ ਨੂੰ ਹੀ ਦੇਣਾ ਹੈ। ਫਿਰ ਉਹ ਕਿਹੜਾ ਹੁਣ ਘੋੜੇ ਖੋਲਦਾ ਸੀ ਜਾਂ ਹੋਰ ਕਿਧਰੇ ਵਿਅਰੋਥ ਗੁਆ ਰਿਹਾ ਸੀ ? ਜੋ ਕੁਝ ਬਣ ਰਿਹਾ ਹੈ। ਉਹ ਸਭ ਕੁਝ ਮੇਰਾ ਸੀ। ਮੇਰੇ ਪ੍ਰਵਾਰ ਦਾ ਸੀ। ਇਹ ਸਭ ਕੁਝ ਨਵੇਂ ਆਏ ਆਦਮੀ ਦੀ ਆਮਦ ਸਦਕਾ ਹੀ ਹੋਇਆ ਸੀ। ਨਹੀਂ ਤਾਂ ਨੰਗਾਂ ਦੇ ਘਰ ਭੂਤ ਨਚਦੇ ਸੀ।

ਇਸ ਤਰ੍ਹਾਂ ਉਸ ਨੂੰ ਲੱਗਾ ਜਿਵੇਂ ਰੁਕਿਆ ਹੋਇਆ ਸਮਾਂ ਤੁਰ ਪਿਆ ਹੈ। ਮੁੰਡਾ ਤਿੰਨਾਂ ਘਰਾਂ ਦਾ ਮਾਲਕ ਹੋ ਗਿਆ। ਜਿਥੇ ਉਹ ਹੁਣ ਰਹਿਣ ਲਗਾ ਸੀ। ਉਹ ਬਿਲਕੁਲ ਨਵਾਂ-ਨਕੋਰ ਘਰ ਸੀ। ਚੰਡੀਗੜ੍ਹ ਦੀਆਂ ਕੋਠੀਆਂ ਵਰਗਾ। ਆਲੇ-ਦੁਆਲੇ ਸ਼ਾਂਤ ਵਾਤਾਵਰਣ ਸੀ। ਘਰ ਦੇ ਮੋਟੇ ਮੋਟੇ ਪਰਦੇ ਦਿਨੇ ਵੀ ਰਾਤ ਪਾਈ ਰੱਖਦੇ ਸੀ। ਰੱਗ ਸੀ ਜਿਵੇਂ ਝੱਗ ਵਿਚ ਪੈਰ ਖੁਭ ਗਿਆ ਹੋਵੇ। ਘਰ ਦਾ ਫਰਨੀਚਰ ਸੀ ਮੋਟਾ ਮੋਟਾ, ਗੁਦ-ਗੁਦਾ। ਕਰਾਕਰੀ ਚਮਕੀਲੀ ਭਾਵੇਂ ਮੂੰਹ ਦੇਖ ਸੁਰਮਾਂ ਪਾ ਲਉ। ਹੁਣ ਸ਼ਰਾਬ ਦੁਧ ਪੀਣ ਵਾਲੇ ਗਲਾਸਾਂ ਦੀ ਥਾਂ ਦੋ ਤਿੰਨ ਨਵੀਂ ਹੀ ਤਰ੍ਹਾਂ ਦੀਆਂ ਗਲਾਸੀਆਂ ਵਿਚ ਪੀਤੀ ਜਾਂਦੀ ਸੀ। ਘਰ ਵਿਚ ਹੋਰ ਕਈ ਤਬਦੀਲੀਆਂ ਹੋ ਗਈਆਂ। ਨਵੇਂ ਕਾਨੂੰਨ ਬਣ ਗਏ।

ਜੁਤੀ ਲਾਹ ਕੇ ਰੱਗ ਤੇ ਜਾਣਾ। ਚਪਲਾਂ ਪਾ ਕੇ ਰਸੋਈ ਵਿਚ। ਸੋਫੇ ਤੇ ਬੈਠਣਾ, ਪੈਰ ਥੱਲੇ। ਟੀ. ਵੀ. ਲੱਗੀ, ਸਟੇਰੀਉ ਬੰਦ। ਸਟੇਰੀਉ ਲੱਗੀ, ਟੀ. ਵੀ. ਬੰਦ। ਆਵਾਜ਼ ਧੀਮੀਂ। ਬੋਲਣਾ ਮਿੱਠਾ, 'ਜੀ' ਕਹਿ ਕੇ। ਕੰਮ ਵਾਲੇ ਕਪੜੇ, ਵਾਧੂ ਘਾਟੂ ਸਮਾਨ ਬੇਸਮਿੰਟ ਵਿਚ। ਚਾਹ ਪਾਰਟੀਆਂ ਬੇਸਮਿੰਟ ਵਿਚ। ਬੁੜਾ ਬੁੜੀ ਬੇਸਮਿੰਟ ਵਿਚ।

ਘਰ ਨਵਾਂ ਸੀ। ਨਵੇਂ ਘਰ ਦੀ ਸਫ਼ਾਈ ਕਰਨ ਦਾ ਨਸੀਬ ਕੌਰ ਨੂੰ ਵਲ ਨਹੀਂ ਸੀ। ਇਸ ਕਰਕੇ ਉਸ ਨੂੰ ਕਿਸੇ ਹੋਟਲ ਵਿਚ ਸਫਾਈ ਦਾ ਕੰਮ ਹਫਤੇ ਵਿਚ ਦੋ ਦਿਨਾਂ ਲਈ ਲੈ ਦਿਤਾ। ਇਹ ਦੋ ਦਿਨ ਬਹੂ ਵੇਹਲੀ ਹੁੰਦੀ ਸੀ ਤੇ ਨਿਆਣੇ ਉਹ ਸੰਭਾਲ ਸਕਦੀ ਸੀ। ਤੇ ਨਸੀਬ ਕੌਰ ਨੇ ਇਹ ਹਫ਼ਤੇ ਵਿਚ ਦੋ ਦਿਨ ਵਿਹਲੀ ਰਹਿ ਕੇ ਕੀ ਕਰਨਾ ਸੀ।

ਜ਼ਿਆਦਾ ਕੰਮ ਅਤੇ ਬੇਅਰਾਮੀ ਕਾਰਨ ਸਰਦੂਲ ਸਿੰਘ ਦਾ ਸਰੀਰ ਕਾਫ਼ੀ ਝੱੜ ਗਿਆ ਸੀ। ਮੁੰਡੇ ਨੂੰ ਬਹੁਤ ਚਿੰਤਾ ਸੀ। ਉਸ ਨੇ ਸੋਚਿਆ, 'ਕਿਉਂ ਨਾ ਬਾਪੂ ਨੂੰ ਕਿਸੇ ਫਾਰਮ ਵਾਲੇ ਗੋਰੇ ਕੋਲ ਹੀ ਟਿਕਾ ਦਿਤਾ ਜਾਵੇ। ਇਸ ਤਰ੍ਹਾਂ ਹਰ ਰੋਜ਼ ਆਉਣ-ਜਾਣ ਦੀ ਖੇਚਲ ਘੱਟ ਜਾਵੇਗੀ ਤੇ ਉਹੀ ਸਮਾਂ ਉਹ ਹੋਰ ਆਰਾਮ ਕਰ ਸਕੇਗਾ। ਉਂਝ ਵੀ ਉਸ ਨੂੰ ਸਿਆਣਿਆਂ ਵਿਚ ਉੱਠਣ ਬੈਠਣ ਦੀ ਜਾਚ ਨਹੀਂ ਸੀ'।

'ਉਸ ਦਿਨ ਘਰ ਸੰਤ ਆਏ ਹੋਏ ਸੀ (ਮੁੰਡਾ ਹੁਣ ਸੰਤਾਂ ਦਾ ਸ਼ਰਧਾਲੂ ਬਣਿਆ ਹੋਇਆ ਸੀ। ਦਾੜ੍ਹੀ ਕੇਸ ਰੱਖ ਲਏ ਸਨ ਤੇ ਥੋੜੇ ਚਿਰ ਤਕ ਉਹ 'ਅੰਮ੍ਰਿਤ' ਪਾਨ ਕਰਨ ਨੂੰ ਤਿਆਰ ਸੀ।) ਉਨ੍ਹਾਂ ਕਥਾ-ਕੀਰਤਨ ਕਰਨਾ ਸੀ। ਪਰ ਬਾਪੂ ਜੀ ਨੇ ਇਸ ਦੀ ਜ਼ਰਾ ਜਿੰਨੀ ਪ੍ਰਵਾਹ ਨਹੀਂ ਕੀਤੀ। ਉਸ ਦਿਨ ਵੀ ਡੱਫ ਲਈ। ਬਥੇਰਾ ਕਿਹਾ, 'ਅੱਜ ਨਾ ਪੀ, ਕਿਹੜੀ ਜਾਨ ਨਿਕਲੀ ਜਾਂਦੀ ਹੈ ਜੇ ਇਕ ਦਿਨ ਨਾ ਪੀਵੇਂਗਾ ਤਾਂ।' ਪਰ ਉਸ ਸ਼ੇਰ ਬੱਗੇ ਨੇ ਕਿਸੇ ਦੀ ਨਹੀਂ ਸੁਣੀ। ਆਪਣੀ ਮਰਜ਼ੀ ਕੀਤੀ। ਤੇ ਫਿਰ ਉਲਟੀ ਕਰਕੇ ਨਵਾਂ ਨਕੋਰ ਰੱਗ ਖਰਾਬ ਕਰ ਦਿਤਾ ਸੀ।

ਕੁਝ ਹੀ ਦਿਨਾਂ ਬਾਅਦ ਸਰਦੂਲ ਸਿੰਘ ਦਾ ਬਿਸਤਰਾ ਅਤੇ ਹੋਰ ਜ਼ਰੂਰੀ ਸਮਾਨ ਤਿਆਰ ਕਰ, ਇਸ ਗੋਰੇ ਦੀ ਛੋਗ਼ ਵਿਚ ਲਿਆ ਬਿਠਾਇਆ।

'ਆਖਰੀ ਦਿਨ ਤਾਂ ਕੰਜਰੋ ਚੈਨ-ਆਰਾਮ ਦੇ ਕੱਟ ਲੈਣ ਦਿਉ। ਕਿਉਂ ਘਰੋਂ, ਬੇਘਰ ਕਰਨ ਲੱਗੇ ਓਂ...।' ਇਹ ਉਸ ਦੇ ਵਾਰ ਵਾਰ ਆਖੇ ਸ਼ਬਦ ਕਿਸੇ ਨਾ ਸੁਣੇ। ਜਿਵੇਂ ਉਨ੍ਹਾਂ ਕੰਨਾਂ ਤੇ ਈਅਰ ਪਰੋਟੈਕਸ਼ਨ ਮੱਫ ਚੜ੍ਹਾ ਲਏ ਹੋਣ।

ਕੁਝ ਹੀ ਸਮੇਂ ਬਾਅਦ ਉਨ੍ਹਾਂ ਦੇ ਦੋਵੇਂ ਬੱਚੇ ਸਕੂਲ ਜਾਣ ਲੱਗ ਪਏ। ਉਨ੍ਹਾਂ ਸੋਚਿਆ, 'ਬਾਪੂ ਰੋਟੀ ਤੋਂ ਤੰਗ ਹੁੰਦਾ ਹੋਵੇਗਾ। ਪਤਾ ਨਹੀਂ ਵਿਚਾਰਾ ਖਾਂਦਾ ਵੀ ਹੋਣਾ ਕਿ ਨਹੀਂ। ਸ਼ਾਇਦ ਸੁਕੀਆਂ ਬਰੈਡਾਂ ਖਾ ਕੇ ਹੀ ਡੰਗ ਟਪਾਉਂਦਾ ਹੋਵੇ। ਕਿਉਂ ਨਾ ਬੀਬੀ ਨੂੰ ਉਥੇ ਭੇਜ ਦਿਤਾ ਜਾਵੇ। ਅੱਗੇ ਤਾਂ ਨਿਆਣੇ ਹੁੰਦੇ ਸੀ। ਹੁਣ ਤਾਂ ਉਹ ਵੀ ਸਕੂਲ ਜਾਣ ਲਗ ਪਏ ਕਿਹੜਾ ਕੱਲੀ ਦਾ ਸਾਰੀ ਦਿਹਾੜੀ ਦਿਲ ਲੱਗਦਾ ਹੋਣਾ'।

ਤੇ ਫਿਰ ਨਸੀਬ ਕੌਰ ਵੀ ਸਰਦੂਲ ਸਿੰਘ ਪਾਸ ਆ ਗਈ।

'ਓ ਜਾਣੇ...ਰਾਜ਼ੀ ਰਹਿਣ। ਤੀਵੀਂ ਦਾ ਆਦਮੀ ਸਿਰ ਤੇ ਹੋਵੇ ਤਾਂ ਕਾਹਦਾ ਝੋਰਾ'। ਇਹ ਸੋਚ ਨਸੀਬ ਕੌਰ ਨੇ ਆਪਣੇ ਮਨ ਨੂੰ ਤਸੱਲੀ ਦੇ ਲਈ ਸੀ।

ਹੁਣ ਉਹ ਦੋਵੇਂ ਗੋਰੇ ਦੇ ਖੇਤਾਂ ਵਿਚ ਦਿਹਾੜੀ ਤੇ ਕੰਮ ਕਰਦੇ ਸੀ। ਉਸ ਵਲੋਂ ਹੀ ਦਿਤੇ ਗਏ ਇਕ ਝੋਂਪੜੀ ਵਰਗੇ ਘਰ ਵਿਚ ਰਹਿੰਦੇ ਸੀ। ਕਦੇ ਕਦੇ ਉਨ੍ਹਾਂ ਦੇ ਨੂੰਹ-ਪੁਤ ਮਿਲਣ ਆਉਂਦੇ ਅਤੇ

ਉਪਰੀਆਂ ਉਪਰੀਆਂ ਗੱਲਾਂ ਕਰ ਖੜੇ ਖੜੇ ਹੀ ਵਾਪਸ ਚਲੇ ਜਾਂਦੇ। ਉਨ੍ਹਾਂ ਦੇ ਧੀ-ਜੁਆਈ ਨੇ ਕਿਹਾ ਸੀ ਕਿ ਉਹ ਉਨ੍ਹਾਂ ਕੋਲ ਚੱਲ ਰਹਿਣ। ਪਰ ਉਨ੍ਹਾਂ ਬਾਅਦ ਵਿਚ ਨਿਕਲਣ ਵਾਲੇ ਮਾੜੇ ਨਤੀਜਿਆਂ ਨੂੰ ਮੁਖ ਰੱਖ ਇਨਕ਼ਾਰ ਕਰ ਦਿੱਤਾ ਸੀ।

ਗਰਮੀਆਂ ਸ਼ੁਰੂ ਹੋ ਗਈਆਂ ਸੀ। ਖੇਤਾਂ ਦਾ ਕੰਮ ਦਿਨੋਂ ਦਿਨ ਜ਼ੋਰ ਫੜ ਰਿਹਾ ਸੀ। ਪ੍ਰੰਤੂ ਉਨ੍ਹਾਂ ਵਿਚ ਇਤਨੀ ਤਾਕਤ ਨਹੀਂ ਸੀ ਕਿ ਉਹ ਬਾਰਾਂ ਬਾਰਾਂ, ਚੌਦਾਂ ਚੌਦਾਂ ਘੰਟੇ ਹਰ ਰੋਜ਼ ਕੰਮ ਕਰ ਸਕਦੇ। ਮਗਰ, ਉਹ ਆਪਣੇ ਹੱਠ ਨਾਲ ਕੰਮ ਕਰਦੇ ਤੇ ਇਤਨੇ ਥੱਕ ਜਾਂਦੇ ਕਿ ਕਈ ਵਾਰ ਉਨ੍ਹਾਂ ਵਿਚ ਖਾਣਾ ਬਣਾਉਣ ਦੀ ਹਿੰਮਤ ਨਾ ਹੁੰਦੀ। ਥਕੇਵਾਂ ਤੇ ਉਨੀਂਦਾ ਉਨ੍ਹਾਂ ਦੇ ਰੋਮ ਰੋਮ ਵਿਚ ਰਚਿਆ ਹੋਇਆ ਸੀ। ਇਸ ਦਾ ਕਾਰਨ ਇਹ ਵੀ ਸੀ ਕਿ ਗੋਰਾ ਉਨ੍ਹਾਂ ਪਾਸੋਂ ਰਹਿਣ ਦਾ ਕਰਾਇਆ ਨਹੀਂ ਵਸੂਲਦਾ ਸੀ ਜਿਸ ਦੇ ਇਵਜ਼ਾਨੇ ਵਿਚ ਮੌਸਮ ਦੇ ਦਿਨੀਂ ਉਨ੍ਹਾਂ ਪਾਸੋਂ ਮਨ-ਮਰਜ਼ੀ ਦਾ ਕੰਮ ਲੈਂਦਾ ਸੀ।

ਹਫ਼ਤੇ ਭਰ ਦਾ ਥਕੇਵਾਂ ਉਹ ਐਤਵਾਰ ਨੂੰ ਲਾਹੁੰਦੇ। ਕਈ ਵਾਰ ਉਨ੍ਹਾਂ ਨੂੰ ਇਹ ਵੀ ਨਸੀਬ ਨਹੀਂ ਹੁੰਦਾ ਸੀ। ਸਰਦੂਲ ਸਿੰਘ ਸ਼ਰਾਬ ਪਹਿਲਾਂ ਵਾਂਗ ਹੀ ਪੀ ਰਿਹਾ ਸੀ। ਹੁਣ ਤਾਂ ਉਸ ਨੂੰ ਕਈ ਵਾਰ ਥੋੜੀ ਸ਼ਰਾਬ ਪੀਤਿਆਂ ਛੇਤੀ ਕੀਤੇ ਨਸ਼ਾ ਹੀ ਨਹੀਂ ਹੁੰਦਾ ਸੀ। ਉਸ ਨੂੰ ਬਹੁਤ ਤੋੜਾ-ਖੋਈ ਲੱਗੀ ਹੋਈ ਸੀ। ਉਸ ਦਾ ਦਿਲ ਕੀਤਾ ਨਸੀਬ ਕੌਰ ਨੂੰ ਆਵਾਜ਼ ਮਾਰੇ ਅਤੇ ਚੰਗੀ ਪੱਤੀ ਵਾਲੀ ਚਾਹ ਬਣਵਾ ਕੇ ਪੀਵੇ। ਫਿਰ ਜ਼ਰਾ ਦਿਨ ਚੜ੍ਹੇ ਉਸ ਦਾ ਖਿਆਲ ਸੀ ਕਿ ਗੋਰੇ ਵੱਲ ਜਾਵਾਂਗਾ ਸ਼ਰਾਬ ਦੀ ਬੋਤਲ ਲੈਣ। ਗੋਰਾ ਮਾਲਕ, ਸ਼ਰਾਬ ਦੀ ਬੋਤਲ ਉਸ ਨੂੰ ਲੋੜ ਵੇਲੇ ਦੇ ਦਿੰਦਾ ਹੁੰਦਾ ਸੀ।

ਇਹ ਸੋਚ ਉਹ ਉਠਿਆ। ਪੈਰੀਂ ਕੈਂਚੀ ਚਪਲਾਂ ਪਾ ਉਸ ਇਕ ਅਲਸਾਈ ਅੰਗੜਾਈ ਲਈ। ਪਰਦੇ ਤੋਂ ਸੱਖਣੀ ਤਾਕੀ ਥਾਣੀਂ ਬਾਹਰ ਦੇਖਿਆ। ਦੂਰ ਦੂਰ ਤਕ ਹਰੇ ਭਰੇ ਖੇਤ ਲਹਿਰਾ ਰਹੇ ਸੀ। ਕਿਤੇ ਕਿਤੇ ਖੇਤਾਂ ਦੇ ਵਿਚ, ਖੇਤਾਂ ਦੇ ਮਾਲਕਾਂ ਦੇ ਘਰ ਸਨ। ਧੁਪ ਬਹੁਤ ਤੇਜ਼ ਹੋ ਗਈ ਲਗਦੀ ਸੀ।

ਚਾਹ ਧਰ ਉਹ ਗੁਸਲਖਾਨੇ ਚਲਾ ਗਿਆ। ਉਸ ਦੇ ਮੁੜ ਆਉਣ ਤੱਕ ਚਾਹ ਰਿੱਝ ਰਿੱਝ ਕਾੜ੍ਹਾ ਹੋ ਚੁਕੀ ਸੀ। ਉਸ ਚਾਹ ਵਿਚ ਦੁਧ ਪਾਇਆ। ਇਕ ਹੋਰ ਉਬਾਲਾ ਆਇਆ। ਗਰਮ ਗਰਮ ਚਾਹ ਉਸ ਨੇ ਦੋ ਕੱਪਾਂ ਵਿਚ ਪਾਈ ਤੇ ਨਸੀਬ ਕੌਰ ਦੇ ਕਮਰੇ ਵੱਲ ਆ ਗਿਆ।

ਉਸ ਦੇ ਕਮਰੇ ਵਿਚ ਵੀ ਉਹੋ ਜਿਹਾ ਹੀ ਇਕ ਸਟੂਲ ਪਿਆ ਸੀ ਜਿਹੋ ਜਿਹਾ ਸਰਦੂਲ ਸਿੰਘ ਦੇ ਕਮਰੇ ਵਿਚ ਸੀ। ਚਾਹ ਦੇ ਦੋਵੇਂ ਕੱਪ ਸਟੂਲ ਤੇ ਰੱਖ ਉਸ ਨੂੰ ਆਵਾਜ਼ ਮਾਰੀ। ਉਸ ਕੋਈ ਜਵਾਬ ਨਾ ਦਿਤਾ। ਦੂਜੀ ਆਵਾਜ਼ ਨਾਲ ਸਰਦੂਲ ਸਿੰਘ ਨੇ ਉਸ ਨੂੰ ਹਿਲਾਇਆ ਪਰ ਉਹ ਸੁਹਾਗੇ ਵਾਂਗ ਆਕੜੀ ਪਈ ਸੀ। ਸਰਦੂਲ ਸਿੰਘ ਨੇ ਉਸ ਨੂੰ ਮੋਢਿਆਂ ਤੋਂ ਹਲੂਣਕੇ ਜ਼ੋਰ ਦੀ ਆਵਾਜ਼ ਮਾਰਨ ਦੀ ਕੋਸ਼ਿਸ਼ ਕੀਤੀ। ਪਰ ਉਸ ਤੋਂ ਇਹ ਨਾ ਹੋ ਸਕਿਆ। ਉਸ ਦੇ ਚਿਹਰੇ ਤੇ ਕੋਈ ਅਥਾਹ ਦੁਖ ਦੀ ਝਲਕ ਆਈ। ਉਸ ਨੇ ਆਪਣਾ ਇਕ ਹੱਥ ਦਿਲ ਤੇ ਰੱਖ ਘੁਟਿਆ ਤੇ ਮੰਜੇ ਨਾਲ ਘਸੀਟਦਾ ਹੋਇਆ, ਥੱਲੇ ਬੈਠ, ਸਿਰ ਮੰਜੇ ਦੀ ਬਾਹੀ ਨਾਲ ਟੇਕ ਲਿਆ।

ਦੋ ਕੱਪ ਸਟੂਲ ਤੇ ਪਏ ਸੀ। ਚਾਹ ਦੇ ਭਰੇ ਹੋਏ। ਮੱਖੀਆਂ ਉਨ੍ਹਾਂ ਦੁਆਲੇ ਭਿਨ-ਭਿਨਾਹਟ ਕਰ ਰਹੀਆਂ ਸੀ। ਬਾਹਰ ਧੁੱਪ ਹੋਰ ਵੀ ਤੇਜ਼ ਹੋ ਗਈ ਸੀ। CO

*[Squamish, B.C.]*


**Super Saver Grocery Store**
**6236 Fraser St**
**Vancouver**

ਹਰ ਕਿਸਮ ਦੀ ਭਾਰਤੀ ਗਰੋਸਰੀ ਖ਼ਰੀਦਣ
ਲਈ ਸਾਡੀ ਦੁਕਾਨ ਤੇ ਆਓ ਤੇ
ਤਾਜ਼ੀ ਗਰੋਸਰੀ ਤੋਂ ਇਲਾਵਾ ਮੀਟ
ਦਾ ਤਾਜ਼ਾ ਮਾਲ, ਭਾਰਤ ਬੱਚਿਆਂ ਵਾਲੇ
ਪਤੀਕੇ ਤੇ ਵਿਆਹ-ਸ਼ਾਦੀਆਂ ਤੇ ਦੇਣ
ਲਈ ਇਟਾਲੀਅਨ ਗਿਫ਼ਟ-ਵੇਅਰ
ਵੀ ਮਿਲ ਸਕਦੇ ਹਨ।


PAL

*Time: 9 a.m.-9 p.m.*
*Seven days a week.*

**Tel. Bus.324-1838, Res.278-5802**

**ਜੋਤਿਸ਼ ਰਾਹੀਂ ਆਪਣਾ ਭਵਿੱਖ ਜਾਣੋ**

**ਮੁਸ਼ਕਲਾਂ ਤੇ ਕਾਬੂ ਪਾਵੋ ਅੱਜ ਹੀ ਸਲਾਹ ਲਵੋ**

**ਮਿਸਿਜ਼ ਮਡੇਲਾ 251-3697**

Mrs. Madella - Spiritual reader and adviser. Palm and tarot card reading. She will help you with your problems in business, health, love affairs, sickness, where others have failed. Special reading by mail with free monthly horoscope. Send $10.00, date of birth and year to - Mrs. Madella. P.O. Box 69784, Station 'K', Vancouver, B.C. V5K 4Y7.

**TELEPHONE: 251-3697**

# ਕੀੜਿਆਂ ਦੇ ਭੌਣ

**ਤੇਜ ਭੰਮੀਪੁਰੀ**

ਅੱਜ ਤੇਰੀ ਦੂਜੀ ਬਰਸ਼ੀ ਮਨਾਉਣ ਤੋਂ ਬਾਅਦ ਕਿੰਨੀ ਅਸੀਮ ਖੁਸ਼ੀ ਅਨੁਭਵ ਹੋ ਰਹੀ ਹੈ। ਮੇਰੇ ਕਮਰੇ ਦੀ ਨੀਲੀ ਟਿਊਬ-ਲਾਈਟ ਜਲ ਰਹੀ ਹੈ, ਅਨੰਤਤਾ ਦਾ ਰੰਗ। ਨੂਰ ਦੇ ਜਵਾਰਭਾਟੇ 'ਚ ਗਲ ਗਲ ਲੱਥੀ ਸੋਚਦੀ ਹਾਂ-ਰਾਹਾਂ ਬੇਖਤਰ ਬਨਾਉਣ ਵਾਲੇ ਹਨੇਰਿਆਂ ਤੋਂ ਨਹੀਂ ਡਰਦੇ। ਤੇਰਾ ਨਾਂ ਲੈਂਦੀ ਹਾਂ, ਇਕ ਮਿਠਾਸ ਬੁਲ੍ਹਾਂ ਤੇ ਆ ਖੜ੍ਹਦੀ ਹੈ। ਤੂੰ ਮਹਾਨ ! ਤੇਰੀ ਪਾਰਟੀ ਮਹਾਨਤਮ।

ਸਟੇਜ, ਤੇ ਜਿੰਨੇ ਤੇਰੇ ਸਾਥੀ ਬੋਲੇ ਸਭ ਦੇ ਸਭ ਤੇਰੇ ਸੁਪਨਿਆਂ ਦੇ ਹਾਣੀ ਸਨ। ਜ਼ੁਲਮ ਤੇ ਨਾ ਬਰਾਬਰੀ ਵਿਰੁਧ ਲਕੀਰ ਖਿੱਚਣ ਵਾਲੇ, ਮਜ਼ਲੂਮਾਂ ਤੇ ਚਲਦੀਆਂ ਸੰਗੀਨਾਂ ਦੇ ਨੱਥ ਪਾਉਣ ਵਾਲੇ। ਕਿੰਨਾ ਇਕੱਠ ਸੀ, ਤੇਰੀ ਪਵਿਤਰ ਯਾਦ ਨੂੰ ਖਰਾਜ਼-ਅਕੀਦਤ ਪੇਸ਼ ਕਰਨ ਲਈ। ਕੁਝ ਤੇਰੀਆਂ ਗਜ਼ਲਾਂ ਸਨ ਜੋ ਮੈਂ ਪੜ੍ਹੀਆਂ, ਹਰ ਸ਼ੇਅਰ ਇਕ ਨੇਜ਼ਾ ਬਣ ਬਰਬਰੀਅਤ ਦੇ ਸੀਨੇ ਲੱਗਦਾ। ਤਾੜੀਆਂ ਵਜਦੀਆਂ ਜਿਵੇਂ ਸਾਰੇ ਚਿਹਰੇ ਮੁਤਹਿੱਦ ਹੋਣ ਲਈ ਇਕ ਅਹਿਦ ਕਰ ਰਹੇ ਹੋਣ। ਮਰਨ ਵਾਲਿਆਂ ਤੂੰ ਅਮਰ ਹੋ ਗਿਆ—ਤੇ ਮੈਂ...ਮੈਂ ਤੇਰੀ ਮੀਰਾਂ... ਤੇਰੀ ਪੁਜਾਰਨ ਤੇਰੇ ਦਰਸ਼ ਦੀ ਪਿਆਸੀ, ਜੋ ਤੂੰ ਬਖਸ਼ਿਆ ਵਰਤਾ ਰਹੀ ਹਾਂ।

ਤੇਰੇ ਨਾਲ ਹੀ ਮਰ ਜਾਂਦੀ ਕਿੰਨਾ ਚੰਗਾ ਹੁੰਦਾ। ਇਹ ਯਾਦਾਂ ਦੀਆਂ ਸੂਲਾਂ ਤਾਂ ਮਗਰੋਂ ਲਹਿ ਜਾਂਦੀਆਂ। ਖੈਰ, ਦੁਨੀਆਂ 'ਚ ਕੁਝ ਵੀ ਅਪਹੁੰਚ ਨਹੀਂ। ਸਿਰਫ ਇਰਾਦਿਆਂ ਨੂੰ ਮਜਬੂਤ-ਤਰ ਬਨਾਉਣਾ ਹੁੰਦੈ।

ਮੈਂ ਅੱਠ ਸਾਲ ਦੀ ਸਾਂ ਜਦ ਮੇਰੇ ਦਾਦੀ ਜੀ ਇਕ ਬਾਤ ਸੁਣਾਉਂਦੇ ਹੁੰਦੇ ਸਨ। ਬਹੁਤ ਪੁਰਾਣਿਆਂ ਸਮਿਆਂ ਦੀ ਬਾਤ। ਰਾਜਿਆਂ ਦਾ ਜਮਾਨਾ ਸੀ। ਕਹਿੰਦੇ ਸਨ, ਹੱਕ ਮੰਗਣ ਵਾਲਿਆਂ ਨੂੰ ਰਾਜਾ ਨਰੜਕੇ ਕੀੜਿਆਂ ਦੇ ਭੌਣ ਤੇ ਸੁਟ ਦਿੰਦਾ ਸੀ। ਕੀੜੇ ਲੜਦੇ ਸਨ, ਨਿਰਦੋਸ਼ ਆਦਮੀ ਚੀਕਾਂ ਮਾਰਦਾ, ਰਾਜਾ ਖੁਦ ਕੁਰਸੀ ਤੇ ਬੈਠਕੇ ਤਮਾਸ਼ਾ ਵੇਖਦਾ। ਫਿਰ ਇਕ ਜਮਾਨਾ ਆਇਆ, ਜੁਲਮ ਦੇ ਢੰਗਾਂ 'ਚ ਤਬਦੀਲੀਆਂ ਹੁੰਦੀਆਂ ਗਈਆਂ। ਹੱਕ ਮੰਗਣ ਵਾਲਿਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਜਾਂਦਾ, ਨਹੱਥਿਆਂ ਨੂੰ ਤੋਪਾਂ ਮੂਹਰੇ ਬੰਨ ਕੇ ਉਡਾ ਦਿਤਾ ਜਾਂਦਾ, ਜਿਉਂਦਿਆਂ ਕੰਧਾ 'ਚ ਚਿਣਾ ਦਿੱਤਾ ਜਾਂਦਾ।

ਫਿਰ ਹੋਰ ਜੁਲਮ ਦਾ ਢੰਗ ਤਬਦੀਲ ਹੋਇਆ। ਗਿਣੀ-ਮਿੱਥੀ ਸਾਜਸ਼ ਨਾਲ ਸਾਈਕਲ ਤੇ ਜਾ ਰਹੇ ਬੰਦੇ ਤੇ ਟਰੱਕ ਚਾੜ੍ਹ ਦੇਣਾ। ਫਿਰ, ਭੱਜ ਜਾਣਾ, ਕਨੂੰਨ ਤੋਂ ਬਚ ਜਾਣਾ। ਕੋਈ ਦੱਸੇ ਇਹਨਾਂ ਨਾਦਰਾਂ, ਫਰੰਗੀਆਂ, ਸਰਦਾੜਿਆਂ ਨੂੰ, ਕਿ ਸੂਰਜ ਦੇ ਮੂੰਹ ਤੇ ਕਾਲਖ ਦਾ ਪੋਚਾ ਕਿਝ ਪਾਓਗੇ।

ਮੈਂ ਤੈਨੂੰ ਪੂਰੇ ਤਿੰਨ ਸਾਲ ਬਾਅਦ ਦੇਖਿਆ ਸੀ। ਪਹਿਲਾਂ ਤੂੰ ਦਸਵੀਂ ਪਾਸ ਕਰਕੇ ਸ਼ਾਇਦ ਆਪਣੇ ਕਿਸੇ ਰਿਸ਼ਤੇਦਾਰ ਕੋਲ ਚਲਾ ਗਿਆ ਸੀ। ਹੁਣ ਜਦ ਆਇਆ, ਤੇਰੀ ਮਾਤਾ ਜੀ ਨੇ ਸਾਰੇ ਪਿੰਡ 'ਚ ਪਤਾਸ਼ੇ ਵੰਡੇ ਸਨ। ਬੀ. ਐਸ. ਸੀ. 'ਚੋਂ ਤੂੰ ਫਸਟ ਰਿਹਾ ਸੀ ਨਾ। ਪਤਾਸ਼ੇ ਫੇਰਦੀ ਬੁੜ੍ਹੀ ਹਰ ਇਕ ਕੋਲ ਤੇਰੀ ਪੜ੍ਹਾਈ ਦੇ ਕਿੱਸੇ ਛੋਹ ਬਹਿੰਦੀ। ਤੇਰੀ ਛੋਟੀ ਭੈਣ ਹਰਜੀਤ ਦੇ ਜਿਵੇਂ ਧਰਤੀ ਤੇ ਪੈਰ ਨਹੀਂ ਸਨ ਲੱਗਦੇ।

ਮੈਂ ਮੈਡੀਕਲ ਦੇ ਆਖਰੀ ਸਾਲ 'ਚ ਸਾਂ। ਕੁਝ ਛੁਟੀਆਂ ਸਨ, ਜਿੰਨ੍ਹਾਂ ਵਿਚ ਪਿੰਡ ਆਈ ਹੋਈ ਸਾਂ। ਪਤਾਸੇ ਫੇਰਦੀਆਂ ਜਦ ਮਾਤਾ ਜੀ ਤੇ ਹਰਜੀਤ ਸਾਡੇ ਘਰ ਆਈਆਂ, ਇਕ ਭਾਣਾ ਵਰਤ ਗਿਆ। ਖਬਰੇ ਕੇਹੜੇ ਕੁਸ਼ਗਨੇ ਸਮੇਂ ਉਹ ਘਰੋਂ ਨਿਕਲੀਆਂ ਸਨ। ਮੇਰੇ ਵੱਡੇ ਵੀਰ ਗੁਰਜੰਗ ਨੇ ਮਾਤਾ ਜੀ ਦੇ ਸਿਰ ਤੋਂ ਪਰਾਤ ਸੁਟ ਦਿਤੀ ਤੇ ਬੋਲਿਆ, "ਨਿਕਲ ਜਾਓ ਕੰਜਰ ਦੀਓ—ਪੁਤ ਸਾਜਸ਼ਾਂ ਕਰਦਾ ਜ਼ਮੀਨ ਹਥਿਆਉਣ ਦੀਆਂ, ਤੁਸੀਂ ਉਪਰੋਂ ਪੋਚੇ ਮਾਰਨ ਆਈਓਂ—ਸਾਲਾ ਵੱਡਾ ਕੋਮਨਿਸ਼ਟ।"

ਮੇਰੇ ਹੋਸ਼ ਕੰਬ ਗਏ। ਕਦੇ ਖਿਲਰੇ ਪਤਾਸਿਆਂ ਵਲ ਦੇਖਦੀ ਸਾਂ, ਕਦੇ ਮੁੜੀਆਂ ਜਾਂਦੀਆਂ ਮਾਂ ਧੀ ਵੱਲ। "ਇਹ ਤੂੰ ਕੀ ਕੀਤਾ ਗੁਰਜੰਗ।" ਐਨਾ ਕਰੜਾ ਮੈਂ ਕਦੇ ਵੀ ਕੂਈ ਨਹੀਂ ਸਾਂ।

"ਸਾਡਾ ਏਹਨਾ ਕਮੀਨਿਆਂ ਨਾਲ ਕਾਹਦਾ ਹੇਜ ਸਾਲੇ ਸੂਰ।" ਉਹਨੇ ਹਵਾ 'ਚ ਹੱਥ ਲਹਿਰਾਇਆ ਜਿਵੇਂ ਮੇਰੇ ਥੱਪੜ ਮਾਰਨਾ ਹੋਵੇ।

ਮੇਰੇ ਲਈ ਜ਼ਮੀਨ ਭੌਂ ਰਹੀ ਸੀ। ਮੈਂ ਲੜਖੜਾਂਦੀ ਡਰਾਇੰਗ ਰੂਮ ਦੇ ਸੋਫੇ ਤੇ ਜਾ ਡਿਗੀ। ਕਿੱਡਾ ਕਲਛਣਾ ਦਿਨ ਸੀ, ਰੋਣ ਠੱਲਦਾ ਨਹੀਂ ਸੀ—ਜਿਵੇਂ ਅੱਖਾਂ ਨੂੰ ਰਾਵੀ ਝਨਾਵਾਂ ਦਾ ਵਰ ਹੋਵੇ।

ਵਰਾਉਂਦਾ ਵੀ ਕੌਣ. ਮਾਂ ਦਾ ਮੂੰਹ ਹੀ ਨਹੀਂ ਸੀ ਦੇਖਿਆ, ਪਿਓ ਸਰਾਬ ਨੇ ਲੈ ਲਿਆ ਸੀ। ਇਕ ਵੀਰ ਗੁਰਜੰਗ ਹੈ, ਨਿਰਾ ਪਿਓ ਦੀ ਨਕਲ। ਸ਼ਰਾਬੀ, ਔਰਤਬਾਜ਼, ਲਫੰਗਾ ਜੋ ਵੀ ਕਹਿ ਲਵਾਂ। ਸਾਰੇ ਪਿੰਡ ਦੀ ਜ਼ਮੀਨ ਦਾ ਵਾਹਿਦ ਮਾਲਕ, ਨੌਕਰ-ਚਾਕਰ ਜੋ ਜੀਅ ਆਵੇ ਕਰੇ। ਜੀਪਾਂ, ਰਾਈਫਲਾਂ, ਕੁੱਤੇ ਸਨ। ਸਾਰੀ-ਸਾਰੀ ਰਾਤ ਫਾਇਰ ਹੁੰਦੇ ਰਹਿੰਦੇ, ਸਾਜਸ਼ਾਂ ਬਣਾਈਆਂ ਜਾਂਦੀਆਂ।

ਹੋਸਟਲ 'ਚੋਂ ਚਾਰ ਦਿਨ ਦਾ ਪ੍ਰੋਗਰਾਮ ਬਣਾ ਕੇ ਆਉਂਦੀ ਸਾਂ—ਦੋ ਦਿਨਾਂ 'ਚ ਨੱਕ—ਜਿੰਦ ਆ ਜਾਂਦੀ। ਦਰਅਸਲ ਗੁਰਜੰਗ ਮੈਨੂੰ ਘਰ 'ਚ ਦੇਖਣਾ ਵੀ ਨਹੀਂ ਸੀ ਚਾਹੁੰਦਾ। ਮੇਰੇ ਆਉਣ ਨਾਲ ਕੁਝ ਨਾ ਕੁਝ ਉਹ ਆਪਣੇ 'ਤੇ ਪਾਬੰਦੀ ਲੱਗੀ ਮਹਿਸੂਸਦਾ ਸੀ। ਏਸੇ ਲਈ ਖੁਲਾ ਖਰਚ ਮੈਨੂੰ ਮਹੀਨੇ ਦੇ ਮਹੀਨੇ ਹੋਸਟਲ ਪਹੁੰਚ ਜਾਂਦਾ।

ਉਸ ਦਿਨ ਤੋਂ ਤੂੰ ਸਰੂ ਬਣ ਮੇਰੇ ਮਨ ਫੁੱਟਿਆਂ, ਨਿਸ਼ਚਿਤ ਪਲਰਦਾ ਰਿਹਾ। ਕੋਈ ਅਦਿਖ ਸਾਂਝ ਦੂਰ ਰਹਿਕੇ ਵੀ ਤੁਣਕੇ ਮਾਰਦੀ ਰਹਿੰਦੀ। ਤੇਰੀਆਂ ਕੰਨਸੋਆਂ ਮੇਰੇ ਤੱਕ ਪੁਜਦੀਆਂ ਰਹਿੰਦੀਆਂ। ਤੂੰ ਲੋਕਾਂ ਦੀ ਪਾਰਟੀ ਦਾ ਸੁਚਾ ਮੋਤੀ ਸੈਂ।

ਪੰਚਾਇਤਾਂ ਦੀਆਂ ਚੋਣਾਂ ਆ ਗਈਆਂ। ਤੂੰ ਪਿੰਡ ਨੂੰ ਪਾਰਟੀ ਦਾ ਮਰਕਜ਼ ਬਣਾ ਲਿਆ। ਸਾਰੇ ਪਿੰਡ ਵਾਸੀ ਤੇਰੀ ਸੁਚੱਜੀ ਅਗਵਾਈ ਦੀ ਜ਼ੀਨ ਭਰਦੇ ਸਨ। ਤੇਰੇ ਨਿਸ਼ਾਨੇ ਨੂੰ ਲੋਕਾਂ ਗਲਵੱਕੜੀ ਪਾ ਲਈ। ਮੈਂ ਸੋਚਦੀ ਸਾਂ, ਤੂੰ ਗੁਰਜੰਗ ਨੂੰ ਹਰ ਮੋੜ ਤੇ ਸਿਕੱਸਤ ਦੇ ਕੇ ਬਦਲਾ ਲੈਣਾ ਚਾਹੁੰਦਾ ਹੈਂ ਪਰ ਬਦਲੇ ਦੀ ਹਵਾ ਤੇਰੇ ਕੋਲ ਦੀ ਵੀ ਨਹੀਂ ਸੀ ਲੰਘੀ। ਤੂੰ ਤਾਂ ਲੋਕ-ਦੁਸ਼ਮਣ ਲੱਠ ਤੋੜਨੀ ਚਾਹੁੰਦਾ ਸੈਂ। ਵੋਟਾਂ ਦਾ ਦਿਨ ਆਇਆ ਪਿੰਡ ਦੇ ਸਕੂਲ 'ਚ ਪੋਲਿੰਗ-ਬੂਥ ਸੀ। ਲੋਕਾਂ ਦਾ ਅਥਾਹ ਸਮੁੰਦਰ ਠਾਠਾਂ ਮਾਰ ਰਿਹਾ ਸੀ। ਪੁਲੀਸ ਦੀ ਗਿਣਤੀ ਵੀ ਨਿਗੂਣੀ ਨਹੀਂ ਸੀ। ਕੋਈ ਟਾਵੀਂ ੨ ਵੋਟ ਭੁਗਤਣ ਵਾਲੀ ਰਹਿੰਦੀ ਹੋਵੇਗੀ ਜਦ ਮੈਂ ਪਹੁੰਚੀ। ਮੈਂ ਰਵਾਂ-ਰਵੀਂ ਤੇਰੇ ਏਜੰਟ ਕੋਲ ਜਾ ਖੜੀ। ਮੈਂ ਚੋਰ ਅੱਖ ਨਾਲ ਦੇਖਿਆ ਵਿਰੋਧੀ ਧਿਰ ਘੁਸਰ-ਮੁਸਰ ਕਰ ਰਹੀ

ਸੀ। ਮੈਂ ਵੋਟ ਤੈਨੂੰ ਪਾ ਆਈ। ਤੇਰੇ ਵਲ ਝਾਕ ਨਹੀਂ ਸੀ ਹੁੰਦਾ। ਜਿਵੇਂ ਹਵਾ 'ਚ ਉਡ ਰਿਹਾ ਹੋਵੇਂ। ਮੈਂ ਆਪਣੀ ਕਾਰ 'ਚ ਜਾ ਬੈਠੀ।

"ਇਕ ਮਿੰਟ।" ਕਾਰ ਸਟਾਰਟ ਕਰਦੇ ਡਰਾਈਵਰ ਨੂੰ ਮੈਂ ਕਿਹਾ ਤੂੰ ਭੱਜਿਆ ਆ ਰਿਹਾ ਸੀ। ਉਸਨੇ ਬਾਏਂ ਸਟਾਰਟਰ ਛੱਡ ਦਿੱਤਾ।

"ਤੁਹਾਡਾ ਲੱਖ ਲੱਖ ਸ਼ੁਕਰੀਆ ਕਰਤਾਰ।"

"ਸ਼ੁਕਰੀਆ...ਕਿਉਂ, ਮੇਰਾ ਫਰਜ਼ ਕੁਝ ਨਹੀ?—ਰੱਬ ਫਤਹਿ-ਯਾਬ ਕਰੇ।" ਮੈਂ ਉਪਰ ਨੂੰ ਹੱਥ ਜੋੜਕੇ ਅੱਖਾਂ ਮੀਟ ਲਈਆਂ, ਜਿਵੇਂ ਤੇਰੀ ਜਿੱਤ ਨੂੰ ਆਪਣੀ ਸਮਝਦੀ ਸਾਂ।

"ਬੱਸ, ਹੁਣ ਜਿੱਤਾਂ ਹੀ ਜਿੱਤਾਂ ਨੇ।" ਤੂੰ ਇਕ ਅਦਾ 'ਚ ਮੁਕਰਾਇਆ ਜੀਹਦੀ ਮੈਂ ਝੋਲੀ ਭਰ ਲਈ।

ਮੈਂ ਪਾਸ ਹੋਈ ਤੂੰ ਮੁਬਾਰਕਬਾਦ ਦੀ ਤਾਰ ਪਾਈ। ਚਿੱਠੀ ਪੱਤਰਾਂ 'ਚ ਅਸੀਂ ਮਿਲਦੇ ਰਹਿੰਦੇ। ਤੇਰੇ ਸੁਚੇ ਖਿਆਲਾਂ ਨੇ ਮੈਨੂੰ ਕੀਲ ਲਿਆ। ਜ਼ਿੰਦਗੀ ਦੀਆਂ ਗਲਤ ਕੀਮਤਾਂ ਵਿਰੁਧ ਲੜਨ ਦਾ ਬਲ ਬਖਸ਼ਿਆ। ਹਰ ਚਿਠੀ 'ਚ ਮਿਲਨ ਦਾ ਤੈਨੂੰ ਮੈਂ ਸੱਦਾ ਦਿੰਦੀ। ਤੂੰ ਕੋਈ ਨਾ ਕੋਈ ਕੰਮ ਕਹਿ ਟਾਲ ਦਿੰਦਾ। ਜਿਵੇਂ ਜ਼ਿੰਦਗੀ ਦੀਆਂ ਕੱਚੀਆਂ ਘੜੀਆਂ ਵੀ ਤੂੰ ਪਾਰਟੀ ਨੂੰ ਸੌਂਪ ਦਿਤੀਆਂ ਸਨ।

ਫਿਰ ਕਈ ਤਰ੍ਹਾਂ ਦੀਆਂ ਗੱਲਾਂ ਮੇਰੇ ਤੱਕ ਪੁਜੀਆਂ, ਗੁਰਜੰਗ ਤੇ ਉਸਦੀ ਜੁੰਡਲੀ ਤੈਨੂੰ ਖਿਲੇ ਲਾਉਣ ਦੀਆਂ ਸਕੀਮਾਂ ਬਣਾ ਰਹੀ ਸੀ। ਮਾਯੂਸ ਫਿਜ਼ਾ 'ਚ ਮੇਰਾ ਆਪਣਾ ਆਪਾ ਕੰਬਦਾ, ਜਾਗਦੀਆਂ ਅੱਖਾਂ ਮੂਹਰੇ ਵਿਕਰਾਲ ਨੰਗੀਆਂ ਤਲਵਾਰਾਂ ਲਿਸ਼ਕਦੀਆਂ, ਸਹੇਲੀਆਂ ਦਾ ਸਾਥ ਥਕਾਉਂਦਾ। ਮੈਂ ਅਗਲੀਆਂ ਚਿਠੀਆਂ 'ਚ ਅੰਦਰਲੇ ਡਰ ਤੈਨੂੰ ਲਿਖੇ, ਅਗੋਂ ਤੂੰ ਲਿਖਿਆ, "ਤਾਰੀ, ਕੁਝ ਕਰ ਦਿਖਾਉਣ ਵਾਲਿਆਂ ਨੂੰ ਨਤੀ-ਜਿਆਂ ਦੀ ਪ੍ਰਵਾਹ ਨਹੀਂ, ਹੁੰਦੀ। ਮੰਜ਼ਲੇ-ਮਕਸੂਦ ਤੋਂ ਉਰੇ ਉਹ ਹਰ ਮੁਕਾਮ ਮੰਝਧਾਰ ਸਮਝਦੇ ਹਨ। ਹੱਕ ਦੇ ਰਾਹ 'ਚ ਕੁਰਬਾਨੀਆਂ ਦੇਣ ਵਾਲੇ ਨਹੀਂ ਭੁਲਦੇ—ਭਜਣ ਵਾਲਿਆਂ ਨੂੰ ਕੌਣ ਮੂੰਹ ਲਾਉਂਦਾ।"

ਫਿਰ ਪਤਾ ਲੱਗਾ ਗੁਰਜੰਗ ਨੇ ਪੁਲੀਸ ਨਾਲ ਮਿਲਕੇ ਨਜਾਇਜ਼ ਸ਼ਰਾਬ ਤੇ ਅਸਲੇ ਦੇ ਤੇਰੇ ਪਿੰਡ-ਸਾਥੀਆਂ 'ਤੇ ਮੁਕੱਦਮੇ ਬਣਵਾ ਦਿਤੇ ਸਨ। ਤੇਰੇ ਵੱਲ ਵੋਟਾਂ ਪਾਉਣ ਵਾਲਿਆਂ ਨੂੰ ਕਈ ਤਰ੍ਹਾਂ ਦੀਆਂ ਤੰਗੀਆਂ ਦਿਤੀਆਂ ਜਾਂਦੀਆਂ। ਸਾਰੇ ਪਿੰਡ 'ਚ ਦਿਨ ਛਪਣ ਸਾਰ ਕੁੰਡੇ-ਜਿੰਦੇ ਲੱਗ ਜਾਂਦੇ। ਸਾਰੀ ਸਾਰੀ ਰਾਤ ਬੀਹੀਆਂ 'ਚ ਫਾਇਰਿੰਗ ਤੇ ਬਕੜਬਾਹ ਹੁੰਦਾ ਰਹਿੰਦਾ।

ਮੈਨੂੰ ਸੂਹ ਮਿਲੀ ਤੂੰ ਮਾਇਕ ਤੰਗੀ ਨਾਲ ਦੋ-ਚਾਰ ਏਂ। ਮੈਂ ਆਪਣੇ ਅਕਾਉਂਟ 'ਚੋਂ ਪੰਜ ਹਜ਼ਾਰ ਕਢਾ ਤੇਰੇ ਨਾਂ ਭੇਜ ਦਿੱਤਾ, ਅਠਵੇਂ ਦਿਨ ਸਾਰੇ ਪੈਸੇ ਇਕ ਚਿੱਟ ਸਣੇ ਮੁੜ ਆਏ। "ਚੰਨੀ, ਕਿਹੜੇ ਸ਼ਬਦਾਂ ਦਾ ਧੰਨਵਾਦ ਕਰਾਂ, ਮੈਂ ਹਰ ਤਰ੍ਹਾਂ ਸੰਤੁਸ਼ਟ ਹਾਂ। ਸੋਚਦਾ ਹਾਂ ਐਨੇ ਪੈਸਿਆਂ ਨਾਲ ਕਿਤੇ ਅਯਾਸ਼ ਨਾ ਬਣ ਜਾਵਾਂ—ਨਰਾਜ਼ ਨਾ ਹੋਣਾ—ਸੁਖਦੀਪ।"

ਤੇਰੇ ਤਿਆਗ ਨੂੰ ਮੈਂ ਅੱਖਾਂ ਤੇ ਰਖ ਲਿਆ। ਹੋਰ ਕਰਦੀ ਵੀ ਕੀ। ਫਿਰ ਤੇਰੀ ਚਿੱਠੀ ਆਈ। ਤੂੰ ਆਪਣੇ ਪਿੰਡ ਦੇ ਗੰਭੀਰ ਮਸਲਿਆਂ ਤੇ ਵੀਚਾਰ ਕਰਨ ਲਈ ਜ਼ਿਲ੍ਹਾ ਲੈਵਲ ਤੇ ਆਪਣੀ ਪਾਰਟੀ ਦੀ ਮੀਟਿੰਗ ਆਪਣੇ ਪਿੰਡ ਸੱਦੀ ਸੀ। ਮੀਟਿੰਗ ਤੋਂ ਬਾਅਦ ਇਕ ਰੰਗਾ-ਰੰਗ ਕਲਚਰਲ ਪ੍ਰੋਗਰਾਮ ਵੀ ਕਰਨਾ ਸੀ। ਤੂੰ ਮੈਨੂੰ ਸੂਹੀਆਂ ਮੁਸਕਾਨਾਂ ਨਾਲ ਸੱਦਾ ਦਿਤਾ, ਐਡਾ ਪ੍ਰੋਗਰਾਮ ਮੈਂ ਕਿਵੇਂ ਛਡਦੀ।

ਮੀਟਿੰਗ ਵਿਚ ਅਹਿਮ ਮਸਲਿਆਂ ਤੇ ਤਸੱਲੀ ਭਰਪੂਰ ਬਹਿਸ ਹੋਈ। ਗੁਰਜੰਗ ਦੇ ਰਵਈਏ ਵਿਰੁਧ ਵੱਡਾ ਰੋਸ ਜਲੂਸ ਕੱਢਣ ਦਾ ਫੈਸਲਾ ਕੀਤਾ ਗਿਆ। ਮੈਂ ਖੁਸ਼ੀ ਖੁਸ਼ੀ ਉਸ ਰੋਸ ਜਲੂਸ ਦੀ ਅਗਵਾਈ ਕਰਨ ਦਾ ਪ੍ਰਣ ਲਿਆ ਤਾੜੀਆਂ ਵੱਜੀਆਂ, ਮੁਸਕ੍ਰਾਹਟਾਂ ਮੇਰੇ ਵੱਲ ਸੁਟੀਆਂ ਗਈਆਂ।

ਰਾਤ ਨੂੰ ਮੰਚ ਤੇ ਧੂਆਂ-ਧਾਰ ਤਕਰੀਰਾਂ ਤੇ ਤੇਰੀਆਂ ਗ਼ਜ਼ਲਾਂ ਨੇ ਰੰਗ ਬੰਨਿਆ। ਕੌਣ ਅੰਦਾਜ਼ਾ ਲਾਉਂਦਾ ਲੋਕਾਂ ਦੀ ਤਦਾਦ ਦਾ ਤੇ ਉਹਨਾਂ ਦੇ ਭਖਦੇ ਹੌਸਲੇ ਦਾ। ਸਾਰਾ ਮਹੌਲ ਪੁਰ-ਅਮਨ ਸੀ।

ਰਾਤ ਨੂੰ ਤੂੰ ਮੈਨੂੰ ਆਪਣੇ ਘਰ ਲੈ ਗਿਆ ਜਿਵੇਂ ਮੈਨੂੰ ਪਈ ਨੂੰ ਸਾਡੀ ਪੁਰਾਣੀ ਹਵੇਲੀ ਦੀ ਜਰਜਰੀ ਕੰਧ ਸਾਫ ਦਿਖਾਈ ਦੇ ਰਹੀ ਸੀ। ਤੂੰ ਵਰਕਰਾਂ ਨੂੰ ਸਾਂਭਣ ਦਾ ਇੰਤਜ਼ਾਮ ਕਰ ਰਿਹਾ ਸੈਂ—ਵਿਆਹ ਵਰਗੀ ਚਹਿਲ-ਪਹਿਲ ਸੀ।

ਫਿਰ ਰੋਸ-ਜਲੂਸ ਦੀ ਮਹਾਨਤਾ ਕਿੰਝ ਗਿਣਾਵਾਂ, ਨਾਹਰਿਆਂ ਦੀ ਗੂੰਜ ਅਸਮਾਨ ਛੂੰਹਦੀ। ਡਿਪਟੀ ਕਮਿਸ਼ਨਰ ਨੇ ਖੁਦ ਬਾਹਰ ਆਕੇ ਰੋਸ-ਪੱਤਰ ਫੜਿਆ। ਉਸ ਦਿਨ ਕਿੰਨੇ ਪਿਆਰ ਨਾਲ ਤੈਥੋਂ ਵਿਦਾ ਹੋਈ ਸਾਂ। ਤੂੰ ਹੱਥ ਘੁਟ ਰਿਹਾ ਸੀ, "ਤਾਰ, ਤੇਰੀ ਦਲੇਰੀ ਨੂੰ ਮੈਂ ਤੇ ਮੇਰੀ ਪਰਟੀ ਫਰਾਮੋਸ਼ ਨਹੀਂ ਕਰ ਸਕਦੀ।"

ਦਿਲਾ, ਤੇਰੇ ਹੀ ਪਾਏ ਪੂਰਨਿਆਂ ਤੇ ਚੱਲੀ ਹਾਂ! ਪਰ ਜ਼ਾਹਰਾ ਮੈਂ ਕਿਹਾ "ਕੋਈ ਇਵਜ਼ਾਨਾ ਦੇਣ ਦੀ ਤਾਂ ਸਲਾਹ ਨਹੀਂ ਜਨਾਬ ਦੀ।" ਮੈਂ ਸਾਰੀ ਸੰਦਲੀ ਹੋ ਗਈ। ਚਿਤ ਨੇ ਇਕ ਉਲਾਰ ਖਾਧਾ ਇਕ ਜ਼ਬਤ ਨੇ ਉਠੀਆਂ ਕਲਾਈਆਂ ਬਾਏਂ ਰੋਕ ਲਈਆਂ।

"ਮੰਗਿਆਂ ਕੁਝ ਨਹੀਂ ਮਿਲਦਾ ਬੱਚਾ, ਔਰ ਜਪ-ਤਪ ਮੈਂ ਧਿਆਨ ਲਗਾਓ।" ਤੂੰ ਹਸ ਕੇ ਸਾਰੀ ਫਿਜ਼ਾ 'ਚ ਸ਼ਹਿਦ ਘੋਲ ਦਿਤਾ। ਦੂਸਰੇ ਪਲ ਸਾਈਕਲ ਤੇ ਚੜ੍ਹੇ ਜਾ ਰਹੇ ਦੀ ਤੇਰੀ ਪਿਠ ਵੱਲ ਸਧਰਾਈਆਂ ਨਜ਼ਰਾਂ ਨਾਲ ਦੇਖ ਰਹੀ ਸਾਂ।

ਦੂਸਰੇ ਦਿਨ ਸਵੱਖਤੇ ਇਕ ਬੰਬ ਮੇਰੇ ਸਿਰ ਆ ਵੱਜਾ। ਖਬਰ ਸੀ: ਕੋਈ ਟਰੱਕ ਤੈਨੂੰ ਤੇ ਤੇਰੇ ਸਾਈਕਲ ਨੂੰ ਲਿਤਾੜਦਾ ਨਿਕਲ ਗਿਆ। ਪੁਲੀਸ ਪਤਾ ਲਾਉਣ 'ਚ ਸਰਗਰਮ ਹੈ। ਤੂੰ ਜ਼ਿੰਦਾ ਨਾ ਰਿਹਾ—ਤੇਰਾ ਸਾਈਕਲ ਵੀ ਕਹਿੰਦੇ ਚੂਰ ਹੋ ਗਿਆ। ਰੋਸ਼-ਜਲੂਸ ਨਾਲੋਂ ਵੱਧ ਤੇਰੀ ਅਰਥੀ ਨਾਲ ਜਾ ਰਹੇ ਸਨ। ਪਤਾਸ਼ੇ ਵੰਡਣ ਵਾਲੀਆਂ ਮੈਥੋਂ ਸਹਾਰੀਆਂ ਨਾ ਜਾਂਦੀਆਂ।

ਇਕ ਹੋਰ ਘਟਨਾ ਯਾਦ ਆ ਗਈ। ਸਾਡੀ ਨਵੀਂ ਕੋਠੀ ਬਣ ਰਹੀ ਸੀ। ਪਿਤਾ ਜੀ ਜਿਉਂਦੇ ਸਨ। ਮੇਰਾ ਹਾਣੀ ਅੰਬ ਦਾ ਬੂਟਾ ਖੜਾ ਸੀ। ਨਕਸ਼ੇ ਮੁਤਾਬਕ ਬਰਾਮਦੇ ਦੀ ਨੀਂਹ ਦੇ ਐਨ ਵਿਚ ਉਹ ਬੂਟਾ ਆਉਂਦਾ ਸੀ। ਮੈਂ ਉਸ ਨੂੰ ਪਾਣੀ ਪਾ ਪਾ ਪਾਲਿਆ ਸੀ। ਮੈਂ ਚਾਹੁੰਦੀ ਸਾਂ ਨੀਂਹ ਉਰੇ—ਪਰੇ ਦੀ ਹੋ ਜਾਵੇ ਪਰ ਉਹ ਬੂਟਾ ਨਾ ਪੱਟਿਆ ਜਾਵੇ। ਇੰਜਨੀਅਰ ਕਹਿੰਦਾ—ਡੀਜ਼ਾਇਨ ਖਰਾਬ ਹੋਵੇਗਾ। ਪਿਤਾ ਜੀ ਕਹਿੰਦਾ ਏਹੋ ਜਹੇ ਬੂਟਿਆਂ ਦੀ ਮੈਨੂੰ ਕੋਈ ਪ੍ਰਵਾਹ ਨਹੀਂ। ਉਸ ਚੰਦਰੇ ਨੂੰ ਉਸ ਸਾਲ ਕਿੰਨਾ ਸੋਹਣਾ ਬੂਰ ਪਿਆ ਸੀ। ਵੱਢ ਦਿਤਾ ਗਿਆ। ਉਹ ਅਨੱਰਥ ਮੇਰੀਆਂ ਅੱਖਾਂ ਸਾਹਮਣੇ ਹੋਇਆ ਸੀ, ਤੇ ਇਹ ਦੂਸਰਾ ਮੇਰੀਆਂ ਅੱਖਾਂ ਤੋਂ ਪਰੇ—ਮਕਸਦ ਇਕੋ ਸੀ, ਆਪਣੇ ਨਿਜੀ ਫਾਇਦੇ ਲਈ ਇਕ ਨੂੰ ਵੱਢ ਦੇਣਾ, ਇਕ ਨੂੰ ਕੁਚਲ ਦੇਣਾ।

ਹਾਣੀਆਂ, ਕੁਰਬਾਨੀਆਂ ਦੀ ਯਾਦ ਮਨਾਉਣਾ ਵੀ ਨਵੇਂ ਬੂਟੇ ਪੈਦਾ ਕਰਨਾ ਹੈ। ਫਿਕਰ ਨਾ ਕਰੀਂ, ਹਰਜੀਤ ਤੇ ਮਾਤਾ ਜੀ ਦੀ ਸੇਵਾ ਦੀ ਪਹੁਲ ਮੈਂ ਆਪਣੇ ਹਥ ਲੈ ਲਈ ਹੈ। ਅੱਜ ਤੇਰੀ ਦੂਜੀ ਬਰਸੀ ਮਨਾਉਣ ਸਮੇਂ ਕਿੰਨੀ ਅਸੀਮ ਖੁਸ਼ੀ ਅਨੁਭਵ ਹੋ ਰਹੀ ਹੈ। ○ ○

(FORT ST. JOHN, B.C.)

# ਸਮੇਂ ਦੇ ਬੇਲਨੇ ਵਿਚ

ਸੂਫ਼ੀ ਅਮਰਜੀਤ

ਇਹ ਉਸ ਦੀ ਆਦਤ ਹੀ ਬਣ ਗਈ ਸੀ ਕਿ ਜਦੋਂ ਕਿਸੇ ਦੂਸਰੇ ਬੰਦੇ ਦੀ ਗੱਲ ਕਰਦਾ, ਜਿਸ ਨੂੰ ਪਹਿਲਾਂ ਮਿਲਿਆ ਹੋਵੇ ਜਾਂ ਉਸਦਾ ਦੋਸਤ ਹੀ ਕਿਉਂ ਨਾ ਹੋਵੇ, ਉਸ ਨੇ ਉਸ ਦੇ ਬੋਲਣ ਢੰਗ ਦੀ ਸਾਂਗ ਲਾ ਖੁਲ੍ਹ ਕੇ ਹੱਸਣਾ। ਉਸ ਦਾ ਉੱਚੀ ਹੱਸਣਾ ਬਿਲਕੁਲ ਹੀ ਅਕਾਊ ਜਾਂ ਓਪਰਾ ਨਹੀਂ ਲੱਗਦਾ ਸੀ, ਕਿਸੇ ਨਾਵਾਕਫ ਬੰਦੇ ਨਾਲ ਵੀ ਕੁਝ ਕੁ ਮਿੰਟਾਂ ਵਿੱਚ ਇਸ ਤਰ੍ਹਾਂ ਗੱਲਾਂ ਮਾਰਨ ਲੱਗ ਜਾਂਦਾ ਜਿਵੇਂ ਕਿਤੇ ਕਈ ਸਾਲਾਂ ਦਾ ਵਾਕਫ ਹੋਵੇ। ਨਾਲੇ ਉਸ ਨੇ ਕਿਹੜਾ ਕਿਸੇ ਖਾਸ ਮਕਸਦ ਲਈ ਗੱਲ ਕਰਨੀ ਹੁੰਦੀ ਸੀ, ਜਿਹੋ ਜਿਹੀ ਕੋਈ ਗੱਲ ਤੋਰਦਾ, ਬੱਸ ਉਸ ਦੇ ਨਾਲ ਲੜੀ ਜੋੜ ਜੋੜ ਲੰਬੀ ਕਹਾਣੀ ਬਣਾ ਦਿੰਦਾ ਸੀ। ਸੁਣਨ ਵਾਲਾ ਸੋਚਦਾ ਕਿ ਇਹ ਬੰਦਾ ਤਾਂ ਲੰਬੇ ਜੀਵਨ ਤਜਰਬੇ ਦਾ ਮਾਲਕ ਹੈ। ਉਹ ਸੁਣਨ ਵਾਲੇ ਨੂੰ ਗੱਲ ਦਾ ਯਕੀਨ ਦੁਆਣ ਲਈ, ਲੋੜ ਅਨੁਸਾਰ ਮਨਘੜਤ ਕਹਾਣੀ ਘੜਦਾ ਹੋਇਆ, ਝੂਠ ਦਾ ਸੌਖਿਆਂ ਹੀ ਸਹਾਰਾ ਲੈ ਲੈਂਦਾ ਸੀ।

ਦੇਸ ਉਸ ਦੇ ਜ਼ਿੰਮੇ ਕਰਜ਼ਿਆਂ ਦੀ ਪੰਡ ਸੀ। ਹੱਥ ਉਧਾਰ ਵੀ ਕਾਫੀ ਹੋ ਚੁੱਕਿਆ ਸੀ। ਉਸ ਨੇ ਇਕ ਭੱਠੇ ਵਿਚ ਵੀ ਹਿੱਸਾ ਪਾਇਆ, ਪਰ ਕੁਝ ਆਮਦਨ ਹੋਣ ਦੀ ਥਾਵੇਂ ਖਰਚ ਹੋਰ ਵਧ ਗਏ। ਇੰਨਕਮ ਟੈਕਸ ਅਤੇ ਤਕਾਵੀਆਂ ਦੀ ਵਸੂਲੀ ਲਈ ਕਈ ਵਾਰ ਸੰਮਣ ਆ ਚੁੱਕੇ ਸਨ। ਉਹ ਕਨੇਡਾ ਜਾਣ ਲਈ ਵਿਉਂਤਾ ਬਣਾਉਂਦਾ ਜਿਸ ਨੂੰ ਉਹ ਧੰਨ ਦਾ ਕਲਪ ਬਿਰਛ ਸਮਝਦਾ ਸੀ ਜਿਥੋਂ ਜਾ ਕੇ ਉਸ ਪੈਸੇ ਛੌੜੇ ਨਾਲ ਹੂੰਝ ਹੀ ਲੈਣੇ ਸਨ।

ਜਿਸ ਵੇਲੇ ਕਨੇਡਾ ਵੱਲ ਨੂੰ, ਸੈਰ ਦੇ ਬਹਾਨੇ ਆ ਕੇ ਰਹਿਣ ਵਾਲੇ ਲੋਕਾਂ ਦੀਆਂ ਵਹੀਰਾਂ ਹੀ ਠਿੱਲ ਪਈਆਂ ਸਨ, ਤਾਂ ਉਨ੍ਹਾਂ ਵਿਚ ਉਹ ਵੀ ਇਕ ਆਉਣ ਵਾਲਾ ਬੰਦਾ ਸੀ। ਉਹ ਹਵਾਈ ਅੱਡੇ ਉਤੇ ਪੁੱਛ-ਗਿਛ ਸਮੇਂ, ਟੁੱਟੀ ਫੁੱਟੀ ਅੰਗਰੇਜ਼ੀ ਦੇ ਸਹਾਰੇ, ਬਿਨਾ ਜ਼ਮਾਨਤ ਰਖਾਇਆਂ, ਤਿੰਨ ਮਹੀਨੇ ਦੀ ਮਿਆਦ ਲੈ ਕੇ ਨਿਕਲ ਆਇਆ ਸੀ। ਉਸਦੇ ਭੈਣ ਭਣੋਈਆ ਏਥੇ ਪਹਿਲਾਂ ਹੀ ਰਹਿੰਦੇ ਸਨ। ਉਹ ਉਸ ਨੂੰ ਕਨੇਡਾ ਵਿਚ ਸੱਦਣਾ ਨਹੀਂ ਚਾਹੁੰਦੇ ਸਨ। ਉਹ ਇਸ ਨੂੰ ਬਹੁਤਾ ਹੀ ਚਾਲਾਕ ਅਤੇ ਹੇਰਾ ਫੇਰੀ ਵਾਲਾ ਬੰਦਾ ਸਮਝਦੇ ਸੀ ਮਤਾਂ ਕੋਈ ਪੁਆੜਾ ਖੜਾ ਕਰ ਦੇਵੇ। ਭਾਵੇਂ ਸੀ ਉਹ ਵੀ ਓਨੇ ਹੀ ਸੱਪ।

ਮਹੀਨੇ ਕੁ ਮਗਰੋਂ ਉਸ ਕਨੇਡਾ ਰਹਿਣ ਦੀ ਅਰਜ਼ੀ ਦੇ ਦਿੱਤੀ। ਉਸ ਕੋਲ ਉਹ ਜ਼ਰੂਰੀ ਕਾਗ਼ਜ਼ ਨਹੀਂ ਸਨ ਜੋ ਅਫਸਰ ਨੂੰ ਇਹ ਸਾਬਤ ਕਰ ਸਕਦੇ ਕਿ ਉਸ ਦੀ ਸਕੀ ਭੈਣ ਏਥੇ ਹੈ। ਪ੍ਰੰਤੂ ਅਫਸਰ ਨੇ ਅਰਜ਼ੀ ਇਸ ਸ਼ਰਤ ਉਤੇ ਪਰਵਾਨ ਕਰ ਲਈ ਕਿ ਉਹ ਲੋੜੀਂਦੇ ਕਾਗ਼ਜ਼ ਕੁਝ ਸਮੇਂ ਵਿਚ ਵਿਖਾ ਦੇਵੇ। ਏਸੇ ਕਾਰਨ ਉਸ ਨੂੰ ਕੰਮ ਕਰ ਸਕਣ ਦਾ ਪਰਮਟ ਵੀ ਨਾ ਮਿਲਿਆ।

ਲੋੜੀਂਦੇ ਕਾਗ਼ਜ਼ ਦਾ ਪ੍ਰਬੰਧ ਕਰਨ ਲਈ ਉਸ ਦਾ ਭਣੋਈਆ ਦੇਸ਼ ਜਾਣ ਲਈ ਤਿਆਰ ਹੋ ਗਿਆ। ਇਕ ਫਾਰਮ ਦੇ ਠੇਕੇਦਾਰ ਕੋਲ ਚੋਰੀ ਕੰਮ ਕਰਕੇ, ਉਸਨੇ ਦੋ ਹਜ਼ਾਰ ਕੁ ਡਾਲਰ ਜੋੜਿਆ ਸੀ ਜੋ ਉਹ ਭਣੋਈਏ ਸਾਹਿਬ ਨੂੰ ਭੇਟ ਕਰਨਾ ਪਿਆ। ਦੇਸ਼ ਜਾ ਕੇ ਉਸ ਹੋਰ ਇਕ ਹਜ਼ਾਰ ਡਾਲਰ ਦੀ ਲੋੜ ਦੀ ਚਿੱਠੀ ਲਿਖ ਭੇਜੀ। ਭਾਵੇਂ ਉਹ ਜਾਣਦਾ ਸੀ ਕਿ ਪੈਸੇ ਚਾੜ੍ਹਨ ਤੋਂ ਬਿਨਾ ਕੋਈ ਕੰਮ ਨਹੀਂ ਬਣ ਸਕਦਾ, ਪਰ ਉਹ ਸਮਝਦਾ ਸੀ ਕਿ ਇਹ ਨਿਰੋਲ ਠੱਗੀ ਵੱਜ ਰਹੀ ਹੈ ਪਰ ਹੁਣ 'ਫਸ ਗਈ ਤਾਂ ਫਟਕਣ ਕੀ' ਕਹਿਕੇ ਦਿਲ ਨੂੰ ਤਸੱਲੀ ਦੇ ਛੱਡਦਾ। ਉਸ ਨੇ ਆਪਣੇ ਭਣੋਈਏ ਨੂੰ ਜਾਣ ਵੇਲੇ ਚੱਲ ਰਹੇ ਜ਼ਮੀਨ ਦੇ ਝਗੜੇ ਦਾ ਪਤਾ ਕਰਕੇ ਆਉਣ ਲਈ ਤਾਕੀਦ ਕੀਤੀ ਸੀ। ਉਸ ਸੋਚਿਆ ਸੀ ਕਿ ਇਸ ਜਾਣਾ ਤਾਂ ਹੈ ਹੀ ਪਤਾਕਰ ਆਵੇਗਾ। ਇਕ ਹਜ਼ਾਰ ਡਾਲਰ ਹੋਰ ਦੀ ਮੰਗ ਵਾਲੀ ਚਿੱਠੀ ਵਿਚ ਇਹ ਵੀ ਲਿਖਿਆ ਆਇਆ ਸੀ ਕਿ ਜ਼ਮੀਨ ਦੇ ਝਗੜੇ ਦਾ ਮੁਕਦਮਾ ਜਿਸ ਮੈਜਿਸਟਰੇਟ ਕੋਲ ਹੈ, ਉਹ ਉਸ ਦਾ ਮਿੱਤ੍ਰ ਹੈ। ਪਰ ਇਸ ਲਈ ਤਦ ਹੀ ਕੁਝ ਹੋ ਸਕਦਾ ਹੈ ਜੇ ਉਹ ਉਸ ਦੇ ਨਾਂ ਜ਼ਮੀਨ ਦਾ ਮੁਖਤਾਰਨਾਮਾ ਬਣਵਾ ਕੇ ਮੁੜਦੀ ਡਾਕ ਹੀ ਭੇਜ ਦੇਵੇ। ਜੋ ਉਸ ਨੇ ਕੰਮ ਬਣਦਾ ਵੇਖ ਕੇ ਡਰਾਫਟ ਦੇ ਨਾਲ ਹੀ ਰਜਿਸਟ੍ਰੀ ਕਰਵਾ ਦਿਤਾ।

ਜਦੋਂ ਕੋਈ ਉਸਦਾ ਦੋਸਤ ਉਸ ਦੇ ਭਣੋਈਏ ਦੇ ਆਉਣ ਬਾਰੇ ਪੁੱਛਦਾ ਤਾਂ ਉਹ ਹੱਥ ਉਤੇ ਹੱਥ ਮਾਰ ਇਕ ਠਹਾਕਾ ਮਾਰਕੇ ਹੱਸਦਾ ਹੋਇਆ ਕਹਿੰਦਾ, "ਉਸਤਾਦ ਜੀ ਦੀ ਗੱਲ ਕਰਦੇ ਹੋ ? ਜਦੋਂ ਏਧਰ ਸਾਡੇ ਰਗੜਾ ਲਾ ਕੇ ਗਏ ਹਨ ਕੀ ਓਧਰੋਂ ਖਾਲੀ ਹੱਥ ਹੀ ਮੁੜ ਆਉਣਗੇ ? ਕਈਆਂ ਨੂੰ ਏਧਰ ਸੱਦਣ ਦੀਆਂ ਝੂਠੀਆਂ ਤਸੱਲੀਆਂ ਦੇ, ਕਿਸੇ ਦਾ ਪੁੱਤ, ਕਿਸੇ ਦੀ ਧੀ ਦੇ ਰਿਸ਼ਤਿਆਂ ਦੀ ਪੱਕੀ ਗੱਲ ਦੇ ਲਾਰੇ...ਦੇਖਿਓ ਸਹੀ, ਤੁਸੀਂ ਉਨ੍ਹਾਂ ਤੋਂ ਉਨ੍ਹਾਂ ਦੀ ਜ਼ਬਾਨੀ ਹੀ ਉਨ੍ਹਾਂ ਦੇ ਚਮਤਕਾਰਾਂ ਦੀ ਵਿਥਿਆ ਸੁਣਨਾ। ਮੈਂ ਉਨ੍ਹਾਂ ਦੀ ਹੇਰਾ ਫੇਰੀ ਦੀ ਕਾਮਯਾਬੀ ਉਤੇ ਹੀ ਤਸੱਲੀ ਕਰੀ ਬੈਠਾ ਹਾਂ।" ਉੱਤਰ ਸੁਣ ਜਦੋਂ ਉਸ ਦੇ ਦੋਸਤ ਹੱਸਦੇ ਤਾਂ ਨਾਲ ਹੀ ਉਹ ਵੀ ਜ਼ੋਰ ਜ਼ੋਰ ਦੀ ਹੱਸਣ ਲੱਗ ਪੈਂਦਾ।

ਤੀਜੇ ਮਹੀਨੇ ਜਦੋਂ ਉਹ ਦੇਸੋਂ, ਕਾਗਜ਼ਾਂ ਦਾ ਪ੍ਰਬੰਧ ਕਰ ਅਤੇ ਮੁਕੱਦਮਾ ਜਿੱਤ ਮੁੜਿਆ ਤਾਂ ਉਹ ਜ਼ਮੀਨ ਵੇਚ ਕੇ ਰਕਮ ਆਪਣੇ ਨਾਂ ਬੈਂਕ ਵਿਚ ਜਮ੍ਹਾਂ ਕਰਵਾ ਆਇਆ ਸੀ ਤੇ ਜਦੋਂ ਕਾਗਜ਼ ਇਮੀ-ਗਰੇਸ਼ਨ ਅਫਸਰ ਨੂੰ ਦਿਆਉਣ ਗਏ ਤਾਂ ਉਥੇ ਨਵਾਂ ਅਫਸਰ ਸੀ, ਉਸ ਨੇ ਕਾਗਜ਼ ਲੈ ਕੇ ਫਿਰ ਚਿਠੀ ਲਿਖਕੇ ਦੱਸਣ ਲਈ ਕਹਿ ਘਰ ਨੂੰ ਮੋੜ ਦਿੱਤਾ।

ਘਰ ਆਇਆਂ ਨੂੰ ਉਸ ਦੀ ਭੈਣ ਨੇ ਦੱਸਿਆ ਕਿ ਫਾਰਮ ਵਿਚ ਕੰਮ ਕਰਨ ਵਾਲੇ ਉਸ ਦੇ ਦੋਸਤ ਦਾ ਫੂਨ ਆਇਆ ਹੈ, ਉਸ ਨੇ ਸੁਨੇਹਾ ਦਿੱਤਾ ਹੈ ਕਿ ਜੇ ਕਰ ਉਹ ਮੁਰਗੀ ਫਾਰਮ ਵਿਚ ਕੰਮ ਕਰਨਾ ਚਾਹੁੰਦਾ ਹੈ ਤਾਂ ਭਲਕੇ ਉਸ ਕੋਲ ਆ ਜਾਵੇ। ਕੰਮ ਦੇ ਪਰ-ਮਟ ਦੀ ਫਿਕਰ ਕਰਨ ਦੀ ਲੋੜ ਨਹੀਂ, ਫਾਰਮ ਵਾਲਾ ਗੋਰਾ ਆਪੇ ਸਾਂਭ ਲਵੇਗਾ। ਕੰਮ ਦੇ ਪਰਮਟ ਤੋਂ ਖਾਲੀ ਦਫਤਰੋਂ ਨਾ-ਖੁਸ਼ ਮੁੜੇ ਦੇ ਮੂੰਹ ਤੇ ਛਾਈ ਉਦਾਸੀ, ਰੁਜ਼ਗਾਰ ਦੀ ਆਸ ਨੇ ਲਾਹ ਦਿੱਤੀ।

ਅਗਲੀ ਸੁਵੇਰ ਉਹ ਮੁਰਗੀ ਫਾਰਮ ਉਤੇ ਪਹੁੰਚ ਗਿਆ। ਉਸ ਦਾ ਦੋਸਤ ਉਸ ਦੀ ਉਡੀਕ ਵਿਚ ਖੜਾ ਹੀ ਸੀ। ਦੋਵੇਂ ਫਾਰਮ ਦੇ ਦਫਤਰ ਜਾ ਵੜੇ ਅਤੇ ਗੋਰੇ ਨੇ ਉਸ ਨੂੰ ਕੰਮ ਉਤੇ ਰੱਖ ਲਿਆ!

ਹਾਲੇ ਕੰਮ ਉਤੇ ਲੱਗੇ ਨੂੰ ਤੀਜਾ ਹਫਤਾ ਹੀ ਹੋਇਆ ਸੀ ਕਿ ਬਿਨਾ ਪਰਮਟ ਚੋਰੀ ਕੰਮ ਕਰਨ ਵਾਲਿਆਂ ਦੀ ਪੜਤਾਲ ਕਰਨ ਲਈ ਇੰਮੀਗ੍ਰੇਸ਼ਨ ਅਤੇ ਪੁਲਿਸ ਦਾ ਛਾਪਾ ਪੈ ਗਿਆ। ਹੋਰ ਵੀ ਕਈ ਪੰਜਾਬੀ ਕੰਮ ਕਰਦੇ ਸਨ। ਬਾਕੀ ਸਭ ਕੋਲ ਕੰਮ ਕਰ ਸਕਣ ਦਾ ਪਰਮਟ ਸੀ। ਇਹੋ ਕੱਲਾ ਬਿਨਾ-ਪਰਮਟ ਸੀ। ਕੁਦਰਤੀ ਉਸ ਦਿਨ ਮੁਰਗੀ ਫਾਰਮ ਵਾਲਾ ਗੋਰਾ ਉਥੇ ਨਹੀਂ ਸੀ। ਇਕ ਹੋਰ ਪੰਜਾਬੀ ਮੁੰਡਾ ਇਨ੍ਹਾਂ ਦਾ ਸੁਪਰਵਾਈਜ਼ਰ ਸੀ। ਉਹ ਬੜਾ ਚੁਸਤ ਸੀ, ਦੇਸ਼ ਠੇਕੇਦਾਰੀ ਅਤੇ ਸਮਗਲਿੰਗ ਕਰਦਾ ਆਇਆ ਸੀ। ਪੁਲਸ ਵਾਲੇ ਉਸ ਨੂੰ ਪੁਛ-ਗਿਛ ਕਰਨ ਲੱਗੇ। ਉਸ ਨੇ ਕਿਹਾ ਕਿ 'ਫਾਰਮ ਦਾ ਮਾਲਕ ਹੈ ਨਹੀਂ ਫਿਰ ਆ ਕੇ ਪਤਾ ਕਰ ਲੈਣਾ।' ਪਰ ਪੁਲਸ ਵਾਲੇ ਕਾਹਦੇ ਹੋਏ ਜੋ ਇਸੇ ਉਤਰ ਨੂੰ ਸੁਣ ਮੁੜ ਜਾਂਦੇ।

ਏਧਰ ਇਸ ਨੇ ਦੂਰੋਂ ਹੀ ਪੁਲਸ ਦੇ ਬੰਦੇ ਦੇਖ ਕੇ ਅਨੁਮਾਨ ਲਾ ਲਿਆ ਕਿ ਕੱਠ ਤਾਂ ਸਾਧ ਦੀ ਕੁਰੀ ਉਤੇ ਹੀ ਜਾਪਦਾ ਹੈ। ਉਸ ਨੇ ਇਨ੍ਹਾਂ ਦਿਨਾਂ ਵਿਚ ਇਸ ਤਰ੍ਹਾਂ ਦੇ ਛਾਪਿਆਂ ਦੀਆਂ ਗੱਲਾਂ ਆਮ ਹੀ ਸੁਣੀਆਂ ਸਨ। ਉਹ ਇਕ ਵੱਡੇ ਮੁਰਗੀਆਂ ਦੇ ਝੁੰਡ ਨੂੰ, ਇਕ ਕੋਨੇ ਵਿਚ ਘੇਰ ਕੇ ਲਿਜਾ ਰਿਹਾ ਸੀ। ਉਸ ਮਨ ਹੀ ਮਨ ਵਿਚ ਬਚਕੇ ਨਿਕਲਣ ਦੀ ਸੋਚੀ। ਉਹ ਛਾਪੇ ਵਾਲੇ ਬੰਦਿਆਂ ਵੱਲ ਬੇ-ਧਿਆਨੀ ਦਿਖਾਉਂਦਿਆਂ, ਹੱਥ ਵਿਚ ਫੜੀ ਪਤਲੀ ਸੋਟੀ ਕਾਹਲ਼ੀ ਨਾਲ ਏਧਰ ਓਧਰ ਘੁਮਾਉਂਦਾ, ਮੁੜ ਮੁੜ ਧਰਤੀ ਉਤੇ ਮਾਰਦਾ, ਹਾਤ-ਹੂਤ ਛੀਤ-ਛਾਤ ਕਰਦਾ ਵੱਡੇ ਕੋਠੇ ਦੇ ਓਹਲੇ ਹੋ ਗਿਆ। ਫੇਰ ਕੀ ਸੀ, ਸੋਟੀ ਉਥੇ ਹੀ ਸੁੱਟ, ਮੁਰਗੀਆਂ ਨੂੰ ਛੱਡ, ਲੰਬੀਆਂ ਪੁਲਾਂਘਾ ਪੁੱਟਦਾ, ਮੁਰਗੀ-ਫਾਰਮ ਦੁਆਲੇ ਵਲੀ ਲੱਕ ਜਿੰਨੀ ਉਚੀ ਜਾਲੀ-ਦਾਰ ਤਾਰ ਦੀ ਵਾੜ ਛਾਲ ਮਾਰ ਕੇ ਔਹ ਗਿਆ। ਇਕ ਪੁਲਸੀਏ ਨੇ ਭੱਜੇ ਜਾਂਦੇ ਨੂੰ ਵੇਖਣ ਸਾਰ ਹੀ ਮਗਰੇ ਭੂਟ ਵੱਟ ਦਿੱਤੀ। ਜਦੋਂ ਕੋਈ ਖ਼ਤਰਿਆਂ ਵਿਚ ਘਿਰਿਆ ਬਚਾਓ ਲਈ ਨੱਠਦਾ ਹੈ ਤਾਂ ਉਸ ਦੀ ਰਫ਼ਤਾਰ ਆਮ ਨਾਲੋਂ ਤੇਜ਼ ਹੋ ਜਾਣੀ ਸੁਭਾਵਕ ਹੀ ਹੁੰਦੀ ਹੈ। ਇਸ ਦੀਆਂ ਲੰਬੀਆਂ ਪਤਲੀਆਂ ਲੱਤਾਂ ਉਤੇ ਟਿਕੇ, ਲੰਬੀ ਗਰਦਨ ਵਾਲੇ ਲੰਬੇ ਧੜ ਸਮੇਤ, ਛੇ ਫੁੱਟ ਤੋਂ ਵੀ ਉੱਚਾ ਕੱਦ ਸੀ। ਲੰਬੇ ਬੰਦੇ ਦੀ ਪੁਲਾਂਘ ਲੰਬੀ ਹੁੰਦੀ ਹੀ ਹੈ। ਪਰ ਡਰ ਸਮੇਂ ਤਾਂ ਜਿਵੇਂ ਸਰੀਰ ਇਲਾਸਟਕ ਦਾ ਹੀ ਹੋ ਜਾਂਦਾ ਹੈ।

ਜਦੋਂ ਭੱਜਿਆ ਜਾਂਦਾ ਉਹ ਗੋਰੇ ਸਿਪਾਹੀ ਦੀ ਨਿਗਾਹ ਪਿਆ ਤਾਂ ਵਿੱਥ ਦੋ ਕਿਲਿਆਂ ਤੋਂ ਵਧੇਰੇ ਹੋਵੇਗੀ। ਸਿਪਾਹੀ ਦੇ ਭੱਜਣ ਤੱਕ ਫਾਸਲਾ ਹੋਰ ਵੀ ਵਧ ਗਿਆ। ਥੋੜਾ ਕੁ ਪਿਛਾ ਕਰਨ ਤੋਂ ਮਗਰੋਂ ਸਿਪਾਹੀ ਨੇ ਤਾੜ ਲਿਆ ਕਿ ਉਹ ਉਸ ਨੂੰ ਫੜ ਨਹੀਂ ਸਕੇਗਾ, ਤਾਂ ਉਨੀ ਹੀ ਰਫਤਾਰ ਨਾਲ ਵਾਪਸ ਪਰਤ ਆਇਆ। ਦੂਜੇ ਸਿਪਾਹੀ ਨੇ ਵਾਇਰਲੈੱਸ ਉਪਰ, ਹੋਰ ਸਿਪਾਹੀ ਭੇਜਣ ਲਈ ਸੁਨੇਹਾ ਕਦੋਂ ਦਾ ਥਾਣੇ ਭੇਜ ਦਿੱਤਾ ਸੀ। ਪਲਾਂ ਛਿਨਾਂ ਵਿੱਚ ਹੀ, ਲਾਲ-ਨੀਲੀਆਂ ਬੱਤੀਆਂ ਅਤੇ ਲੰਬੀਆਂ ਕੂਕਾਂ ਮਾਰਦੀਆਂ ਕਈ ਪੁਲਸ ਕਾਰਾਂ ਆ ਕੇ, ਫੁਰਤੀ ਨਾਲ ਫਾਰਮ ਤੇ ਨੇੜ ਤੇੜ ਖਿੱਲਰ ਗਈਆਂ। ਕਈ ਸਿਪਾਹੀ ਪੈਦਲ ਹੀ ਉਸ ਪਾਸੇ ਨੱਠੇ ਜਿਧਰ ਉਨ੍ਹਾਂ ਦਾ ਸ਼ਿਕਾਰ ਭੱਜ ਨਿਕ-ਲਿਆ ਸੀ।

ਲਾਗੇ ਦੇ ਫਾਰਮ ਨੂੰ ਜਾਂਦੀ ਇਕ ਸੜਕ ਉੱਤੇ ਮੁੜਦਿਆਂ ਇਕ ਪੁਲਸ ਕਾਰ ਨੇ, ਉਸ ਨੂੰ ਦਰਖਤਾਂ ਦੇ ਇਕ ਝੁੰਡ ਵਿਚ ਵੜਦਿਆਂ ਵੇਖ ਲਿਆ। ਦਰਖਤਾਂ ਦਾ ਇਹ ਝੁੰਡ ਅੱਠ-ਦੱਸ ਕਿਲਿਆਂ ਤੋਂ ਘਟ ਨਹੀਂ ਹੋਵੇਗਾ। ਥੋੜੇ ਚਿਰ ਵਿਚ ਹੀ ਉਸ ਛੋਟੇ ਜਿਹੇ ਜੰਗਲ ਨੂੰ ਪੁਲਸ ਨੇ ਇਉਂ ਘੇਰ ਲਿਆ ਜਿਵੇਂ ਜਮਰੌਦ ਦੇ ਕਿਲੇ ਨੂੰ ਨਲੂਏ ਦੀਆਂ ਫੌਜਾਂ ਨੇ। ਸਪੀਕਰ ਰਾਹੀਂ ਉਸ ਨੂੰ ਬਾਹਰ ਨਿਕਲ ਆਉਣ ਦੀਆਂ ਵਾਰ ਵਾਰ ਚਿਤਾਵਣੀਆਂ ਦਿੱਤੀਆਂ ਗਈਆਂ, ਪਰ ਉਹ ਬਾਹਰ ਨਾ ਨਿਕਲਿਆ। ਪਤਾ ਨਹੀਂ ਕਿਉਂ ਪੁਲਸੀਏ ਦਰਖਤਾਂ ਵਿਚ ਵੜ ਨਹੀਂ ਰਹੇ ਸੀ। ਉਹ ਮੁੜ ਮੁੜ ਸੜਕ ਵੱਲ ਦੇਖਦੇ। ਏਨੇ ਨੂੰ ਦੋ ਹੋਰ ਪੁਲਸ-ਕਾਰਾਂ ਆ ਖਲੋਈਆਂ। ਚਾਰ ਹੋਰ ਪੁਲ-ਸਈਆਂ ਦੇ ਨਾਲ ਚਾਰ ਖੜੇ ਕੰਨਾਂ ਵਾਲੇ ਕੁੱਤੇ ਧਰਤੀ ਨੂੰ ਸੁੰਘਦੇ ਹੋਏ, ਤਣੀਆਂ ਰਾਸਾਂ ਉਤੇ ਹੋਰ ਜ਼ੋਰ ਦੇ ਕੇ ਸਿਪਾਹੀਆਂ ਨੂੰ ਜਿਵੇਂ ਖਿਚੀ ਆਉਂਦੇ ਹੋਣ।

ਸਪੀਕਰ ਉਪਰ ਫਿਰ ਅੰਗਰੇਜ਼ੀ ਵਿੱਚ ਚਿਤਾਵਣੀਆਂ ਦੁਹਰਾਈਆਂ ਜਾ ਰਹੀਆਂ ਸਨ। ਜੰਗਲ ਵਿੱਚ ਉਹ ਇਕ ਮੋਟੇ ਦਰਖਤ ਨਾਲ ਲੱਗਾ ਸਹਿਮਿਆ ਖੜਾ ਸੀ। ਉਸ ਨੂੰ ਕੁਝ ਸੁਝ ਨਹੀਂ ਰਿਹਾ ਸੀ ਕਿ ਕੀ ਕਰੇ। ਉਸ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਗੱਲ ਇਥੋਂ ਤੱਕ ਅੱਪੜ ਜਾਵੇਗੀ। ਸਪੀਕਰ ਉਪਰ ਦਿੱਤੀਆਂ ਚਿਤਾਵਣੀਆਂ ਭਾਵੇਂ ਉਸ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਆ ਰਹੀਆਂ ਸਨ ਪਰ ਉਸਨੂੰ ਉਨ੍ਹਾਂ ਦਾ ਭਾਵ ਵੱਡੇ ਖ਼ਤਰਿਆਂ ਭਰਿਆ ਸਮਝ ਪੈ ਰਿਹਾ ਸੀ। ਫੜੇ ਜਾਣ ਅਤੇ ਕਨੇਡਾ ਚੋਂ ਕੱਢ ਦੇਣ ਦੇ ਡਰ ਦੀ ਸੱਬਲ, ਉਸਦੇ ਕਲਪੇ ਭਵਿਖੀ ਮਹਿਲਾਂ ਦੀ ਨੀਂਹ ਵਿੱਚ ਘੜੀ ਮੁੜੀ ਵੱਜਦੀ।

ਖ਼ਤਰਿਆਂ ਵਿਚ ਕਮਜ਼ੋਰ ਮਨ ਦਾ ਕੰਬਣਾ ਕੋਈ ਅਨੋਖੀ ਗੱਲ ਨਹੀਂ ਹੈ। ਉਹ ਉਸ ਨੂੰ ਤਕੜਾ ਰੱਖਣ ਲਈ 'ਵੇਖੀ ਜਾਊ ਜਿਵੇਂ ਹੋਵੇਗੀ' ਦੀ ਟਾਨਕ ਵਾਰ ਵਾਰ ਪਿਲਾ ਰਿਹਾ ਸੀ। ਏਡੀ ਵੱਡੀ ਪੁਲਸੀ ਦਬਸ਼ ਨੇ ਉਸ ਨੂੰ ਦਾਦੀ ਯਾਦ ਕਰਾ ਦਿਤੀ, ਜੋ ਉਸ ਨੂੰ ਬਚਪਨ ਵਿੱਚ ਇਕ ਮੰਤ੍ਰ ਦਸਦੀ ਹੁੰਦੀ ਸੀ ਕਿ ਇਸ ਦੇ ਪਾਠ ਕਰਨ ਨਾਲ ਬਿਪਤਾ ਟਲ ਜਾਂਦੀ ਹੈ। ਮੰਤ੍ਰ ਉਸਦੇ ਯਾਦ ਹੀ ਸੀ ਤੇ ਉਸ ਨੇ ਉਸ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ।

ਬੱਦਲਾਂ ਕਾਰਨ ਦਰਖਤਾਂ ਵਿੱਚ ਹਨੇਰਾ ਸੀ। ਮੋਟਾ ਮੱਛਰ, ਮੂੰਹ-ਮੱਥੇ ਉਪਰ ਕਸਵੀਆਂ ਦੰਦੀਆਂ ਵੱਢਦਾ। ਉਹ ਦਮ ਭਰ ਲਈ ਦਰਖਤਾਂ ਦੇ ਮੁੱਢ ਵਿੱਚ ਬੈਠ ਗਿਆ। ਉਸ ਦੀ ਨਿਗਾਹ ਸਾਹਮਣੇ ਡਿੱਗੇ ਪਏ ਮੋਟੇ ਪੁਰਾਣੇ ਦਰਖਤ ਵਿੱਚ ਇਕ ਖੋਲ ਤੇ ਜਾ ਪਈ। ਉਹ ਅੱਗੇ ਵਧਿਆ ਤੇ ਖੋਲ੍ਹ ਦੇ ਪਾਸੇ ਵਾਲੇ ਸੱਕ ਉਪਰ ਪੈਰ ਮਾਰਿਆ ਉਸ ਦੀ ਲੱਤ ਅੰਦਰ ਧਸ ਗਈ। ਉਸ ਨੇ ਬੈਠ ਕੇ ਕਾਹਲੀ ਨਾਲ ਥੋਥੀ ਲਕੜ ਨੂੰ ਭੋਰ ਕੇ ਵਿਚ ਵੜਨ ਜਿੰਨਾ ਥਾਂ ਬਣਾ ਲਿਆ। ਅੰਦਰ ਵੜ ਕੇ ਉਸ ਹੋਰ ਖੁਰਚ ਖੁਰਚ ਕੇ ਖੋਲ੍ਹ ਦਾ ਮੂੰਹ ਬੰਦ ਕਰ ਲਿਆ। ਇਹ ਸਭ ਕੁਝ ਏਨੀ ਛੇਤੀ ਹੋਇਆ ਕਿ ਉਸ ਨੂੰ ਪਤਾ ਵੀ ਨਾ ਲੱਗਾ। ਉਸਦੇ ਮਨ ਵਿੱਚ ਭਾਂਤ ਭਾਂਤ ਦੀਆਂ ਸੋਚਾਂ ਦੀਆਂ ਛੱਲਾਂ ਉਠਦੀਆਂ ਸਨ, ਸੋਚਾਂ ਵਿੱਚ ਰੁੜ੍ਹਿਆ ਉਹ ਆਪਣੇ ਸਰੀਰ ਦੀ ਹੋਂਦ ਹੀ ਵਿਸਾਰ ਬੈਠਾ ਸੀ।

ਪੁਲਸੀਆਂ ਦੇ ਕੁੱਤੇ ਧਰਤੀ ਸੁੰਘਦੇ, ਹਰਲ ਹਰਲ ਕਰਦੇ, ਉਸ ਨੂੰ ਲਾਗਿਉਂ ਲੰਘਦੇ ਸੁਣ ਰਹੇ ਸਨ। ਉਸਨੂੰ ਹਰ ਵਾਰ ਇਉਂ ਲੱਗਦਾ ਕਿ ਹੁਣ ਵੀ ਫੜਿਆ ਕਿ ਫੜਿਆ। ਧਰਤੀ ਉਤੇ ਡਿੱਗੇ ਪੱਤਿਆਂ ਉਪਰ ਸਿਪਾਹੀਆਂ ਦੇ ਬੂਟਾਂ ਦੀ ਦਗੜ ਦਗੜ ਉਸਨੂੰ ਨੇੜ ਨੇੜ ਆਉਂਦੀ ਜਾਪਦੀ। ਉਹ ਸਹਿਮਿਆ ਹੋਇਆ ਸਾਹ ਵੀ ਮਸੀਂ ਲੈ ਰਿਹਾ ਸੀ। ਉਸ ਦਾ ਦਿਲ ਬਹੁਤ ਤੇਜ਼ੀ ਨਾਲ ਧੜਕ ਰਿਹਾ ਸੀ। ਉਹ ਡਰਦਾ ਉਸ ਨੂੰ ਮੁੜ ਮੁੜ ਘੁਟਦਾ ਅਤੇ ਦੱਬਦਾ ਕਿ ਕਿਧਰੇ ਦਿਲ ਦੀ ਧੜਕਣ ਬਾਹਰ ਨਾ ਸੁਣ ਜਾਵੇ।

ਲਊਡ ਸਪੀਕਰ ਵਿਚੋਂ ਆਵਾਜ਼ਾਂ ਹੁਣ ਵੀ ਆ ਰਹੀਆਂ ਸਨ, ਪਰ ਸਪਸ਼ਟ ਕੁਝ ਸੁਣਾਈ ਨਹੀਂ ਦਿੰਦਾ ਸੀ। ਸਿਪਾਹੀਆਂ ਅਤੇ

ਕੁੱਤਿਆਂ ਦੇ ਲੰਘਣ ਦੇ ਖੜਾਕ ਨਾਲ ਹੁਣ ਜੰਗਲ ਦੇ ਉਪਰ ਉਡ ਰਹੇ ਹੈਲੀਕਾਪਟਰ ਦੀ ਆਵਾਜ਼ ਵੀ ਸੁਣ ਰਹੀ ਸੀ। ਜੋ ਇਕ ਥਾਂ ਹੀ ਫੜ ਫੜ ਕਰਦਾ ਸੁਣਾਈ ਦੇ ਰਿਹਾ ਸੀ। ਕਦੇ ਥੋੜਾ ਸੱਜੇ, ਕਦੇ ਖ਼ਬੇ ਇਕ ਥਾਂ ਤਿਰਮਚੀ ਵਾਂਗ ਟਿਕਿਆ ਗੂੰਜ ਰਿਹਾ ਸੁਣਦਾ ਸੀ। ਹੈਲੀਕਾਪਟਰ ਦੀ ਗੂੰਜ ਵਿੱਚ ਹੁਣ ਸਪੀਕਰ ਦੀ ਆਵਾਜ਼ ਨਹੀਂ ਸੁਣ ਰਹੀ ਸੀ। ਇਕ ਵਾਰ ਉਸ ਦੇ ਇਕ ਦੋਸਤ ਨੇ ਦੱਸਿਆ ਸੀ ਕਿ ਤੇਜ਼ ਦੌੜਦੀਆਂ ਕਾਰਾਂ ਦੀ ਰਫ਼ਤਾਰ ਜਾਂਚਣ ਲਈ ਪੁਲਸ ਕੋਲ ਜਹਾਜ਼ ਵੀ ਹੁੰਦੇ ਹਨ। ਇਸ ਤੋਂ ਉਸ ਅੰਦਾਜ਼ਾ ਲਾ ਲਿਆ ਸੀ ਕਿ ਹੈਲੀਕਾਪਟਰ ਪੁਲਸ ਦਾ ਹੀ ਹੈ।

ਉਹ ਨਾਲ ਹੀ ਜਿਵੇਂ ਜਿਵੇਂ ਕਾਹਲੀ ਕਾਹਲੀ ਮੰਤਰ ਪੜ੍ਹਦਾ ਉਸ ਨੂੰ ਹਰ ਪਲ ਖ਼ਤਰਾ ਵਡੇਰਾ ਹੀ ਹੁੰਦਾ ਜਾਪਦਾ ਸੀ। ਉਹ ਮਨ ਵਿਚ ਅਰਦਾਸ ਕਰਦਾ, 'ਹੇ ਸੱਚੇ ਪਾਤਸ਼ਾਹ! ਤੂੰ ਮਾਛੀਵਾੜੇ ਦੇ ਜੰਗਲ ਵਿੱਚ ਸੀ-ਮੈਂ ਕਨੇਡਾ ਦੇ ਜੰਗਲ ਵਿਚ ਹਾਂ-ਤੂੰ ਗੁਰੂ ਸੀ, ਮੈਂ ਸਿੱਖ ਹਾਂ—ਆ! ਮੇਰੇ ਦੁੱਖਾਂ ਦੇ ਜਾਲ ਨੂੰ ਕੱਟ ਦੇ।' ਦੂਜੇ ਪਲ ਹੀ ਉਸਦੀ ਸੋਚ ਵਿੱਚ ਇਹ ਗੱਲ ਆਈ ਕਿ ਗੁਰੂ ਜੀ ਨੇ ਕਿਹੜਾ ਘੱਟ ਦੁੱਖ ਝੱਲੇ ਸਨ। ਉਹ ਮੇਰੇ ਨਾਲੋਂ ਕਿਤੇ ਵੱਧ ਖੁਆਰ ਹੋਏ ਸਨ। ਪਰ ਉਹ ਗੁਰੂ ਹੋ ਕੇ ਵੀ ਕਿਉਂ ਦੁਖੀ ਹੋਏ? ਇਸ ਸਵਾਲ ਨੇ ਉਸਦੀਆਂ ਅੱਖਾਂ ਅਗੇ ਹਨ੍ਹੇਰਾ ਕਰ ਦਿਤਾ ਕਿ...ਜਦੋਂ ਸੱਚੇ ਪਾਤਸ਼ਾਹ ਆਪਣੇ ਦੁੱਖ ਦੂਰ ਨਹੀਂ ਕਰ ਸਕੇ, ਤਾਂ ਉਹ ਮੇਰੇ ਕਸ਼ਟ ਕਿਵੇਂ ਦੂਰ ਕਰ ਦੇਣਗੇ? ਇਹ ਸੋਚ ਕੇ ਉਸ ਨੇ ਮੰਤ੍ਰ ਪੜ੍ਹਨਾ ਛੱਡ ਦਿੱਤਾ, ਦਿਲ ਤਕੜਾ ਕੀਤਾ, ਇਹ ਸੋਚ ਲਿਆ ਕਿ ਏਹੋ ਹੀ ਹੈ ਨਾ, ਵਾਪਸ ਦੇਸ਼ ਨੂੰ ਮੋੜ ਦੇਣਗੇ, ਫੇਰ ਉਸ ਨੂੰ ਦੇਸ਼ੋਂ ਪਰਤੇ ਭਣੋਈਏ ਦਾ ਖ਼ਿਆਲ ਆਇਆ, ਜੋ ਉਸ ਦੀ ਜ਼ਮੀਨ ਵੇਚ ਆਇਆ ਸੀ। ਉਸ ਦੀ ਠੱਗੀ ਮਾਰਨ ਵਾਲੀ ਗੱਲ ਯਾਦ ਆਉਣ ਉਪਰ ਉਹ ਹੱਸਣਾ ਚਾਹੁੰਦਾ ਸੀ ਪਰ ਉਸ ਤੋਂ ਹੱਸ ਨਾ ਹੋਇਆ। ਉਸ ਨੇ ਦਿਲ ਵਿਚ ਉਸ ਨੂੰ ਗਾਲ੍ਹ ਤੇ ਗਾਲ੍ਹ ਕੱਢੀ।

ਦਰਖ਼ਤ ਦੇ ਖੋਲ੍ਹ ਵਿਚ ਹੁਣ ਉਸ ਦਾ ਸਾਹ ਘੁੱਟ ਹੋ ਰਿਹਾ ਸੀ। ਉਸ ਦਾ ਦਿਲ ਬਾਹਰ ਨਿਕਲਣ ਨੂੰ ਕਰਦਾ। ਪਰ ਫੇਰ ਚਿੱਤ ਵਿੱਚ ਆਉਂਦੀ ਕਿ ਥੋੜਾ ਹੋਰ ਔਖਾ ਹੋ ਲੈਂਦਾ ਹਾਂ। ਹੁਣ ਹੈਲੀ-ਕਾਪਟਰ ਦੀ ਆਵਾਜ਼ ਸੁਣਨੋਂ ਬੰਦ ਹੋ ਚੁੱਕੀ ਸੀ। ਸਪੀਕਰ ਵੀ ਖ਼ਾਮੋਸ਼ ਸੀ। ਦਰਖਤਾਂ ਦੀਆਂ ਜੜ੍ਹਾਂ ਵਿਚ ਉਗੀਆਂ ਟਾਹਣੀਆਂ ਝਾੜਾਂ ਅਤੇ ਧਰਤੀ ਉਤੇ ਡਿੱਗੇ ਪੱਤਿਆਂ ਉਤੋਂ ਸਿਪਾਹੀਆਂ ਅਤੇ ਕੁੱਤਿਆਂ ਦੇ ਲੰਘਣ ਦਾ ਖੜਾਕ ਵੀ ਨਹੀਂ ਸੁਣ ਰਿਹਾ ਸੀ।

ਪੁਲਸ ਦੀ ਪੂਰੀ ਵਾਹ ਲਾ ਕੇ ਕੀਤੀ ਖੋਜ ਬੇਕਾਰ ਗਈ। ਉਨ੍ਹਾਂ ਅੰਦਾਜ਼ਾ ਲਾਇਆ ਕਿ ਉਹ ਕਿਧਰੇ ਬਾਹਰ ਨਿਕਲ ਗਿਆ ਹੈ। ਉਹ ਤਿੰਨ ਘੰਟਿਆਂ ਤੋਂ ਵੀ ਵੱਧ ਸਮਾਂ ਝੱਖ ਮਾਰਕੇ ਵਾਪਸ ਚਲੇ ਗਏ। ਸਿਪਾਹੀ ਉਸ ਦੇ ਗੁੰਮ ਹੋ ਜਾਣ ਉਤੇ ਹੈਰਾਨ ਸਨ।

ਉਸ ਨੇ ਘੁਣ ਖਾਧੇ ਲਕੜੀ ਦੇ ਬਰਾਦੇ ਜਿਹੇ ਨੂੰ ਥੋੜਾ ਕੁ ਪਰੇ ਕਰਕੇ ਬਾਹਰ ਦੇਖਿਆ ਤਾਂ ਉਸ ਨੂੰ ਚੁੱਪ ਮਹਿਸੂਸ ਹੋਈ। ਹੋਰ ਕੁਝ ਕੁ ਮਿੰਟਾਂ ਪਿਛੋਂ ਉਹ ਖੋਲ੍ਹ ਵਿਚੋਂ ਬਾਹਰ ਹੋ ਖਲੋਤਾ। ਅਨ੍ਹੇਰਾ ਕਾਫ਼ੀ ਗਾਹੜਾ ਸੀ, ਕੁਝ ਵੀ ਨਜ਼ਰ ਨਹੀਂ ਆ ਰਿਹਾ ਸੀ, ਜੰਗਲ ਸਾਂ-ਸਾਂ ਕਰਦਾ ਸੀ। ਉਸ ਨੇ ਸਿੰਧੀ ਹੋਈ ਸੀ। ਉਸ ਘੋੜੀ ਵਾਂਗ ਕੰਨ ਚਾਰ-ਚੁਫੇਰੇ ਘੁੰਮਾਏ, ਬਿਲਕੁਲ ਚੁੱਪ ਵਿਆਪੀ ਧੜਕਦੇ ਦਿਲ ਨਾਲ, ਪੋਲੇ-ਪੈਰੀਂ ਇਕ ਪਾਸੇ ਨੂੰ ਹੋ ਤੁਰਿਆ। ਮੁੜ ਮੁੜ ਸਾਵਧਾਨੀ ਨਾਲ ਬਿੜਕਾਂ ਲੈਂਦਾ ਹੋਇਆ ਜੰਗਲ ਤੋਂ ਬਾਹਰ ਆ ਖਲੋਇਆ। ਉਸ ਦਾ ਦਿਲ ਕੀਤਾ ਕਿ ਫਾਰਮ ਦੇ ਕੁਆਟਰਾਂ ਵਿੱਚ ਜਾ ਰਹੇ। ਪਰ ਪੁਲਸ ਦੇ ਫੇਰ ਆ ਜਾਣ ਦੇ ਡਰੋਂ, ਉਸ ਨੇ ਮਨ ਬਦਲ ਲਿਆ ਅਤੇ ਸੜਕ ਤੋਂ ਹਟਵਾਂ ਜਿਹਾ ਖਲੋ ਏਧਰ-ਓਧਰ ਦੇਖਣ ਲੱਗਾ। ਸੜਕ ਉਪਰ ਕਿਸੇ ਪਾਸਿਉਂ ਵੀ ਕੋਈ ਕਾਰ ਆ ਜਾ ਨਹੀਂ ਰਹੀ ਸੀ। ਉਹ ਫਾਰਮਾਂ ਦੀ ਇਸ ਸੜਕ ਦੇ ਨਾਲ ਨਾਲ ਜਾਂਦੇ ਇਕ ਬਰਸਾਤੀ ਨੀਵੇਂ ਨਾਲੇ ਵਿਚੋਂ ਦੀ ਇਕ ਪਾਸੇ ਨੂੰ ਹੋ ਲਿਆ। ਅਗੋਂ ਇਕ ਮੋੜ ਤੋਂ ਆਉਂਦੀ ਕਾਰ ਦਾ ਚਾਨਣ ਦਿਸਿਆ। ਉਹ ਨਾਲੇ ਵਿੱਚ ਝਟ ਹੀ ਲੰਮਾ ਪੈ ਗਿਆ-ਕਾਰ ਸ਼ੂੰਅ ਕਰਦੀ ਨਿਕਲ ਗਈ। ਉਹ ਫੇਰ ਉਠ ਤੁਰਿਆ। ਅਗੇ ਜਾ ਕੇ ਉਸ ਨੂੰ ਲਾਗਲੇ ਛੋਟੇ ਸ਼ਹਿਰ ਦਾ ਪਟਰੋਲ ਪੰਪ ਦਿਸਿਆ। ਉਹ ਉਸ ਦੇ ਇਕ ਖੂੰਜੇ ਉਤੇ ਖੜ ਕੇ ਲੰਘਦੀਆਂ ਕਾਰਾਂ ਵੱਲ ਵੇਖਦਾ ਸੋਚ ਰਿਹਾ ਸੀ, ਕਿ ਹੁਣ ਕੀ ਕਰੇ। — ੦੦

(VANCOUVER, B.C.)

THINKING OF TRAVEL?
WE CAN SAVE YOU MONEY, TIME AND TROUBLE

GROUPS – CHARTER – EXCURSION
PAY LATER
SPECIAL IMMIGRANT FARES AVAILABLE

GOYAL TRAVEL

4160 FRASER STREET, VANCOUVER 10, B.C.
PHONE: 872-7656

ASSOCIATE OFFICES:
Opposite Nehru Garden, Jullundur City
Near Courts Moga (India) – Phone 2798
Near Courts Jagraon (India) – Phone 252
Bhagat Singh Chowk, Sadar Bazaar Barnala, (India).
Phone 555

FOR ANY KIND OF
PHOTOGRAPHY
REMEMBER
SANDEEP
STUDIO
CALL
HARCHARAN SINGH JHUTEE
435-3634

# ਚਾਨਣ ਹੋ ਗਿਆ

ਦਰਸ਼ਨ ਬੈਂਸ

ਜਿਉਂ ਹੀ ਦੀਸ਼ਾਂ ਕਾਲਿਜ ਤੋਂ ਆ ਕੇ ਆਪਣੇ ਕਮਰੇ 'ਚ ਦਾਖਿਲ ਹੋਈ ਤਾਂ ਉਸਨੂੰ ਦੂਸਰੇ ਕਮਰੇ ਵਿਚੋਂ ਆਪਣੇ ਬੇਜੀ ਦੀ ਅਵਾਜ਼ ਸੁਣਾਈ ਦਿੱਤੀ ਜੋ ਕਿ ਉਸਦੇ ਪਾਪਾ ਨੂੰ ਕਹਿ ਰਹੀ ਸੀ।

"ਜੀ ਮੈਂ ਤੁਹਾਨੂੰ ਰੋਜ਼ ਹੀ ਕਹਿੰਦੀ ਹਾਂ ਕਿ ਕਿਸੇ ਦਿਨ ਤੁਸੀਂ ਏਸ ਲੜਕੇ ਦੇ ਮਾਂ-ਬਾਪ ਨੂੰ ਮਿਲ ਕੇ ਸ਼ਗਨ ਪੱਕੇ ਕਰ ਲਉ। ਇਸ ਦੇ ਨਾਲ ਆਪਣੀ ਲੜਕੀ ਦੀ ਵੀ ਖੁਸ਼ੀ ਪੂਰੀ ਹੋ ਜਾਏਗੀ ਤੇ ਦੂਸਰੀ ਇਹ ਤਾਂ ਘਰ ਵਿਚ ਰਹੂਗੀ ਬਾਹਰ ਲੋਕੀ ਗੱਲਾਂ ਨਹੀਂ ਕਰਨਗੇ। ਇਹ ਨਾ ਹੋਏ ਕਿ ਤੁਸੀਂ ਸੋਚਦੇ ਹੀ ਰਹੋ—ਤੇ ਕੁੜੀ ਆਪਣੇ ਆਪ......"

"ਦੇਖ ਦੀਸ਼ਾਂ ਦੀ ਮਾਂ, ਮੇਰੇ ਕੋਲ ਦੁਬਾਰਾ ਉਸ ਮੁੰਡੇ ਦੀ ਸਿਫਾਰਸ਼ ਨਾ ਪਾਈਂ। ਤੈਨੂੰ ਨਹੀਂ ਪਤਾ ਉਸ ਮੁੰਡੇ ਨੇ ਯੂਨੀਵਰਸਿਟੀ ਤੋਂ ਬਾਹਰ ਕੀ ਕੀ ਕਾਰਨਾਮੇ ਕੀਤੇ ਹੋਏ ਨੇ। ਚੰਗੇ ਭਲੇ ਘਰਾਂ ਦੇ ਮੁੰਡੇ ਕੁੜੀਆਂ ਨੂੰ ਉਸਨੇ ਮਗਰ ਲਾ ਕੇ........." ਤੇ ਉਸ ਦੇ ਪਾਪਾ ਦੀ ਅਵਾਜ਼ ਹੋਰ ਵੀ ਉੱਚੀ ਹੁੰਦੀ ਗਈ।

"ਮੈਂ ਸਭ ਸਮਝਦਾ ਹਾਂ ਇਹਨਾਂ ਅੱਜ ਦੇ ਮੁੰਡਿਆਂ ਨੂੰ। ਪੁਲਸ ਉਹਦੀ ਤਾਕ ਵਿਚ ਫਿਰਦੀ ਹੀ ਰਹਿੰਦੀ ਹੈ। ਤੇ ਤੂੰ ਕਹਿੰਦੀ ਹੈਂ ਕਿ ਮੈਂ ਇਸਨੂੰ ਘਰ ਜੁਆਈ ਬਣਾ ਲਵਾਂ? ਭਲਾ ਤੂੰ ਆਪ ਹੀ ਸੋਚ ਕਿ ਇਹ ਇੰਝ ਹੋ ਸਕਦਾ ਹੈ? ਤੇ ਨਾਲੇ ਤੈਨੂੰ ਚੰਗਾ ਭਲਾ ਪਤਾ ਹੈ ਕਿ ਦੋ ਸਾਲਾਂ ਤੋਂ ਉਸ ਡੀ. ਐਸ. ਪੀ. ਮੁੰਡੇ ਨਾਲ ਰਿਸ਼ਤੇ ਬਾਰੇ ਗੱਲ ਚਲੀ ਆਉਂਦੀ ਹੈ। ਤੇ ਉਹ ਵਿਆਹ ਦੀ ਮੰਗ ਛੇਤੀ ਕਰ ਰਹੇ ਨੇ। ਤੇ ਤੁਸੀਂ ਮਾਵਾਂ ਧੀਆਂ ਏਸ ਮੁੰਡੇ ਦੇ.......... ਅੱਜ ਤੋਂ ਬਾਅਦ ਦੀਸ਼ਾਂ ਦਾ ਉਸ ਮੁੰਡੇ ਨਾਲ ਮਿਲਣਾ ਜੁਲਣਾ ਬਿਲਕੁਲ ਬੰਦ। ਤੇ ਕਾਲਿਜ ਜਾਣਾ ਵੀ ਬੰਦ। ਇਮਤਿਹਾਨ ਉਸ ਨੂੰ ਘਰ ਬੈਠਕੇ ਹੀ ਦੇਣੇ ਪੈਣਗੇ।"

ਦੀਸ਼ਾਂ ਨੂੰ ਜਾਪਿਆ ਸੀ ਕਿ ਉਸਦੇ ਬੇਜੀ ਨੇ ਉਤਲੀ ਜਿਹੀ ਨਰਮੀ ਨਾਲ ਕਿਹਾ ਸੀ, ਛੱਡੋ ਜੀ। ਤੁਸੀਂ ਤਾਂ ਐਵੇਂ ਨਰਾਜ਼ ਹੋ ਜਾਂਦੇ ਹੋ, ਪਤਾ ਨਹੀਂ ਕੀਹਨੇ ਤੁਹਾਨੂੰ ਗਲਤ-ਫਹਿਮੀ ਪਾਈ ਹੈ, ਉਸ ਮੁੰਡੇ ਬਾਰੇ। ਚੰਗਾ ਭਲਾ ਪੜ੍ਹਿਆ ਲਿਖਿਆ, ਚੰਗੇ ਘਰ ਦਾ ਬੀਬਾ ਮੁੰਡਾ ਹੈ। ਸੁਨੱਖਾ ਬਥੇਰਾ ਹੈ। ਕੀ ਹੋ ਗਿਆ ਜੇ ਅਗਾਂਹਵਧੂ ਖਿਆਲਾਂ ਦਾ ਹੈ? ਇਹ ਤਾਂ ਆਪਣੀ ਦੀਸ਼ਾਂ ਵੀ ਬਥੇਰੀ ਅਗਾਂਹ ਵਧੂ ........ ਤੇ ਉਸਦੇ ਬੇਜੀ ਨੇ ਸੁਖਜੀਤ ਦਾ ਪੱਖ ਲੈਕੇ ਕਿਹਾ ਸੀ।

"ਮੈਨੂੰ ਤਾਂ ਸਮਝ ਨਹੀਂ ਆਉਂਦੀ, ਇਹਨਾਂ ਮੁੰਡਿਆਂ ਨੇ ਲੋਕਾਂ ਦਾ ਕੀ ਵਿਗਾੜਿਆ ਹੈ। ਸਗੋਂ ਵਿਚਾਰੇ ਹੀ ਨੇ ਵਿਚਾਰੇ। ਮੈਂ ਤਾਂ ਸੁਣਿਆ ਹੈ ਕਿ ਇਹਨਾਂ ਮੁੰਡਿਆਂ ਨੇ ਦੇਸ਼ ਨੂੰ ਹੁਣ ਅਸਲੀ ਲਫਜ਼ਾਂ 'ਚ ਅਜ਼ਾਦ ਕਰਵਾਉਣਾ ਹੈ। ਦੀਸ਼ਾਂ ਕਹਿੰਦੀ ਸੀ ਬਈ ਫਿਰ ਕੋਈ ਵੀ ਭੁੱਖਾ ਨਹੀਂ ਮਰੇਗਾ। ਸਭ ਕੰਮ ਕਰਨਗੇ ਤੇ ਰੱਜ ਕੇ ਖਾਣਗੇ। ਹੁਣ ਕੋਈ ਵੀ ਕਿਸੇ ਦਾ ਹੱਕ ਨਹੀਂ ਖੋਹੇਗਾ ਤੇ .........
ਉਸ ਦੇ ਪਾਪਾ ਨੇ ਛੇਤੀ ਗੱਲ ਕੱਟ ਕੇ ਕਹਿਣਾ ਸ਼ੁਰੂ ਕੀਤਾ।

"ਮੈਂ ਤੇਰੀ ਕੋਈ ਫਾਲਤੂ ਗੱਲ ਨਹੀਂ ਸੁਣਨਾ ਚਾਹੁੰਦਾ। ਕੁੜੀ ਜਿੰਨੀ ਦੇਰ ਤੱਕ ਉਸ ਮੁੰਡੇ ਦਾ ਪਿੱਛਾ ਨਹੀਂ ਛੱਡਦੀ ਉਤਨੀ ਦੇਰ ਇਸਦੇ ਸਿਰ ਉਤਲਾ ਭੂਤ ਨਹੀਂ ਉਤਰੇਗਾ। ਪਤਾ ਨਹੀਂ ਉਸਨੇ ਕੀ ਜਾਦੂ ਕੀਤੈ ਇਹਦੇ ਸਿਰ ਤੇ।" ਇਹਨਾਂ ਮੁੰਡਿਆਂ ਕੁੜੀਆਂ ਦਾ ਸਿਰ ਫਿਰਿਆ ਹੋਇਆ ਹੈ। ਤੂੰ ਸਭ ਜਾਣਦੀ ਹੈਂ, ਇਹ ਮੁੰਡੇ ਜਾਣ ਬੁੱਝ ਕੇ ਕੰਮ ਕਰਕੇ ਪੁਲਸ ਨਾਲ ਟੱਕਰ ਲੈਂਦੇ ਨੇ ਤੇ ਪੁਲਸ ਨੂੰ ਹਥਿਆਰ ਚੁੱਕਣ ਲਈ ਮਜਬੂਰ ਕਰਦੇ ਨੇ। ਤਾਂ ਹੀ ਤਾਂ ਰੋਜ਼ ਖਬਰ ਹੁੰਦੀ ਹੈ "ਅਜ ਫੇਰ ਦੋ ਜੁਆਨ ਪੁਲਸ ਮੁਕਾਬਲੇ 'ਚ ਮਾਰੇ ਗਏ।

ਬੇਜੀ ਨੇ ਤਲਖੀ ਨਾਲ ਕਿਹਾ "ਅਜੇ ਜੀ ਮੈਂ ਸਭ ਸਮਝਦੀ ਹਾਂ ਇਹਨਾਂ ਦੇ ਪੁਲਸ ਮੁਕਾਬਲੇ" ਕੀ ਹੋ ਗਿਆ ਜੇ ਮੈਂ ਜ਼ਿਆਦਾ ਪੜ੍ਹੀ ਲਿਖੀ ਨਹੀਂ ਤਾਂ.....

ਦੋਨਾਂ ਨੂੰ ਸ਼ਾਇਦ ਹੁਣ ਪਤਾ ਲੱਗਿਆ ਸੀ ਕਿ ਦੀਸ਼ਾਂ ਆ ਗਈ ਹੈ। ਉਸ ਦੇ ਪਾਪਾ ਨੇ ਘੜੀ ਵੱਲ ਵੇਖਿਆ ਤੇ ਉਸਦੇ ਨਾਲ ਬਿਨਾਂ ਨਜ਼ਰ ਮਿਲਾਏ ਕਮਰੇ ਤੋਂ ਬਾਹਰ ਹੋ ਗਏ।

ਉਸਦੀ ਵਿਚਾਰੀ ਬੇਜੀ ਸੋਚਾਂ ਦੇ ਡੂੰਘੇ ਸਮੁੰਦਰ 'ਚ ਡੁੱਬੀ ਹੋਈ ਸੀ। ਉਸ ਨੇ ਭੱਜ ਜਾਕੇ ਬੇਜੀ ਨੂੰ ਜੱਫੀ ਵਿਚ ਲੈ ਲਿਆ। ਏਨੇ ਵਿਚ ਹੀ ਉਹਨਾਂ ਦੀ ਰੂਹ ਖੁਸ਼ ਹੋ ਗਈ।
ਦੀਸ਼ਾਂ ਨੇ ਗੱਲ ਦਾ ਪੈਂਤੜਾ ਬਦਲਿਆ "ਬੇਜੀ ਤੁਹਾਨੂੰ ਮੇਰੇ ਬਾਰੇ ਕਿਸੇ ਵੀ ਗੱਲ ਦੀ ਚਿੰਤਾ ਨਹੀਂ ਕਰਨੀ ਚਾਹੀਦੀ। ਬਾਕੀ ਰਹੀ ਮੇਰੇ ਸੁਖਜੀਤ ਦੇ ਨਾਲ ਵਿਆਹ ਕਰਵਾਉਣ ਵਾਲੀ ਗੱਲ। ਇਹ ਵਿਆਹ ਦੇ ਰਸਮਾਂ ਰਿਵਾਜ ਤਾਂ

22 ਜਿਹੜੇ ਵਿਆਹੇ ਜੇ ਜਿਨ੍ਹਾਂ ਤੇ ਹਜ਼ਾਰਾਂ ਰੁਪਿਆ ਖਰਚ ਕੀਤਾ ਜਾਂਦਾ ਹੈ। ਉਹ ਹੀ ਰੁਪਿਆ ਸਾਡੇ ਹੀ ਗਰੀਬ ਲੋਕਾਂ ਦਾ ਖੂਨ ਚੂਸ ਕੇ ਬਣਦਾ ਹੈ। ਕਿਉਂ ਨਾ ਉਸ ਪੈਸੇ ਨੂੰ ਕਿਸੇ ਚੰਗੇ ਕੰਮਾਂ ਤੇ ਲਗਾਇਆ ਜਾਵੇ ਤੇ ਇਹ ਵਿਆਹਾਂ ਦੀ ਰਸਮ ਬੜੇ ਸਿੱਧੇ ਤਰੀਕੇ ਨਾਲ ਕੀਤੀ ਜਾਵੇ।

ਦੀਪਾਂ ਨੇ ਜ਼ੋਰ ਦੇ ਕਿਹਾ "ਬੇਜੀ ਤੂੰ ਨਹੀਂ ਸਮਝਦੀ ਕਿ ਮੇਰਾ ਤੇ ਸੁਖਜੀਤ ਦਾ ਸਾਥ ਇਕ ਹੈ। ਅਸੀਂ ਇਕ ਦੂਜੇ ਦੇ ਸਾਂਝੀਦਾਰ ਹਾਂ। ਮੈਂ ਸਮਝਦੀ ਹਾਂ, ਸਾਡੇ ਸਮਾਜ 'ਚ ਦੋਸਤੀ ਤਾਂ ਮੁੰਡੇ ਕੁੜੀ ਦਾ ਵਿਰਲਾ ਗੁਨਾਹ ਸਮਝਿਆ ਜਾਂਦਾ ਹੈ। ਸਾਡਾ ਸਮਾਜ ਉਹਨਾਂ ਤੋਂ ਵਿਆਹ ਦੇ ਰੂਪ ਵਿਚ ਕਿਸੇ ਵਿਆਹੇ ਜਾਂ ਬਣਾਨੇ ਦੀ ਮੰਗ ਕਰਦਾ ਹੈ। ਦੀਪਾਂ ਨੇ ਲੜਨਾਂ ਤੇ ਜ਼ੋਰ ਦੇ ਕੇ ਬੋਲਣਾ ਸ਼ੁਰੂ ਕੀਤਾ:-

"ਜਿਹਨਾਂ ਨੇ ਕਿਸੇ ਮੰਜ਼ਿਲ ਤੇ ਪਹੁੰਚਣਾ ਹੁੰਦਾ ਹੈ ਉਹ ਲੋਕਾਂ ਦੀ ਪ੍ਰਵਾਹ ਨਹੀਂ ਕਰਦੇ ਤੇ . . . . . . . . . . . ਤੇ ਮੇਰੇ ਕਹਿਣ ਦਾ ਭਾਵ ਹੈ ਕਿ ਮੈਂ ਤੇ ਸੁਖਜੀਤ . . . . .

ਅਜੇ ਏਨੇ ਲਫ਼ਜ਼ ਉਸਨੇ ਕਹੇ ਹੀ ਸੀ ਕਿ ਬਾਹਰੋਂ ਕਿਸੇ ਦੇ ਬੂਟਾਂ ਦੀ ਅਵਾਜ਼ ਅੰਦਰ ਆਉਂਦੀ ਸੁਣਾਈ ਦਿੱਤੀ। ਆਉਣ ਵਾਲਾ ਸੁਖਜੀਤ ਸੀ। ਉਸਨੇ ਬੇਜੀ ਨੂੰ ਸੱਤ ਸ੍ਰੀ ਅਕਾਲ ਬੁਲਾਈ।

ਅੱਜ ਸੁਖਜੀਤ ਪਹਿਲਾਂ ਨਾਲੋਂ ਜ਼ਿਆਦਾ ਖੁਸ਼ ਨਜ਼ਰ ਆ ਰਿਹਾ ਸੀ। ਦੀਪਾਂ ਨੇ ਸੁਖਜੀਤ ਦੀ ਗੁੱਝੀ ਮੁਸਕਰਾਹਟ ਨੂੰ ਤਾੜਕੇ ਬੋਲਣਾ ਸ਼ੁਰੂ ਕੀਤਾ:-

"ਅੱਜ ਤਾਂ ਕੋਈ ਖਾਸ ਹੀ ਮੁਹਿੰਮ ਜਿੱਤੀ ਲਗਦੀ ਐ"

"ਹਾਂ, ਦੀਪਾਂ ਅਜ ਮੈਂ ਬਹੁਤ ਖੁਸ਼ ਹਾਂ" ਕਹਿ ਕੇ ਸੁਖਜੀਤ ਨੇ ਰਾਤ ਵਾਲੀ ਉਹ ਸਾਰੀ ਘਟਨਾ ਕਹਿ ਸੁਣਾਈ। ਜਿਸਦੀ ਕਿ ਉਹਨਾਂ ਨੂੰ ਕਈ ਮਹੀਨਿਆਂ ਦੀ ਉਡੀਕ ਸੀ ਉਹ ਕੰਮ ਪੂਰਾ ਹੋ ਗਿਆ ਸੀ। ਉਸ ਦੀਆਂ ਗੱਲਾਂ ਵਿਚ ਦੀਪਾਂ ਤੇ ਉਸਦੀ ਬੇਜੀ ਨੇ ਬਹੁਤ ਦਿਲਚਸਪੀ ਲਈ। ਦੀਪਾਂ ਦਿਲੋਂ ਬਹੁਤ ਖੁਸ਼ ਸੀ। ਉਸ ਨੂੰ ਸੁਖਜੀਤ ਤੇ ਬਹੁਤ ਮਾਣ ਸੀ।

ਅਜੇ ਉਹ ਗੱਲਾਂ ਕਰ ਹੀ ਰਹੇ ਸਨ ਕਿ ਦੀਪਾਂ ਦੇ ਪਾਪਾ, ਆਪਣੇ ਮਿੱਤਰ ਤੇ ਉਸ ਦਾ ਲੜਕਾ ਡੀ. ਐਸ. ਪੀ. ਅੰਦਰ ਦਾਖਲ ਹੋਏ। ਉਸ ਦੇ ਪਾਪਾ ਨੇ ਸੁਖਜੀਤ ਨੂੰ ਅਚਾਨਕ ਏਸ ਮੌਕੇ ਤੇ ਦੇਖ ਕੇ ਗੁੱਸਾ ਅੰਦਰੇ ਅੰਦਰ ਪੀ ਲਿਆ ਤੇ ਚੁੱਪ ਹੀ ਰਹਿਣਾ ਠੀਕ ਸਮਝਿਆ। ਦੀਪਾਂ ਨੇ ਸੁਖਜੀਤ ਦੀ ਸਾਰਿਆਂ ਨਾਲ ਮਾਮੂਲੀ ਮੁਲਾਕਾਤ ਕਰਾਈ।

ਜਿਉਂ ਹੀ ਡੀ. ਐਸ. ਪੀ. ਦੀਆਂ ਨਜ਼ਰਾਂ ਦੀਪਾਂ ਤੇ ਟਿਕੀਆਂ ਤਾਂ ਉਸ ਦਾ ਦਿਲ ਧੜਕਣਾਂ ਸ਼ੁਰੂ ਹੋ ਗਿਆ "ਕਿੰਨੀਆਂ ਖੂਬ-ਸੂਰਤ ਅੱਖਾਂ ਨੇ, ਕਿੰਨੀ ਭੋਲੀ ਤੇ ਪਿਆਰੀ ਸ਼ਕਲ ਹੈ। . . . . . ਮੇਰੀ ਹੋਣ ਵਾਲੀ ਬੀਵੀ . . . . . . ਮੈਂ ਕਿੰਨਾ ਖੁਸ਼ਕਿਸਮਤ...

"ਪਰ ਇਹ ਤਾਂ . . . . . . . . ਨਹੀਂ, ਨਹੀਂ. ਇਹ ਹਰਗਿਜ਼ ਨਹੀਂ ਹੋ ਸਕਦਾ। ਸੁਖਜੀਤ ਮੇਰੇ ਰਾਹ ਦਾ ਰੋੜਾ ਹੈ। ਦੀਪਾਂ ਨੂੰ ਤਾਂ ਮੈਂ ਸਮਝਾ ਹੀ ਲਊਂਗਾ ਵਿਆਹ ਤੋਂ ਬਾਅਦ। ਆਖਰ ਹੈ ਤਾਂ ਕੁੜੀ ਹੀ। ਮੈਂ ਸਭ ਦੇਖ ਲਊਂਗਾ ਕਿਵੇਂ ਨਹੀਂ ਮੰਨਦੀ। ਅਸੀਂ ਤਾਂ ਵੱਡੇ ਵੱਡਿਆਂ ਦੇ . . . . . . . ."

"ਪਰ ਕਿੰਨੀ ਦੇਰ ਤਕ ਇਸ ਸ਼ਿਕਾਰ ਪਿੱਛੇ ਦਾ ਪਿੱਛਾ ਨਹੀਂ ਛੱਡਦੀ, ਕੰਮ ਨਹੀਂ ਬਣਨਾ।" ਡੀ. ਐਸ. ਪੀ. ਦੇ ਖਿਆਲ ਉਸਦੇ ਦਿਮਾਗ ਦੇ ਜਾਲ ਨਾਲ ਟਕਰਾਉਂਦੇ ਰਹੇ। ਤੇ ਉਸਨੇ ਆਪਣੇ ਨੂੰ ਕਿਹਾ "ਤਾਂ ਡੀ. ਐਸ. ਪੀ. ਸਾਹਬ ਤੇਰੇ ਇਕ ਇਸ਼ਾਰੇ ਨਾਲ ਤੇਰੀਆਂ ਕੋਲੋਂ ਚਾਹਿਆਂ ਪੂਰੀਆਂ ਹੁੰਦੀਆਂ ਨੇ। ਇਕ . . . . . ਦੀਪਾਂ . . . . . ਮੇਰੀ ਪਤਨੀ . . . . ਦੂਜੇ ਸੁਖਜੀਤ ਨੂੰ . . . . . ਉਸਨੇ ਇਹ ਸੋਚ ਕੇ ਝੂਠ ਇਲਜ਼ਾਮ ਥਾਪੀ ਕਰ ਦਿੱਤਾ। ਸੁਖਜੀਤ ਵੱਲ ਕੌੜੀਆਂ ਨਜ਼ਰਾਂ ਨਾਲ ਵੇਖਣ ਲੱਗਾ। ਸੁਖਜੀਤ ਤੇ ਦੀਪਾਂ ਨੂੰ ਉਸ ਦੀ ਤਾੜਉਣੀ ਤੱਕਣੀ ਤੋਂ ਸ਼ੱਕ ਪੈਣੀ ਸ਼ੁਰੂ ਹੋ ਗਈ। ਸੁਖਜੀਤ ਨੇ ਜਾਣ ਦਾ ਬਹਾਨਾ ਲਗਾ ਕੇ ਆਗਿਆ ਮੰਗੀ।

"ਠਹਿਰ! ਕਿਧਰ [illegible] ਚਲਿਆ . . . . .
ਜਾਣ ਤੋਂ ਪਹਿਲਾਂ ਸਾਰ ਗੋਲੀ . . . . ਤੇਰੇ ਸੀਨੇ . . . ਚ. ਇਸ ਨੂੰ ਕੋਈ ਦੇਣ ਵਾਲੇ ਖੇਲ ਸਮਝੇ 'ਚ ਗੱਲੇ। . . .
ਦੀਪਾਂ ਨੇ ਡੀ. ਐਸ. ਪੀ. ਦੇ ਇਸ਼ਾਰੇ ਨੂੰ ਸਮਝਣਾ ਦੇ ਕੇ ਰੋਕਣਾ ਚਾਹਿਆ, ਪਰ ਇਸ ਤੋਂ ਪਹਿਲਾਂ ਕਿ ਉਹ ਅੱਗੇ ਵਧਦੀ, ਗੋਲੀ ਦੀ ਠਾਹ ਦੀ ਅਵਾਜ਼ ਨੇ ਇਕ ਜਵਾਨ ਧੜਕਦੇ ਦਿਲ ਨੂੰ ਸਦਾ ਦੀ ਨੀਂਦ ਸੁਆ ਦਿੱਤਾ।

ਦੀਪਾਂ ਬੇਹੋਸ਼ ਹੋ ਕੇ ਸੁਖਜੀਤ ਦੀ ਲਾਸ਼ ਤੇ ਡਿੱਗ ਪਈ। ਬੇਜੀ ਦੇ ਕੰਬਦੇ ਪੈਰਾਂ ਹੇਠ ਲਹੂ ਦਾ ਛੱਪੜ ਲੱਗ ਗਿਆ। ਉਨ੍ਹਾਂ ਨੂੰ ਜਾਪਿਆਂ ਸੁਖਜੀਤ ਹਜ਼ਾਰਾਂ ਹੀ ਦੇਸ਼ ਪਿਆਰ ਵਿਚ ਧੜਕਦੇ ਦਿਲਾਂ ਨੂੰ ਲਲਕਾਰ ਰਿਹਾ ਹੋਵੇ। "ਉਠੋ! ਹੁਣ ਸੌਣ ਦਾ ਵਕਤ ਨਹੀਂ, ਜਾਗਣ ਦਾ ਹੋ ਗਿਆ।

ਦੂਸਰੇ / ਦਿਨ ਹਰ ਰੋਜ਼ ਵਾਲੀ ਅਖਬਾਰਾਂ ਵਿਚ ਤਾਜ਼ੀ ਖਬਰ ਸੀ। "ਇਕ ਨੌਜਵਾਨ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ। ੦੦੦

(VANCOUVER, B.C.)

# ਧਾਗਿਆਂ 'ਚ ਜਕੜੀ...

ਸੁਰਜੀਤ ਕਲਸੀ

ਸੰਧਿਆ ਦੀ ਪਹਿਲੀ ਬਸ ਖੁੰਝ ਚੁਕੀ ਹੈ ਹੁਣ ਉਹ ਅਗਲੀ ਦੀ ਉਡੀਕ ਕਰ ਰਹੀ ਹੈ। ਬਸ ਸਟਾਪ ਉਤੇ ਉਹ ਅਜਨਬੀ ਚਿਹਰਿਆਂ ਵਲ ਵੇਖ ਰਹੀ ਹੈ ਜਿਨ੍ਹਾਂ ਦੀਆਂ ਅੱਖਾਂ ਉਸ ਦਿਸ਼ਾ ਵਲ ਲਗੀਆਂ ਹੋਈਆਂ ਹਨ ਜਿਧਰੋਂ ਬਸ ਆਉਣ ਦੀ ਸੰਭਾਵਨਾ ਹੈ। ਉਹ ਨਹੀਂ ਜਾਣਦੀ ਕਿ ਉਹ ਅਜਨਬੀ ਚਿਹਰਿਆਂ—ਬੁਢੇ ਚਿਹਰੇ, ਜਵਾਨ ਚਿਹਰੇ, ਮਾਸੂਮ ਚਿਹਰੇ—ਵੱਲ ਕਿਉਂ ਘੂਰਦੀ ਰਹਿੰਦੀ ਹੈ ਜਿਵੇਂ ਕਿ ਉਹਦੀਆਂ ਅੱਖਾਂ ਕੋਈ ਅਪਣਤ ਦਾ ਚਿਹਰਾ ਲਭਦੀਆਂ ਰਹਿੰਦੀਆਂ ਹੋਣ । ਖ਼ਾਸ ਕਰਕੇ ਜਦੋਂ ਉਹ ਅਧਖੜ ਉਮਰ ਦਾ ਕੋਈ ਮਰਦ-ਚਿਹਰਾ ਵੇਖਦੀ ਤਾਂ ਉਸ ਚਿਹਰੇ 'ਚੋਂ ਸੰਧਿਆ ਆਪਣੇ ਪਿੱਤਾ ਦੇ ਨਕਸ਼ ਲਭਣ ਲੱਗ ਪੈਂਦੀ।

ਕੁਝ ਸਾਲ ਹੋਏ ਸੰਧਿਆ ਦੇ ਪਿਤਾ ਦਮੇ ਨਾਲ ਗੁਜ਼ਰ ਗਏ ਸਨ ਉਦੋਂ ਤੋਂ ਹੀ ਘਰ ਦਾ ਸਾਰਾ ਖਰਚ ਸੰਧਿਆ ਇਕਲੀ ਹੀ ਝਲਦੀ ਆ ਰਹੀ ਹੈ। ਆਪ ਇਕ ਪ੍ਰਾਇਮਰੀ ਸਕੂਲ 'ਚ ਅਧਿਆਪਕਾ ਹੈ । ਘਰ ਵਿਚ ਮਾਂ ਤੋਂ ਛੁਟ ਉਹਦੇ ਚਾਰ ਭੈਣ ਭਰਾ ਹੋਰ ਨੇ ਜਿਨ੍ਹਾਂ ਦੀ ਪੜ੍ਹਾਈ ਦਾ ਤੇ ਹੋਰ ਸਾਰਾ ਖਰਚ ਉਸ ਨੂੰ ਹੀ ਕਰਨਾ ਪੈਂਦਾ ਹੈ। ਸੰਧਿਆ ਤੋਂ ਛੋਟੀ ਪ੍ਰੀਤੀ ਨੂੰ ਪਿਛਲੇ ਵਰ੍ਹੇ ਜੇ. ਬੀ ਟੀ. ਵਿਚ ਬੜੀ ਮੁਸ਼ਕਲ ਨਾਲ ਦਾਖ਼ਲਾ ਮਿਲਿਆ ਸੀ । ਇਸ ਵਰ੍ਹੇ ਉਹਦੇ ਪੱਕੇ ਇਮਤਿਹਾਨਾਂ ਤਕ ਅਜੇ ਖਰਚ ਹੋਰ ਹੈ ਫਿਰ ਪ੍ਰੀਤੀ ਵੀ ਕਿਧਰੇ ਪੜ੍ਹਾਉਣ ਲਗ ਪਏਗੀ। ਪ੍ਰੀਤੀ ਦੇ ਕੰਮ 'ਤੇ ਲਗ ਜਾਣ ਦੀ ਖ਼ੁਸ਼ਫ਼ਹਿਮੀ ਨਾਲ ਸੰਧਿਆ ਕੁਝ ਸੁੱਖ ਮਹਿਸੂਸ ਕਰਦੀ ਹੈ ਕਿਉਂਕਿ ਘਰ ਦਾ ਬੋਝ ਕੁਝ ਹਲਕਾ ਹੋ ਜਾਣ ਦੀ ਆਸ ਹੈ। ਉਸ ਤੋਂ ਛੋਟੀ ਦਰਸ਼ੀ ਅਜੇ ਨੌਵੀ 'ਚ ਪੜ੍ਹਦੀ ਹੈ ; ਉਸ ਤੋਂ ਛੋਟਾ ਮਿੰਦਾ ਸਤਵੀਂ 'ਚ, ਤੇ ਸਭ ਤੋਂ ਛੋਟਾ ਟਿੰਕੂ ਤੀਜੀ 'ਚ ਪੜ੍ਹਦਾ ਹੈ। ਛੇ ਮੂੰਹ ਖਾਣ ਵਾਲੇ ; ਇਕਲੀ ਉਹ ਕਮਾਣ ਵਾਲੀ। ਉਹ ਅਕਸਰ ਸੋਚਦੀ ਖ਼ੂਨ ਦੇ ਬੰਧਨ ਕਿੰਨੇ ਮਜ਼ਬੂਤ ਹੁੰਦੇ ਨੇ—ਟੁਟਿਆ ਨਾ ਟੁੱਟਦੇ, ਮੁਕਰਿਆਂ ਨਾ ਮੁਕਰੇ ਜਾਂਦੇ, ਸੁਟਿਆਂ ਨਾ ਸੁਟੇ ਜਾਂਦੇ । ਇਨ੍ਹਾਂ ਧਾਗਿਆਂ 'ਚ ਜਕੜੀ ਉਹਦੀ ਜ਼ਿੰਦਗੀ ਮਜਬੂਰ ਜਿਹੀ ਘੁੰਮਦੀ ਰਹਿੰਦੀ। ਜਿਨਾਂ ਜ਼ਿਆਦਾ ਉਹ ਇਨ੍ਹਾਂ ਬਾਰੇ ਸੋਚਦੀ ਓਨੀ ਹੀ ਉਹ ਅੰਨੀ ਗਲੀ 'ਚ ਗਵਾਚੀ ਮਹਿਸੂਸ ਕਰਦੀ...ਉਹਦਾ ਦਿਲ ਦਿਮਾਗ਼ ਦੁੱਖਣ ਲਗ ਪੈਂਦੇ।

ਬਸ ਆ ਗਈ ਹੈ । ਸਵਾਰੀਆਂ ਵਾਹੋ ਦਾਹੀ ਬਸ ਵਲ ਉਲਰ ਪਈਆਂ ਨੇ, ਸੰਧਿਆ ਵੀ ਧੱਕੇ ਧੁਕੇ ਖਾ ਖੂ ਕੇ ਬਸ ਦੀ ਸਭ ਤੋਂ ਹੇਠਲੀ ਪਉੜੀ 'ਤੇ ਪੈਰ ਰੱਖਣ ਸਫਲ ਹੋ ਜਾਂਦੀ ਹੈ। ਪਾਸ 'ਚ ਪੱਚੀ ਪੈਸੇ ਦਾ ਸਿੱਕਾ ਕਢ ਕੇ ਸੰਧਿਆ ਨੇ ਹਥ ਕੰਡਕਟਰ ਵਲ ਵਧਾਇਆ ਪਰ ਸਿੱਕਾ ਲੋਕਾਂ ਦੇ ਧੱਕੇ ਵਜਣ ਕਰਕੇ ਹੱਥੋਂ ਥਲੇ ਡਿਗ ਪੈਂਦਾ ਹੈ । ਅੱਕੇ ਹੋਏ ਕੰਡਕਟਰ ਦੇ ਮੂੰਹੋਂ ਆਪ ਮੁਹਾਰੇ ਨਿਕਲਿਆ : "ਵੇਖ ਮਾਈ... ਧਿਆਨ ਨਾਲ ਨਹੀਂ ਪੈਸੇ ਫੜਾਈ ਦੇ ?' ਸੰਧਿਆ ਦੇ ਸਰੀਰ 'ਚੋਂ ਇਕ ਤੇਜ਼ ਕਾਂਬਾ ਉਸ ਦੀ ਕੰਗਰੋੜ ਨੂੰ ਕਟਦਾ ਨਿਕਲ ਗਿਆ...ਚਿੱਟੀ ਚੁਨੀ, ਚਿੱਟੀ ਸਲਵਾਰ, ਹਲਕੀ ਬਦਾਮੀ ਕਮੀਜ਼...ਇਸ ਪਹਿਰਾਵੇ 'ਚ ਉਹ ਜ਼ਰੂਰੀ ਬੁਢੀ ਹੀ ਤਾਂ ਲਗਦੀ ਹੋਵੇਗੀ...ਸੋਚਦੀ ਸੰਧਿਆ ਝੁਕ ਕੇ ਡਿਗਿਆ ਸਿਕਾ ਚੁਕ ਕੇ ਕੰਡਕਟਰ ਨੂੰ ਮੁੜ ਫੜਾਉਂਦਿਆਂ ਉਸ ਦੇ ਮੂੰਹੋਂ ਅਜੇ ਮਸਾਂ ਇਨਾਂ ਹੀ ਨਿਕਲਦਾ ਹੈ, "ਭਾਰਗੋ ਕੈਂਪ...," ਕਿ ਕੰਡਕਟਰ ਹਾਬੜਿਆਂ ਵਾਂਗ ਭੌਂਕ ਪੈਂਦਾ ਹੈ :

"ਕੀ ਭਾਰਗੋ ਕੈਂਪ ?"

"ਮੇਰਾ ਮਤਲਬ ਹੈ ਭਾਰਗੋ ਕੈਂਪ ਦਾ ਟਿਕਟ..." ਸੰਧਿਆ ਵੀ ਤਮਕ ਪੈਂਦੀ ਹੈ।

"ਹਾਂ ਤੇ ਹੋਉਂ ਕਹਿ ਨਾ," ਕੰਡਕਟਰ ਭੂਰੀਆਂ ਪੀਲੀਆਂ ਮੁਛਾਂ 'ਚ ਜ਼ਰਾ ਮੁਸਕੜੀਆਂ ਹਸਦਾ ਹੋਇਆ ਟਿਕਟ ਉਸਦੀ ਤਲੀ ਤੇ ਰੱਖ ਕੇ ਅਗੇ ਵੱਧ ਜਾਂਦਾ ਹੈ।

ਸੰਧਿਆ ਚੋਰੇ ਪਾਸੇ ਨਿਗਾਹ ਮਾਰਦੀ ਹੈ ਪਰ ਕੋਈ ਵੀ ਸੀਟ ਖ਼ਾਲੀ ਨਹੀਂ ਸਗੋਂ ਵਿਚਕਾਰ ਦੋਹਰੀ ਲਾਈਨ 'ਚ ਸਵਾਰੀਆਂ ਭਰੀਆਂ ਪਈਆਂ ਨੇ ਉਹ ਇਕ ਹੱਥ ਨਾਲ ਛੱਤ ਦਾ ਡੰਡਾ ਤੇ ਦੂਸਰੇ ਹਥ 'ਚ ਪਰਸ ਤੇ ਰੋਟੀ ਵਾਲਾ ਡੱਬਾ ਘੁੱਟ ਕੇ ਫੜ ਕੇ ਖੜੋ ਜਾਂਦੀ ਹੈ। ਇਸ ਤਰ੍ਹਾਂ ਸਫ਼ਰ ਕਰਨਾ ਉਸਦਾ ਰੋਜ਼ਾਨਾ ਦਾ ਕਰਮ ਬਣ ਗਿਆ ਹੈ। ਬਸਾਂ ਦੀ ਭੀੜ, ਕੰਡਕਟਰਾਂ ਦਾ ਸ਼ੋਹਦਾਪਨ ਕਿੰਨੇ ਹੀ ਲੋਕ ਰੋਜ਼ ਸਹਿੰਦੇ ਨੇ ਤੇ ਸ਼ਾਨੀ ਵੀ, ਪਰ ਉਸ ਨੂੰ ਇਹ ਗੱਲਾਂ ਬਹੁਤ ਹੀ ਘੱਟ ਮਹੱਤਵ ਦੀਆਂ ਜਾਪਦੀਆਂ, ਜਦੋਂ ਉਸਨੂੰ ਆਪਣਾ ਭਵਿਖ ਇਕ ਭੁਖੇ ਸ਼ੇਰ ਵਾਂਗ ਚਿੰਘਾੜਦਾ ਉਸ ਵਲ ਵਧਦਾ ਆਉਂਦਾ ਉਸਨੂੰ ਸਬੂਤੀ ਨੂੰ ਨਿਗਲ ਜਾਣ ਲਈ ਹਮੇਸ਼ਾ ਤਿਆਰ ਖੜਾ ਨਜ਼ਰ ਆਉਂਦਾ ਰਹਿੰਦਾ।

ਖੱਚਾ ਖੱਚ ਭਰੀ ਬਸ ਵਿਚ ਹੁੰਮਸ ਭਰ ਰਹੀ ਹੈ। ਲੋਕਾਂ ਦੇ ਨੱਕਾਂ ਉਤੇ ਪਸੀਨੇ ਦੀਆਂ ਬੂੰਦਾਂ ਚਮਕ ਰਹੀਆਂ ਨੇ । ਸੰਧਿਆ ਦੀਆਂ ਪੁੜਪੜੀਆਂ ਤੋਂ ਪਸੀਨਾ 'ਚੋ ਰਿਹਾ ਹੈ ਪਰ ਉਹਦੀ ਸੋਚ ਇਸਤੋਂ ਬੇਖ਼ਬਰ ਕੁਝ ਵਰ੍ਹੇ ਪਿਛੇ ਵਿਚਰ ਰਹੀ ਹੈ ਜਦੋਂ ਉਸਦੇ ਪਿਤਾ ਜਿਉਂਦੇ ਸਨ। ਉਹ ਆਪਣੇ ਪਿਤਾ ਨੂੰ ਬਾਬੂ ਜੀ ਕਹਿ ਕੇ ਬੁਲਾਉਂਦੀ ਹੁੰਦੀ ਸੀ। ਉਨ੍ਹਾਂ ਦੇ ਆਖ਼ਰੀ ਸ਼ਬਦ ਸਦਾ ਸੰਧਿਆ ਦੇ ਕੰਨਾਂ 'ਚ ਗੂੰਜਦੇ ਰਹਿੰਦੇ :

"ਸੰਧਿਆ ਪੁਤਰ, ਤੂੰ ਮੇਰੀ ਧੀ ਨਹੀਂ ਪੁਤਰ ਹੈਂ ਬੇਟਾ...ਦੇਖ ਜੇ ਮੈਂ ਦਮੇਂ ਦਾ ਰੋਗੀ ਨਾ ਹੁੰਦਾ ਤਾਂ ਮੈਂ ਆਪਣੀਆਂ ਜ਼ੁਮੇਵਾਰੀਆਂ ਦਾ ਬੋਝ ਤੇਰੇ ਨਾਜ਼ਕ ਕੰਧਿਆਂ ਤੇ ਕਦੇ ਨਾ ਪਾਉਂਦਾ...ਪੁੱਤਰ, ਮੇਰੇ ਬਾਦ ਇਨ੍ਹਾਂ ਨਿਆਣਿਆਂ ਦੇ ਮੂੰਹ 'ਚ ਤੂੰ ਹੀ ਬੁਰਕੀ ਪਾਉਣੀ ਹੈ..."

ਉਸ ਸਮੇਂ ਸੰਧਿਆ ਨੂੰ ਪਿਤਾ ਦੀ ਕਹੀ ਗੱਲ ਦਾ ਮਤਲਬ ਸਮਝ ਨਹੀਂ ਸੀ ਪਿਆ, ਫੇਰ ਵੀ ਰੋਂਦੀ ਮਾਂ ਨੂੰ ਬਾਬੂ ਜੀ ਦੇ ਇਨ੍ਹਾਂ ਸ਼ਬਦਾਂ ਨਾਲ ਜਿਵੇਂ ਹੋਂਸਲਾ ਹੋ ਗਿਆ ਸੀ ਤਾਂ ਹੀ ਤਾਂ ਘਰ ਆਈ ਨੂੰ ਮਾਂ ਪਾਣੀ ਦਾ ਗਲਾਸ ਲੈ ਕੇ ਕਮਰੇ 'ਚ ਹਾਜ਼ਰ ਹੁੰਦੀ ਹੈ...ਫਿਰ ਚਾਹ ਬਣਾ ਲਿਆਂਦੀ ਹੈ ਤੇ ਨਾਲ ਕੁਝ ਬਿਸਕੁਟ ਵਗੈਰਾ ਵੀ...ਮਾਂ ਇੰਜ ਹੀ ਬਾਬੂ ਜੀ ਨੂੰ ਕੰਮ ਤੋਂ ਵਾਪਸ ਆਇਆਂ ਨੂੰ ਚਾਹ ਪੁਛਦੀ ਹੁੰਦੀ ਸੀ...

ਸੰਧਿਆ ਨੂੰ ਖ਼ਿਆਲ ਆਇਆ ਮਾਂ ਉਸਨੂੰ ਬਹੁਤ ਪਿਆਰ ਕਰਦੀ ਹੈ...ਉਸਦੀ ਹਰ ਲੋੜ ਵਲ ਉਚੇਚਾ ਧਿਆਨ ਦਿੰਦੀ ਹੈ। ਮਾਂ ਉਸਨੂੰ

ਸੁਵੇਰੇ ਨਹਾਉਣ ਜਾਂਦੀ ਨੂੰ ਸਾਬਣ ਤੌਲੀਆ ਦੇਣ ਤੋਂ ਲੈ ਕੇ ਰਾਤੀਂ ਉਹਦਾ ਬਿਸਤਰਾ ਵਿਛਾਉਣ ਤਕ ਦਾ ਸੰਧਿਆ ਦਾ ਸਾਰਾ ਕੰਮ ਬੜੇ ਧਿਆਨ ਨਾਲ ਕਰਦੀ ਹੈ। ਮਾਂ ਸਭ ਤੋਂ ਪਹਿਲਾਂ ਸੰਧਿਆ ਨੂੰ ਰੋਟੀ ਦੇਂਦੀ ਹੈ ਹੋਰਨਾਂ ਦੀ ਵਾਰੀ ਮਗਰੋਂ...ਬਿਲਕੁਲ ਉਵੇਂ ਜਿਵੇਂ ਬਾਬੂ ਜੀ ਦੇ ਜੀਉਂਦਿਆਂ ਮਾਂ ਕਰਿਆ ਕਰਦੀ ਸੀ। ਸੰਧਿਆ ਨੂੰ ਇਹ ਸੋਚ ਕੇ ਇਕ ਠੰਡੀ ਕੰਬਣੀ ਜਿਹੀ ਮਹਿਸੂਸ ਹੋਈ ਕਿ ਉਦੋਂ ਪਹਿਲਾ ਦਰਜਾ ਬਾਬੂ ਜੀ ਨੂੰ ਮਿਲਦਾ...ਹੁਣ ਸੰਧਿਆ ਨੂੰ...ਜੋ ਕਿ ਉਸਨੂੰ ਬਿਲਕੁਲ ਪਸੰਦ ਨਹੀਂ ਤਾਂ ਹੀ ਉਹ ਸਾਰਾ ਦਿਨ ਬਾਹਰ ਬਿਤਾ ਕੇ ਦਿਨ ਛਿਪੇ ਘਰ ਜਾਂਦੀ ਹੈ ਉਂਜ ਵੀ ਉਸ ਨੂੰ ਮਾਂ ਦੀ ਮੋਨ ਦੀਨਤਾ ਤੋਂ ਬਹੁਤ ਡਰ ਲਗਦਾ ਹੈ। ਮਾਂ ਨੇ ਕਦੀ ਵੀ ਖੁਲ ਕੇ ਕੋਈ ਗੱਲ ਉਸ ਨਾਲ ਨਹੀਂ ਕੀਤੀ। ਦਿਨ-ਬ-ਦਿਨ ਮਾਵਾਂ ਧੀਆਂ ਵਿਚਾਲੇ ਬੋਲਚਾਲ ਘਟਦਾ ਜਾ ਰਿਹਾ ਹੈ...ਮਨੌਂ ਪਸਰ ਰਿਹਾ ਹੈ। ਸੰਧਿਆ ਸੋਚਦੀ ਕਿ ਉਹ ਆਪਣੇ ਭੈਣ ਭਰਾਵਾਂ ਦੇ ਭਵਿਖ ਬਦਲੇ ਆਪਣਾ ਭਵਿਖ ਉਜਲਾ ਨਹੀਂ ਕਰੇਗੀ ਉਂਜ ਵੀ ਲੋਕ ਹੁਣ ਉਸਨੂੰ ਵੇਖਕੇ ਅੱਧਖੜ ਤੀਵੀਂ ਹੀ ਤਾਂ ਸਮਝਦੇ ਨੇ...ਮਾਂ ਵੀ ਸ਼ਾਇਦ ਹੁਣ ਇਹੋ ਸਮਝਦੀ ਹੈ...ਇਹ ਸੋਚ ਸੰਧਿਆ ਦੇ ਕੰਡੇ ਵਾਂਗ ਚੁਭ ਜਾਂਦੀ ਹੈ ਪਰ ਉਸਨੂੰ ਹੁਣ ਜ਼ਿੰਦਗੀ ਮੁਲਤਵੀ ਕਰਦੇ ਰਹਿਣ ਦੀ ਆਦਤ ਪੈ ਗਈ ਹੈ...ਅਤੇ ਬਾਬੂ ਜੀ ਦੇ ਅੰਤਮ ਸ਼ਬਦ ਸੰਧਿਆ ਦੇ ਕੰਨਾਂ 'ਚ ਗੂੰਜਣ ਲਗ ਪੈਂਦੇ ਨੇ।

ਬਸ ਇਕ ਵਡੇ ਝਟਕੇ ਨਾਲ ਰੁਕਦੀ ਹੈ। ਸ਼ਾਇਦ ਕਿਸੇ ਸਵਾਰੀ ਨੇ ਉਤਰਨਾ ਹੈ। ਅਚਾਨਕ ਸੰਧਿਆ ਨੂੰ ਆਪਣੀਆਂ ਅੱਖਾਂ ਦੇ ਕਰੋ ਗਿਲੇ ਮਹਿਸੂਸ ਹੋਏ। ਉਸ ਨੇ ਝਟਪਟ ਹਥ ਦੀ ਤਲੀ ਨਾਲ ਅੱਖਾਂ ਪੂੰਝ ਲਈਆਂ ਨੇ, ਬਸ ਫੇਰ ਤੁਰ ਪਈ ਹੈ। ਸਵਾਰੀਆਂ ਭੀੜ ਕਰਕੇ ਮਲੋਮਲੀ ਇਕ ਦੂਜੇ 'ਤ ਡਿਗ ਰਹੀਆਂ ਨੇ, ਸੰਧਿਆਂ ਨੇ ਆਪਣੀਆਂ ਸੋਚਾਂ ਤੋਂ ਥੋੜਾ ਚਿਰ ਦੀ ਰਾਹਤ ਲਈ ਲੋਕਾਂ ਵਲ ਐਵੇਂ ਹੀ ਦੇਖਣਾ ਸ਼ੁਰੂ ਕਰ ਦਿਤਾ ਹੈ। ਥੋੜੀ ਦੇਰ ਬਾਦ ਉਸ ਨੇ ਵੇਖਿਆ ਕਿ ਗਲ 'ਚ ਲਾਲ ਰੁਮਾਲ ਬੰਨੀ ਇਕ ਫੁੜਕਿਆ ਜਿਹਾ ਗੁੰਡਾ ਲਗਾਤਾਰ ਉਸ ਵਲ ਅੱਖਾਂ ਪਾੜ ਪਾੜ ਕੇ ਘੂਰ ਰਿਹਾ ਹੈ।

ਸੰਧਿਆ ਦੇ ਮੱਥੇ 'ਤੇ ਤਿਊੜੀ ਉਭਰ ਆਈ; ਉਸ ਨੂੰ ਦੂਜੇ ਪਾਸੇ ਮੂੰਹ ਭੁਆ ਲਿਆ। ਉਸ ਨੇ ਆਪਣੇ ਖੱਬੇ ਹੱਥ 'ਚੋਂ ਪਰਸ ਤੇ ਰੋਟੀ ਵਾਲਾ ਡੱਬਾ ਸੱਜੇ ਹੱਥ 'ਚ ਫੜ ਕੇ, ਖੱਬੇ ਹੱਥ ਨਾਲ ਛੱਤ ਦਾ ਡੰਡਾ ਫੜ ਲਿਆ।

ਕੰਡਕਟਰ ਨੇ ਜ਼ੋਰ ਦੀ ਸੀਟੀ ਵਜਾਈ ਤੇ ਨਾਲ ਹੀ ਲੇਰ ਮਾਰੀ, "ਨਹਿਰੂ ਲਾਇਬ੍ਰੇਰੀ...ਉਤਰੋ ਬਈ ਜਿਸ ਕਿਸੇ ਨੇ ਉਤਰਨੈ...ਛੇਤੀ ਕਰੋ" ਸੰਧਿਆ ਇਕ ਦਮ ਉਤਰਨ ਲਈ ਬਸ ਦੇ ਦਰਵਾਜ਼ੇ ਵਲ ਵਧੀ ਤੇ ਕਾਹਲੀ ਕਾਹਲੀ ਭੀੜ 'ਚੋਂ ਲੰਘ ਕੇ ਬਸ 'ਚੋਂ ਬਾਹਰ ਆ ਜਾਂਦੀ ਹੈ। ਬਾਹਰ ਆਕੇ ਖੁਲ੍ਹੀ ਹਵਾ 'ਚ ਭਰਵਾਂ ਸਾਹ ਲੈਂਦੀ ਹੈ; ਪੁੜਪੜੀਆਂ ਤੋਂ ਪਸੀਨਾ ਪੂੰਝਦੀ ਦੀ ਨਿਗਾਹ ਸਾਹਮਣੇ ਘੰਟਾਘਰ ਦੇ ਕ੍ਲਾਕ ਦੀਆਂ ਸੂਈਆਂ 'ਤੇ ਪਈ ਹੈ, ਪੰਜ ਵਜ ਚੁਕੇ ਨੇ...ਉਸ ਨੂੰ ਇਕ ਦਮ ਖਿਆਲ ਆਉਂਦਾ ਹੈ ਉਸਨੇ ਤਾਂ ਅਜ ਸਿਧੀ ਘਰ ਜਾਣਾ ਸੀ...ਤੇ ਉਸਨੂੰ ਸੁਵੇਰੇ ਘਰੋਂ ਤੁਰਨ ਲਗਿਆਂ ਮਾਂ ਨੇ ਵਲ ਪਾ ਕੇ ਕਿਹਾ ਵੀ ਸੀ :

"ਸੰਧਿਆ, ਅਜ ਸ਼ਾਮੀ ਛੇਤੀ ਘਰ ਆ ਜਾਈਂ...ਲਾਇਬ੍ਰੇਰੀ ਨਾ ਜਾਈਂ...ਤੈਨੂੰ ਪਤਾ ਹੀ ਹੈ ਆਪਣੀ ਪ੍ਰੀਤੀ ਨੂੰ ਅਜ ਸ਼ਾਮੀ ਕਿਸੇ ਵੇਖਣ ਆਉਣਾ ਹੈ..."

ਸੰਧਿਆ ਦੇ ਮੂੰਹੋਂ ਨਾ ਹਾਂ ਨਾ ਹੂੰ ਕੁਝ ਨਹੀਂ ਸੀ ਨਿਕਲਿਆ। ਉਸਨੇ ਬੋਝਲ ਜਿਹੀਆਂ ਪਲਕਾਂ ਚੁਕਕੇ ਸਿਰਫ਼ ਇਕ ਵਾਰ ਮਾਂ ਦੇ ਚਿਹਰੇ ਵਲ ਵੇਖਿਆ ਸੀ ਫਿਰ ਉਸਦੀਆਂ ਅੱਖਾਂ 'ਚ ਘੂਰਿਆ ਸੀ ਜਿਵੇਂ ਕਿ ਪੁੱਛ ਰਹੀ ਹੋਵੇ—ਮਾਂ ਤੈਨੂੰ ਆਪਣੀ ਵੱਡੀ ਧੀ ਦਾ ਤਾਂ ਕੋਈ ਫਿਕਰ ਨਹੀਂ ਨਾ ?...ਪਰ ਮਾਂ ਨੇ ਅੱਖਾਂ ਝਪਕਾ ਕੇ ਮੂੰਹ ਨੀਵਾਂ ਕਰ ਲਿਆ ਸੀ ਤੇ ਫੇਰ ਕੁਝ ਕੰਮ ਦੇ ਬਹਾਨੇ ਨਾਲ ਦੇ ਕਮਰੇ 'ਚ ਚਲੀ ਗਈ ਸੀ। ਮੁੜਨ ਲਗਿਆਂ ਮਾਂ ਦਾ ਡੂੰਘਾ ਸਾਹ ਸੰਧਿਆ ਤੋਂ ਲੁਕ ਨਹੀਂ ਸੀ ਸਕਿਆ। ਸੰਧਿਆ ਨੂੰ ਜਾਪਿਆ ਜਿਵੇਂ ਇਹ ਮਜ਼ਬੂਰ ਮਾਂ ਉਸਦੀ ਮਾਂ ਨਾ ਹੋਵੇ ਸਗੋਂ ਪਤਨੀ ਹੋਵੇ ਤੇ ਆਪ ਉਹ ਸੰਧਿਆ ਨਾ ਹੋਵੇ ਸਗੋਂ ਬਾਬੂ ਜੀ ਹੋਵੇ...ਉਸਨੂੰ ਮਹਿਸੂਸ ਹੋਇਆ ਜਿਵੇਂ ਕਿ ਉਸਦੇ ਹੇਠਲੇ ਜਬਾੜੇ 'ਤੇ ਵਾਲ ਉਗ ਆਏ ਹੋਣ—ਦਾਹੜੀ।

ਸੰਧਿਆ ਬਹੁਤੀ ਸਾਰੀ ਹਵਾ ਡੂੰਘੀ ਨਿਗਲ ਕੇ ਸਹਿਵਨ ਹੀ ਆਪਣੇ ਹੱਥ ਨਾਲ ਆਪਣੀ ਠੋਡੀ ਟੋਹਣ ਲਗ ਪੈਂਦੀ ਹੈ। ਦੂਰ ਜਾ ਚੁੱਕੀ ਬਸ ਪਿਛੇ ਧੂੜ ਦੇ ਬਦਲ ਛਡ ਗਈ ਹੈ ਜਿਨਾਂ ਵਲ ਸੰਧਿਆ ਦੇਖ ਰਹੀ ਹੈ ਅਤੇ ਅਗਲੀ ਬਸ ਦੀ ਉਡੀਕ ਕਰ ਰਹੀ ਹੈ ਤਾਂ ਜੋ ਘਰ ਪਹੁੰਚ ਸਕੇ।

(Vancouver, B.C.)


FOR ANY KIND OF
**PHOTOGRAPHY**
REMEMBER

OPEN
9:30 a.m.
5:30 p.m.

FRIDAY
9:30 a.m.
7:00 p.m.



PORTRAITS
PASSPORTS
WEDDINGS

**KARTAR**
**PHOTO STUDIO**

KARTAR FILMS
INTERNATIONAL
IMPORTERS OF
E. INDIAN MOVIES
AND
DISTRIBUTOR
TO
U.S.A. AND CANADA

SPECIALIST IN ALL
KINDS OF PHOTOGRAPHY
WE ALSO SELL
CAMERAS AND
ACCESSORIES
47 KINGSWAY
PHONE 872-0622
872-0623



**ਭਾਰਤੀ ਆਰਟ ਜਿਊਲਰਜ਼**

ORIENTAL SILVER AND GOLD JEWELRY REPAIRING

**BHARTI ART JEWELLERS**

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

# ਪੰਜ-ਹਜ਼ਾਰੀ ਸੂਟ

ਜਰਨੈਲ ਸਿੰਘ

ਸ਼ਾਂਤ ਸਾਗਰ ਦੇ ਕੰਢੇ ਕੈਨੇਡਾ ਦੇ ਰਮਨੀਕ ਸ਼ਹਿਰ ਵੈਨਕੂਵਰ 'ਚ ਆਇਆਂ ਉਸਨੂੰ ਲਗ ਭਗ ਤਿੰਨ ਸਾਲ ਬੀਤ ਚੁਕੇ ਸਨ। 'ਡੰਗਰ ਚਾਰਦਾ ਵੜ ਗਿਉਂ ਸ਼ੀਸ਼ ਮਹਿਲੀਂ' ਦੇ ਕਥਨ ਨੂੰ ਉਹ ਪਤਾ ਨਹੀਂ ਕਿਉਂ ਖ਼ਾਹ ਮਖ਼ਾਹ ਆਪਣੇ ਤੇ ਢਕਾਉਂਦਾ ਰਹਿੰਦਾ। ਉਸ ਡੰਗਰ ਕਦੇ ਨਹੀਂ ਚਾਰੇ ਸਨ। ਤੇ ਸ਼ੀਸ਼ ਮਹਿਲਾਂ ਦੇ ਸੁਪਨੇ...ਤੌਬਾ! ਤੌਬਾ! ਗੋਲੀ ਦੀ ਰਫਤਾਰ ਨਾਲ ਦੌੜੇ ਆਉਂਦੇ ਚੀਲ ਤੇ ਦਿਆਰ ਦੇ ਗਿੱਲੇ ਸੁੱਕੇ ਛੱਟੇ ਜਦ ਛੁੱਟੀ ਵਾਲੇ ਦਿਨ ਵੀ ਯਾਦ ਆ ਜਾਂਦੇ ਤਾਂ ਉਸਦੇ ਹੱਡ ਪੀੜ ਕਰਨ ਲੱਗ ਪੈਂਦੇ। ਤੇ ਇਉਂ ਟੁੱਟੇ ਹੱਡਾਂ ਨੂੰ ਸਿਰਫ ਨੀਂਦ ਹੀ ਆਉਂਦੀ। ਜੇ ਕਦੇ ਕੋਈ ਸੁਪਨਾ ਆਉਂਦਾ ਵੀ ਤਾਂ ਫੱਟਿਆਂ ਦਾ। ਤੇ ਇਉਂ ਉਹ ਤ੍ਰਬਕ ਕੇ ਉਠਦਾ।

ਉਹਨੀਂ ਦਿਨੀਂ ਉਸਦੇ ਵਤਨ ਤੋਂ ਲੋਕ ਧੜਾ ਧੜ ਕੈਨੇਡਾ ਆ ਰਹੇ ਸਨ। ਇਹਨਾਂ ਵਿਚ ਉਸਦੇ ਕਈ ਯਾਰ ਤੇ ਅੰਗੀ-ਸਾਕੀ ਵੀ ਸ਼ਾਮਲ ਸਨ। ਉਹ ਆਪ ਤਾਂ ਭਾਰਤ ਫੇਰੀ ਪਾਉਣ ਲਈ ਤਿਆਰ ਹੋਇਆ ਫਿਰਦਾ ਸੀ। ਕੋਈ ਚੰਗਾ ਸੂਟ ਉਸਦੀ ਕਈ ਸਾਲਾਂ ਦੀ ਸੱਧਰ ਸੀ। ਤੇ ਇਸ ਸੱਧਰ ਨੂੰ ਪੂਰਾ ਕਰਨ ਦਾ ਹੁਣ ਉਸਨੂੰ ਆਰ-ਥਕ ਅਵਸਰ ਮਿਲਿਆ ਸੀ। 'ਸੂਟ ਅਜਿਹਾ ਹੋਣਾ ਚਾਹੀਦਾ ਹੈ ਜੋ ਕਦੀ ਕਿਸੇ ਦੇ ਗਲ ਨਾ ਡਿੱਠਾ ਹੋਵੇ' ਉਸ ਮਨ ਹੀ ਮਨ 'ਚ ਸੋਚਿਆ। ਪਰ ਕੈਨੇਡਾ, ਅਮਰੀਕਾ 'ਚ ਜਿੱਥੇ ਇਕੋ ਡੀਜ਼ਾਈਨ ਦੇ ਵੀਹ ਵੀਹ ਬਣੇ ਬਣਾਏ ਸੂਟ ਸਟੋਰਾਂ 'ਚ ਵਿੱਕਰੀ ਲਈ ਟੰਗੇ ਹੋਏ ਹਨ—ਉਸਦਾ ਮਨ ਪਸੰਦ ਸੂਟ ਕਿਥੋਂ ਲਭਦਾ?

ਉਸ ਹੌਂਸਲਾ ਨਾ ਛਡਿਆ ਤੇ ਆਪਣੇ ਇਕ ਯਾਰ ਨੂੰ ਨਾਲ ਲੈ ਕੇ ਵੈਨਕੂਵਰ ਦੇ ਸਟੋਰਾਂ ਦੇ ਚੱਕਰ ਲਾਉਣੇ ਆਰੰਭ ਕਰ ਦਿਤੇ। ਜਿਸ ਸੂਟ ਤੇ ਵੀ ਮਨ ਟਿਕਾਏ ਉਹ ਪਹਿਲਾਂ ਹੀ ਲੋਕਾਂ ਪਾਅ ਪਾਅ ਖੱਦੂ ਕੀਤਾ ਹੋਵੇ।

ਇਨ੍ਹਾਂ ਸਟੋਰ-ਚੱਕਰਾਂ ਦੇ ਦੌਰਾਨ ਉਸ ਆਪਣੀ ਰੀਝ ਇਕ ਸੇਲਜ਼-ਮੈਨ ਨੂੰ ਦੱਸੀ।

ਗੱਲਾਂ ਦੀ ਖੱਟੀ ਖਾਣ ਵਾਲੇ ਸੇਲਜ਼-ਮੈਨਾਂ ਤੋਂ ਬਚਕੇ ਉਹ ਕਿੱਥੇ ਜਾ ਸਕਦਾ ਸੀ। ਸੇਲਜ਼-ਮੈਨ ਨੇ ਸਲਾਹ ਦਿਤੀ ਕਿ ਉਹ ਅਣਸੀਤੇ ਕਪੜੇ ਦਾ ਸੂਟ ਆਰਡਰ ਦੇ ਕੇ ਸੁਆ ਲਵੇ। ਤੇ ਇਉਂ ਉਹ ਉਸਨੂੰ ਇਕ ਅੰਦਰ ਲੈ ਗਿਆ ਜਿਥੇ ਅਣ-ਸੀਤੇ ਕਪੜੇ ਦੇ ਥਾਨਾਂ ਦੀ ਪੂਰੀ ਦੁਨੀਆਂ ਉਸਦੀਆਂ ਅੱਖਾਂ ਸਾਹਮਣੇ ਸੀ। ਅਖੀਰ ਕੋਈ ਅੱਧੇ-ਘੰਟੇ ਦੀ ਸੋਚ ਵਿਚਾਰ ਪਿਛੋਂ ਤੇ ਆਪਣੇ ਜਿਗਰੀ ਯਾਰ ਦੀ ਸਲਾਹ ਪਿਛੋਂ ਉਸ ਕਪੜਾ ਪਸੰਦ ਕਰ ਲਿਆ।

ਕਪੜਾ ਤੇ ਸਲਾਈ ਪਾ ਕੇ ਸੂਟ ਦੀ ਕੀਮਤ ਤਿੰਨ ਸੌ ਪੰਜਾਹ ਡਾਲਰ ਬਣੀ। ਪਰ ਉਹ ਖੁਸ਼ ਸੀ—'ਆਖਰ ਆਪਣੀ ਮਰਜ਼ੀ ਦਾ ਸੂਟ ਤਾਂ ਮਿਲਿਆ। ਮਨ ਖੁਸ਼, ਤਨ ਖੁਸ਼, ਜਗ ਖੁਸ਼। ਨਾਲੇ ਇਹ ਨਹੀਂ ਕਿ ਹਰ ਲੰਡੀ ਬੁੱਚੀ ਹੀ ਅਜਿਹਾ ਸੂਟ ਪਾਈ ਫਿਰੂ। ਸਾਲੇ ਕੈਨੇਡੀਅਨ ਗੋਰੇ ਵੀ ਖਲ੍ਹਾਰ ਕੇ ਪੁਛਣਗੇ, 'ਸੂਟ ਕਿਥੋਂ ਲਿਆ? ਬੜੀ ਫੱਬ ਏ ਇਹਦੀ।'

ਸਟੋਰ ਤੋਂ ਘਰ ਪਰਤਦਿਆਂ ਉਸਨੂੰ ਇਕ ਹੋਰ ਖਿਆਲ ਆਇਆ। ਹਰ ਦੋ ਹਫਤੇ ਬਾਅਦ ਤਨਖ਼ਾਹ ਦਾ ਸਾਰਾ ਚੈੱਕ ਲਿਆ ਕੇ ਉਹ ਭੈਣ ਨੂੰ ਦੇਂਦਾ ਸੀ। ਭੈਣ ਨੇ ਹੀ ਉਹਨੂੰ ਕੈਨੇਡਾ ਮੰਗਵਾਇਆ ਸੀ। ਹਰ ਹਫਤੇ ਦੇ ਅਖੀਰ ਤੇ ਉਸਨੂੰ ਕੇਵਲ ਦੱਸ ਡਾਲਰ ਸਿਨਮਾਂ ਆਦਿ ਦੇਖਣ ਲਈ ਮਿਲਦੇ। ਪਰਸ਼ਾਦੇ ਘਰ ਦੇ। ਸੌਣ ਲਈ ਕਮਰਾ। ਫਿਕਰ ਨਾ ਫਾਕਾ। ਤਿੰਨ ਸੌ ਪੰਜਾਹ ਡਾਲਰ ਪੂਰੇ ਤਿੰਨ ਹਫਤਿਆਂ ਦੀ ਤਨਖ਼ਾਹ। ਏਡਾ ਵੱਡਾ ਘਾਪਾ ਉਹ ਭੈਣ ਨੂੰ ਕਿਵੇਂ ਸਮਝਾਏ? ਕੋਈ ਦੱਸ ਵੀਹ ਡਾਲਰ ਹੁੰਦੇ ਤਾਂ ਹੋਰ ਗਲ ਸੀ। ਕਹਿ ਦੇਂਦਾ ਜੇਬ ਚੋਂ ਡਿੱਗ ਪਏ ਕਿਤੇ। ਆਪੇ ਦੋ ਦਿਨ ਫਿੱਟੇ-ਤੋਹੇ ਹੋ ਕੇ ਗੱਲ ਘੱਟੇ ਕੌਡੀਆਂ ਰਲ ਜਾਂਦੀ। ਪਰ ਸਾਢੇ ਤਿੰਨ ਸੌ ਡਾਲਰ? ਉਸਦੀ ਸੋਚ ਜ਼ਰਬਾਂ ਤਕਸੀਮਾਂ ਤੋਂ ਜਵਾਬ ਦੇਂਦੀ ਪ੍ਰਤੀਤ ਹੋਈ। ਸੂਟ ਮਿਲਣ ਵਿਚ ਅਜੇ ਹਫਤਾ ਸੀ। ਉਸ ਸੋਚਿਆ ਸ਼ਾਇਦ ਉਦੋਂ ਤਕ ਕੋਈ ਵਾਜਬ ਜਵਾਬ ਸੁੱਝ ਪਵੇ।

ਪਤਾ ਨਹੀਂ ਇਹ ਤਿੰਨ ਸੌ ਪੰਜਾਹ ਡਾਲਰ ਦਾ ਬੋਝ ਸੀ ਜਾਂ ਭੈਣ ਦੀ ਨੰਬਰਦਾਰੀ ਦਾ—ਉਹ ਇਸਨੂੰ ਬਹੁਤੀ ਦੇਰ ਚੁੱਕ ਨਾ ਸਕਿਆ ਤੇ ਤੀਜੇ ਦਿਨ ਹੀ ਸਾਰੀ ਗੱਲ ਆਨੇ-ਬਹਾਨੇ ਭੈਣ ਨੂੰ ਦੱਸ ਦਿਤੀ।

ਇਹ ਡਾਲਰ ਦੀ ਵਿਸ਼ਵ-ਸਰਦਾਰੀ ਦੇ ਦਿਨ ਸਨ। ਇਕ ਡਾਲ਼ਰ ਦੀ ਬਲੈਕ ਕੀਮਤ ਪੂਰੇ ਤੇਰਾਂ ਰੁਪੈ। ਗੱਲ ਸੁਣਦਿਆਂ ਹੀ ਭੈਣ ਦਾ ਜਿਵੇਂ ਸਾਹ ਉਤਾਂਹ ਦਾ ਉਤਾਂਹ ਤੇ ਠਾਂਹ ਦਾ ਠਾਂਹ ਰਹਿ ਗਿਆ ਹੋਵੇ। ਭੈਣ ਨੇ ਡਾਲਰਾਂ ਨੂੰ ਜ਼ਰਬ ਦਿਤੀ। ਰਕਮ ਸਾਢੇ ਚਾਰ ਹਜ਼ਾਰ ਤੋਂ ਟੱਪ ਗਈ। ਦਰਮਿਆਨੀ ਕੀਮਤ ਦੀਆਂ ਅੱਠ ਮੱਝਾਂ ਦਾ ਮੁੱਲ। ਅੱਠ ਮੱਝਾਂ ਸੁਣਕੇ ਮੁੰਡੇ ਦਾ ਡੰਗਰ ਚਾਰਨ ਨੂੰ ਜੀਅ ਕੀਤਾ।

ਪਰ ਸੂਟ ਦਾ ਆਰਡਰ ਤਾਂ ਦਿਤਾ ਜਾ ਚੁਕਾ ਸੀ। ਭੈਣ ਨੂੰ ਕੋਈ ਠੋਸ ਗਲ ਨਾ ਅਹੁੜੀ। ਹੁਣ ਸਟੋਰ ਵਾਲਿਆਂ ਨੂੰ ਕਿਵੇਂ ਕਿਹਾ ਜਾਵੇ ਸੂਟ ਪਸੰਦ ਨਹੀਂ? ਉਹ ਵੀ ਗਲ ਪਾਏ ਬਿਨਾਂ ਹੀ। ਭੈਣ ਦੀ ਸਾਰੀ ਅਕਲ ਨੂੰ ਜਿਵੇਂ ਸੋਚਾਂ ਦੇ ਤੰਦੂਏ ਫੜ ਲਿਆ ਹੋਵੇ। 'ਮੁੰਡੇ ਏਡੀ ਵੱਡੀ ਮੂਰਖਤਾਈ ਉਸਨੂੰ ਪੁਛੇ ਬਿਨਾਂ ਕਿਉਂ ਕੀਤੀ? ਸਿਆਣੇ ਕਹਿੰਦੇ ਪਈ ਨੇਕ ਸਲਾਹ ਕੰਧ ਕੋਲੋਂ ਵੀ ਲੈ ਲਓ।'

ਕਾਨੂੰਨੀ ਸ਼ਕੰਜੇ ਤੋਂ ਡਰਦੀ ਉਹ ਇਹ ਵੀ ਨਾ ਕਹਿ ਸਕੀ ਕਿ ਸੂਟ ਲਿਆਉ ਹੀ ਨਾ।

ਪੰਜ ਦਿਨ ਦਾ ਹਫ਼ਤਾ ਐਵੇਂ ਵਿਹੰਦੇ ਵਿਹੰਦੇ ਬੀਤ ਗਿਆ। ਮੁੰਡਾ ਸੂਟ ਘਰ ਲੈ ਆਇਆ। ਸੂਟ ਦੀ ਫੂਸ ਵੇਖਕੇ ਇਕ ਵੇਰਾਂ ਤਾਂ ਭੈਣ ਦੁਚਿੱਤੀ 'ਚ ਪੈ ਗਈ। ਸੁਹਣਾ ਕਪੜਾ ਤੇ ਸੁਹਣੀ ਸਵਾਈ ਅੱਖਾਂ ਨੂੰ ਆਕ੍ਰਸ਼ਨ ਕਰਦੀ। 'ਪਰ ਅਨ-ਵਿਆਹੇ ਮੁੰਡਿਆਂ ਨੂੰ ਏਨੀ ਸ਼ੌਕੀ ਦੀ ਕੀ ਆਖ? ਪੰਜ ਹਜ਼ਾਰ ਛਿੱਲੜਾਂ ਨਾਲ ਮਾਂ-ਪਿਓ ਨੇ ਦੇਸ 'ਚ ਪੰਜ ਸਾਲ ਕੱਢਣੇ ਸਨ—ਉਹ ਫਿਰ ਸੋਚਦੀ।'

ਆਂਦਣਾਂ ਗਵਾਂਢਣਾਂ ਦੀ ਸਲਾਹ ਲੈਂਦਿਆਂ ਭੈਣ ਤਿੰਨ ਚਾਰ ਹਫਤੇ ਗਵਾ ਦਿਤੇ। ਮਾਲਵੇ ਦੇ ਮੇਲੇ ਤੋਂ ਖਰੀਦੇ ਲੰਗੋਜ਼ੇ ਵਾਂਗ ਮੁੰਡਾ ਸੂਟ ਦਾ ਪਲ ਭਰ ਵਸਾਹ ਨਾ ਖਾਂਦਾ। ਉਹ ਗਰਮੀ ਸਰਦੀ ਦਾ ਖਿਆਲ ਕੀਤੇ ਬਗੈਰ ਹੀ ਸਭ ਅੰਗਾਂ ਸਾਕਾਂ ਦੇ ਘਰ ਇਸਨੂੰ

ਪਾਈ ਫਿਰਦਾ।

ਡੂੰਮਨੀ ਦੀ ਨੱਥ ਵਾਂਗ ਨਿੱਤ ਚਮਕਾਈ ਰਖਣ ਨਾਲ ਸੂਟ ਥੋੜ੍ਹਾ ਥੋੜ੍ਹਾ ਮੈਲੀ ਭਾਅ ਮਾਰਨ ਲਗ ਪਿਆ। ਏਸੇ ਦੌਰਾਨ ਭੈਣ ਨੂੰ ਕਿਸੇ ਗੁਆਂਢਣ, ਸਲਾਹ ਦਿਤੀ ਕਿ 'ਆਰਡਰ ਦੇ ਕੇ ਸਿਲਵਾਇਆ ਸੂਟ ਵੀ ਜੇ ਪਸੰਦ ਨਾ ਆਵੇ ਤਾਂ ਮੋੜਿਆ ਜਾ ਸਕਦੈ।'

ਮੁੰਡੇ ਦੀ ਗੈਰ-ਹਾਜ਼ਰੀ 'ਚ ਭੈਣ ਨੇ ਸੂਟ ਡਰਾਈ-ਕਲੀਨ ਕਰਨ ਲਈ ਦੇ ਦਿਤਾ। ਉਸ ਸੋਚਿਆ ਡਰਾਈ-ਕਲੀਨ ਕਰਵਾਇਆਂ ਸੂਟ ਨਵਾਂ ਨਕੋਰ ਨਿਕਲ ਆਊ। ਫਿਰ ਇਹ ਕਹਿ ਕੇ ਮੋੜ ਆਵਾਂਗੇ ਕਿ 'ਪਾ ਕੇ ਵੇਖਿਆ ਮੁੰਡੇ ਦੇ ਪਸੰਦ ਨਹੀਂ'। ਸਟੋਰ ਤੇ ਥੋੜ੍ਹੀ ਗਲ ਕਰੇ! ਆਪੇ ਮੂਰਖ ਗੋਰੇ ਸਮਝਣਗੇ। ਇਨ੍ਹਾਂ ਹਿੰਦੂਆਂ ਨੂੰ ਕਿਹੜੀ ਅੰਗਰੇਜ਼ੀ ਆਉਂਦੀ ਏ। ਨਹੀਂ ਸੂਟ ਲੈਂਦੇ ਨਾ ਸਹੀ। ਪੈਸੇ ਹੱਥ ਫੜਾਉ ਤੇ ਜਾਨ ਛਡਾਉ। ਕਿਹੜਾ ਪਸ਼ੂਆਂ ਨਾਲ ਮੱਥਾ ਮਾਰੇ।' ਭੈਣ ਨੂੰ ਇਸ ਖੱਚਰ-ਪਓ ਦੇ ਚਲ ਜਾਣ ਦਾ ਪੂਰਾ ਵਿਸ਼ਵਾਸ ਸੀ।

ਡਰਾਈ-ਕਲੀਨ ਦੀ ਦੁਕਾਨ ਤੋਂ ਸੂਟ ਲਿਆਕੇ ਭੈਣ ਕਲੋਜ਼ਿਟ 'ਚ ਟਿਕਾ ਦਿਤਾ। ਡਰਾਈ-ਕਲੀਨ ਦਾ ਬਿਲ ਵੀ ਕੋਟ ਦੀ ਜੇਬ 'ਚ ਹੀ ਪਾ ਦਿਤਾ। ਮਿੱਲ ਤੋਂ ਕੰਮ ਨਾਲ ਹੱਡ ਤੁੜਾਕੇ ਆਏ ਮੁੰਡੇ ਨੂੰ ਉਸ ਘਰੋਂ ਬਾਹਰ ਹੀ ਬੋਚ ਲਿਆ ਤੇ ਕਾਰ 'ਚ ਬਿਠਾ ਲਿਆ। ਸਟੋਰ 'ਚ ਪੁਜਕੇ ਉਸ ਕੋਲੋਂ ਕਪੜਿਆਂ ਵਾਲਾ ਕੌਂਟਰ ਪੁੱਛਿਆ ਤੇ ਸੂਟ ਉਸ ਉਪਰ ਜਾ ਟਿਕਾਇਆ। ਕੌਂਟਰ ਵਾਲੇ ਦੇ ਪੁੱਛਣ ਤੇ ਕਹਿ ਦਿਤਾ 'ਅਸੀਂ ਇਹ ਸੂਟ ਮੋੜਨਾ ਚਾਹੁੰਦੇ ਹਾਂ'। 'ਕੀ ਕਾਰਨ?' 'ਪਸੰਦ ਨਹੀਂ' ਉਸ ਫਿਰ ਸੰਖੇਪ ਜਿਹਾ ਉਤਰ ਦਿਤਾ। 'ਕੀ ਕੋਈ ਹੋਰ ਸੂਟ ਲੈਣਾ ਹੈ?' 'ਹਾਲੇ ਨਹੀਂ' 'ਸੁਣਕੇ ਗੋਰੇ ਦੇ ਦੰਦ ਜੁੜ ਗਏ। ਉਸ ਰਸੀਦ ਵੇਖੀ। ਸੂਟ ਖ਼ਰੀਦੇ ਨੂੰ ਚਾਰ ਹਫ਼ਤੇ ਬੀਤ ਚੁਕੇ ਸਨ।

'ਤੁਸੀਂ ਮੋੜਨ 'ਚ ਏਨੀ ਦੇਰ ਕਿਉਂ ਕੀਤੀ?' 'ਮੁੰਡਾ ਵੈਨਕੂਵਰ ਆਈਲੈਂਡ ਰਿਸ਼ਤੇਦਾਰਾਂ ਨੂੰ ਮਿਲਣ ਚਲਾ ਗਿਆ ਸੀ ਤੇ ਉਥੋਂ ਹੀ ਤਿੰਨ ਹਫ਼ਤੇ ਨਹੀਂ ਮੁੜਿਆ' ਭੈਣ ਨੇ ਕਿਹਾ।

'ਕਿਤੇ ਸੂਟ ਪਾਇਆ ਤਾਂ ਨਹੀਂ?' 'ਬਿਲਕੁਲ ਨਹੀਂ' ਭੈਣ ਤ੍ਰਿਭ ਬੋਲੀ। 'O. K. Fine' ਕਹਿਕੇ ਗੋਰੇ ਨੇ ਸੂਟ ਹੈਂਗਰ ਤੇ ਟੰਗਣਾ ਸ਼ੁਰੂ ਕਰ ਦਿਤਾ।

ਸੂਟ ਦੀਆਂ ਤਹਿਆਂ ਠੀਕ ਕਰਦਿਆਂ ਉਸ ਜੇਬਾਂ 'ਚ ਹੱਥ ਮਾਰਿਆ ਕਿ ਕਿਤੇ ਗਾਹਕ ਦੀ ਕੋਈ ਚੀਜ਼ ਨਾ ਰਹਿ ਗਈ ਹੋਵੇ। ਜੇਬ 'ਚੋਂ ਡਰਾਈ-ਕਲੀਨ ਦੀ ਰਸੀਦ ਨਿਕਲ ਆਈ। ਰਸੀਦ ਪੜ੍ਹਕੇ ਗੋਰਾ ਤ੍ਰਬਕਿਆ ਜਿਵੇਂ ਅਨ-ਜਾਣੇ ਹੀ ਅੱਗ ਦੇ ਕੋਲੇ ਨੂੰ ਉਸਦਾ ਹੱਥ ਲੱਗ ਗਿਆ ਹੋਵੇ।

'ਤੁਸੀਂ ਸੂਟ ਡਰਾਈ-ਕਲੀਨ ਕਰਵਾਇਆ ਏ'। ਸੁਣਕੇ ਭੈਣ ਦੇ ਹੱਥਾਂ ਦੇ ਤੋਤੇ ਉੱਡ ਗਏ। ਦੂਜੇ ਪਲ ਹੀ ਆਪਾ ਸੰਭਾਲਦੀ ਉਹ ਬੋਲੀ, 'ਨਹੀਂ ਇਹ ਰਸੀਦ ਕਿਸੇ ਹੋਰ ਸੂਟ ਦੀ ਏ'। ਜਵਾਬ ਢੁੱਕਵਾਂ ਸੀ—ਸੁਣਕੇ ਗੋਰੇ ਨੀਵੀਂ ਪਾ ਲਈ ਤੇ ਤਿੰਨ ਸੌ ਪੰਜਾਹ ਡਾਲਰ ਦਾ ਚੈੱਕ ਕੱਟਕੇ ਉਨ੍ਹਾਂ ਦੇ ਹੱਥ ਫੜਾਇਆ। ਚੈੱਕ ਤੇ ਲਿਖੀ ਰਕਮ ਪੜ੍ਹਕੇ ਭੈਣ ਦੇ ਚਿਹਰੇ ਤੇ ਜਲੌਅ ਆ ਗਿਆ।

ਮੁੰਡਾ ਪਹਿਲਾਂ ਵਾਂਗ ਹੀ ਆਪਣੀ ਮਿੱਲ ਦੀ ਦੁਨੀਆਂ 'ਚ ਲੀਨ ਹੋ ਗਿਆ। ਉਹੋ ਮਿੱਲ, ਉਹੋ ਯਾਰ, ਉਹੋ ਢੱਟੇ। ਦੇਸੀ ਫਿਲਮਾਂ ਦੀਆਂ ਗੱਲਾਂ ਤੇ ਪਲੇਅ-ਬੁਆਏ ਦੀਆਂ ਮੂਰਤਾਂ ਤੇ ਦਾਰੂ। ਇਸ ਸਵੈ-ਪੂਰਨ ਦੁਨੀਆਂ 'ਚ ਸੂਟ ਉਸ ਨੂੰ ਭੁੱਲ ਵਿਸਰ ਗਿਆ।

ਇਕ ਦਿਨ ਉਸਦੇ ਲੰਗੋਟੀਏ ਯਾਰ ਸ਼ਾਪਿੰਗ ਲਈ ਉਸਨੂੰ ਉਸ ਸਟੋਰ ਤੇ ਲੈ ਗਏ। ਸੂਟ ਵਲ ਫਿਰ ਝਾਤ ਮਾਰਨ ਨੂੰ ਉਸਦਾ ਜੀਅ ਕਰ ਆਇਆ। ਯਾਰਾਂ ਨੂੰ ਨਾਲ ਲੈ ਉਸ ਹਜ਼ਾਰਾਂ ਸੂਟਾਂ 'ਚ ਟੰਗਿਆ ਸੂਟ ਜਾ ਪਛਾਣਿਆ। ਯਾਰਾਂ ਸੂਟ ਦੀ ਦੱਖ ਦੀ ਦਾਦ ਦਿਤੀ। ਇਕ ਸੌ ਛਿਅੱਤਰ ਡਾਲਰ ਕੀਮਤ ਪੜ੍ਹਕੇ ਮੁੰਡੇ ਮੂੰਹ 'ਚ ਪਾਣੀ ਭਰ ਆਇਆ। ਨਾਲ ਹੀ ਲਿਖਿਆ ਹੋਇਆ ਸੀ 'ਗਾਹਕ ਦਾ ਮੋੜਿਆ ਹੋਇਆ'। ਪਰ ਗਾਹਕ ਤਾਂ ਉਹ ਆਪ ਹੀ ਸੀ। ਜੇ ਨਾ ਵੀ ਹੁੰਦਾ ਤਾਂ ਕੀ ਸੀ? ਸਾਢੇ ਤਿੰਨ ਸੌ ਦੀ ਚੀਜ਼ ਇਕ ਸੌ ਛਿਅੱਤਰਾਂ 'ਚ ਮਿਲ ਜਾਏ, ਉਹ ਵੀ ਮਨ-ਭਾਉਂਦੀ ਤਾਂ ਹੋਰ ਕੀ ਚਾਹੀਦਾ ਹੈ?

ਮੁੰਡੇ ਸੂਟ ਕੋਲੋਂ ਹਿਲਣ ਨੂੰ ਜੀਅ ਨਾ ਕੀਤਾ। 'ਗਾਹਕ ਤੇ ਮੌਤ ਦਾ ਕੀ ਪਤਾ ਕਦੋਂ ਆ ਜਾਏ? ਕਿਉਂ ਨਾ ਆਪ ਹੀ ਖ਼ਰੀਦ ਲਵੇ? ਹੁਣ ਤਾਂ ਚੁੜੇਲ ਭੈਣ ਵੀ ਕੁਝ ਨਹੀਂ ਕਹਿਣ ਲਗੀ।'

ਜਦ ਉਸਦੇ ਯਾਰ ਜ਼ਰਾ ਪਰ੍ਹਾਂ ਹੋਏ ਤਾਂ ਉਸ ਸੂਟ ਚੁੱਕਿਆ। ਪਰ ਦੂਜੇ ਪਲ ਹੀ ਖਿਆਲ ਆਇਆ, 'ਕਿਤੇ ਕੌਂਟਰ ਵਾਲਾ ਗੋਰਾ ਪਛਾਣ ਨਾ ਲਵੇ'। ਪਰ ਫਿਰ ਸੋਚਿਆ 'ਇਹਨਾਂ ਗੋਰਿਆਂ ਨੂੰ ਏਨੀ ਅਕਲ ਕਿਥੇ? ਜੇ ਅਕਲ ਹੁੰਦੀ ਪਹਿਲਾਂ ਹੀ ਕਿਉਂ ਮੋੜਦੇ? ਨਾਲੇ ਇਕ ਮਹੀਨੇ ਬਾਅਦ ਇਸਨੂੰ ਕਿਹੜੀ ਮੇਰੀ ਸ਼ਕਲ ਯਾਦ ਰਹੀ ਹੋਣੀ ਏ।'

'ਗੋਰਿਆਂ ਨੂੰ ਸਾਰੇ ਹਿੰਦੂ ਸ਼ਕਲੋਂ ਇਕੋ ਜਹੇ ਲਗਦੇ ਆ। ਜਿਵੇਂ ਹਿੰਦੂਆਂ ਨੂੰ ਸਾਰੇ ਗੋਰੇ ਇਕੋ ਜਹੇ ਲਗਦੇ ਆ। ਨਾਲੇ ਇਨ੍ਹਾਂ ਸਟੋਰਾਂ 'ਚ ਤਾਂ ਕੰਜਰੀ ਦੇ ਕੋਠੇ ਵਾਂਗ ਸਭ ਕੁਝ ਵਿਕਾਊ ਵਾ। ਪੈਸੇ ਦਿਓ, ਚੀਜ਼ ਲਵੋ'।

ਇਹ ਸੋਚ ਕੇ ਉਸ ਦਿਲ ਨੂੰ ਧਰਵਾਸ ਦਿਤੀ ਤੇ ਸੂਟ ਕੌਂਟਰ ਤੇ ਜਾ ਟਿਕਾਇਆ। ਕੌਂਟਰ ਵਾਲੇ ਗੋਰੇ ਨੇ ਉਸਦੇ ਚਿਹਰੇ ਵਲ ਤਕਿਆ ਤੇ ਫਿਰ ਸੂਟ ਦੀ ਕੀਮਤ ਵਲ। ਪਲ ਭਰ ਲਈ ਉਹ ਸੋਚਾਂ ਵਿਚ ਪੈ ਗਿਆ। ਫਿਰ ਸੂਟ ਚੁੱਕ ਕੇ ਅੰਦਰ ਨੂੰ ਲੈ ਗਿਆ ਤੇ ਪੰਜ ਕੁ ਮਿੰਟ ਬਾਅਦ ਬਾਹਰ ਆ ਕੇ ਮੁੰਡੇ ਨੂੰ ਕਹਿਣ ਲਗਾ, 'ਇਸ ਸੂਟ 'ਚ ਥੋੜ੍ਹਾ ਜਿਹਾ ਨੁਕਸ ਏ, ਤੁਸੀਂ ਕੋਈ ਹੋਰ ਸੂਟ ਪਸੰਦ ਕਰ ਲਵੋ'। ਮੁੰਡੇ ਨੂੰ ਸਮਝ ਹੀ ਨਾ ਆਈ ਕਿ ਲੱਖਾਂ ਹਿੰਦੂਆਂ ਚੋਂ ਗੋਰੇ ਇਕ ਹਿੰਦੂ ਨੂੰ ਪਛਾਣ ਲਿਐ। ਮੁੰਡੇ ਫਿਰ ਕਿਹਾ, 'ਮੈਨੂੰ ਨੁਕਸ ਵਾਲਾ ਸੂਟ ਮਨਜ਼ੂਰ ਏ, ਤੁਸੀਂ ਫਿਕਰ ਨਾ ਕਰੋ'। ਗੋਰੇ ਕਿਹਾ, 'ਨਹੀਂ ਅਸੀਂ ਇਹ ਸੂਟ ਸੇਲ ਤੋਂ ਚੁਕ ਲਿਆ ਏ। ਦਰਜ਼ੀ ਕੋਲੋਂ ਠੀਕ ਕਰਾਕੇ ਕੁਝ ਦਿਨਾਂ ਨੂੰ ਫਿਰ ਸੇਲ ਤੇ ਲਾਵਾਂਗੇ। ਖ਼ਰੀਦ ਲੈਣਾ,'।

ਮੁੰਡਾ ਮਾਯੂਸ ਜਿਹਾ ਹੋ ਕੇ ਪਰਤ ਗਿਆ। ਭੈਣ ਨੂੰ ਗੱਲ ਸੁਣਾਈ। ਭੈਣ ਨੂੰ ਵੀ ਹੁਣ ਸੂਟ ਚੰਗਾ ਲੱਗਾ। ਉਸ ਕਿਹਾ 'ਕੋਈ ਨਹੀਂ', ਤੂੰ ਕਿਸੇ ਦੋਸਤ ਨੂੰ ਹਫ਼ਤੇ ਕੁ ਤਕ ਨਾਲ ਲਿਜਾਕੇ ਸੂਟ ਵਖਾ ਦੇਵੀਂ। ਫਿਰ ਆਪ ਕਿਤੇ ਦੂਰ ਜਾਂ ਸਟੋਰ ਤੋਂ ਬਾਹਰ ਚਲਾ ਜਾਵੀਂ ਤੇ ਆਪੇ ਉਹ ਸੂਟ ਖਰੀਦ ਲਿਆਊ'।

ਅਗਲੇ ਹਫ਼ਤੇ ਮੁੰਡੇ ਨੇ ਬਿਲਕੁਲ ਉਵੇਂ ਹੀ ਕੀਤਾ। ਸੂਟ ਇਕ ਯਾਰ ਨੂੰ ਵਖਾਇਆ। ਕੀਮਤ ਟੁੱਟਕੇ ਇਕ ਸੌ ਛਪੰਜਾਂ ਤੇ ਆ ਗਈ ਸੀ। ਉਸਦੇ ਯਾਰ ਸੂਟ ਚੁੱਕ ਕੇ ਕੌਂਟਰ ਤੇ ਖੜਿਆ। ਗੋਰੇ ਸੂਟ ਵੇਚਣ ਤੋਂ ਫਿਰ ਨਾਂਹ ਕਰ ਦਿਤੀ।

ਸਟੋਰ ਚੋਂ ਖਾਲੀ ਹੱਥ ਆਉਂਦੇ ਯਾਰ ਨੂੰ ਵੇਖ ਕੇ ਮੁੰਡੇ ਨੂੰ ਪੱਕਾ ਵਿਸ਼ਵਾਸ ਹੋ ਗਿਆ ਕਿ ਗੋਰਿਆਂ ਨੂੰ ਸੱਚ-ਮੁੱਚ ਸਾਰੇ ਹਿੰਦੂ ਇਕੋ ਜਹੇ ਲਗਦੇ ਆ।

*[Vancouver, B.C.]*

## ਜੇ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਫਿਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ
ਸਾਨੂੰ ਭੇਜੋ !

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ,

- ਮੈਂ ਸੱਤ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਅਸੀਂ ਬਾਰਾਂ ਡਾਲਰ ਭੇਜ ਰਹੇ ਹਾਂ। ਕਿਰਪਾ ਕਰਕੇ ਕੈਨੇਡਾ ਵਿੱਚ ਇੰਨਾਂ ਦੋ ਪਤਿਆਂ ਤੇ ਇਕ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ: (ਤਾਕ ਦੋ ਜਣੇ ਇਕੱਠੇ ਭੇਜਣ ਤੇ ਦੋ ਡਾਲਰ ਕਿਫਾਇਤ!)

.................................... ....................................
.................................... ....................................
.................................... ....................................
.................................... ....................................

# ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ
# PANJAB CULTURAL ASSOCIATION
## Vancouver, B. C., Canada

ਨਵੰਬਰ 1972 ਵਿੱਚ ਜਨਮੀ ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ ਦੀ ਮੁਖ ਸਰਗਰਮੀ ਪੰਜਾਬ ਦੇ ਵਿਰਸਮਈ ਲੋਕ-ਨਾਚ ਭੰਗੜੇ ਦੀ ਪਰਦਰਸ਼ਨੀ ਹੈ। ਹੁਣ ਤੱਕ ਐਸੋਸੀਏਸ਼ਨ ਨੇ ਸਪੋਕੇਨ ਦੇ ਵਿਸ਼ਵ-ਮੇਲੇ, ਮੌਂਟਰੀਅਲ ਦੀਆਂ ਓਲੰਪਿਕ ਖੇਡਾਂ ਅਤੇ CBC ਟੈਲੀਵਿਜ਼ਨ ਤੋਂ ਬਿਨਾਂ ਬੀ. ਸੀ. ਲਗਭਗ ਸਾਰੇ ਵੱਡੇ ਸ਼ਹਿਰਾਂ ਵਿੱਚ ਭੰਗੜਾ ਪੇਸ਼ ਕਰਕੇ ਕੈਨੇਡਾ ਵਿੱਚ ਪੰਜਾਬੀ ਸੱਭਿਆਚਾਰ ਦਾ ਗੌਰਵ ਵਧਾਉਣ ਵਿੱਚ ਉਘਾ ਯੋਗਦਾਨ ਪਾਇਆ ਹੈ। ਐਸੋਸੀਏਸ਼ਨ ਵੱਲੋਂ ਉਨ੍ਹਾਂ ਯੁਵਕਾਂ ਨੂੰ ਖੁੱਲਾ ਸੱਦਾ-ਪੱਤਰ ਦਿਤਾ ਜਾਂਦਾ ਹੈ ਜਿਹੜੇ ਭੰਗੜਾ ਪਾ ਸਕਦੇ ਹੋਣ ਜਾਂ ਭੰਗੜਾ ਸਿੱਖਣ ਵਿੱਚ ਗੰਭੀਰ ਦਿਲਚਸਪੀ ਰਖਦੇ ਹੋਣ।

ਪਾਲ ਬਿਲਿੰਗ (879-9669) ਰਘਬੀਰ (325-9564)

## ਪੰਜਾਬੀ ਲਿਟਰੇਰੀ ਐਸੋਸੀਏਸ਼ਨ·

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਵਲੋਂ ੨ ਸ਼ਨਿਚਰ ਨੂੰ ਕਵੀ ਦਰਬਾਰ ਕਰਾਇਆ ਜਾ ਰਿਹਾ ਹੈ। ਇਹ ਕਵੀ ਦਰਬਾਰ ਪੰਜਾਬੀ ਦੇ ਇਨਾਮ ਜੇਤੂ ਕਵੀ ਸੋਹਣ ਸਿੰਘ ਮੀਸ਼ਾ (ਜੋ ਕਿ ਅਗਸਤ ਦੇ ਅਖੀਰ ਵਿਚ ਵੈਨਕੂਵਰ ਆ ਰਹੇ ਹਨ) ਦੇ ਮਾਣ ਵਿਚ ਕਰਾਇਆ ਜਾ ਰਿਹਾ ਹੈ। ਕਵੀ ਦਰਬਾਰ ਦੇ ਥਾਂ, ਸਮਾਂ ਤੇ ਹੋਰ ਜਾਣਕਾਰੀ ਲਈ ਫੋਨ ਕਰੋ:

ਸੁਖਵੰਤ ਹੁੰਦਲ ਨੂੰ: 321-9221


## FOR **FIELD HOCKEY** EQUIPMENT

* KICKERS
* LEG GUARDS
* SHIN PADS
* MATCH BALL & PRACTICE BALLS, GLOVES AND HOCKEY BAG
* EXCLUSIVE DISTRIBUTORS FOR MAHARAJA HOCKEY STICKS

*For Reasonable Prices and Reliable Service,*
Contact S. Tejinder Gill, 584-3789

**BLUE COAST ENTERPRISES**

SENSATIONA

# KISHORE KUM

WITH

HELEN





CHARANJIT SINGH | ENOCH DANIELS | GEORGE | KAKA | BUJI | SHAILESH | SU



UMA RELE

# THE GREATEST

ਸੰਗੀਤ ਦੀ ਦੁਨੀਆਂ 'ਚ ਆਖਰਾਂ ਨੂੰ ਛੂਹਣ
ਤੋਂ ਬਾਅਦ ਕਿਸ਼ੋਰ ਕੁਮਾਰ ਦੇ ਇਰਾਦੇ
ਮੁਤਾਬਕ ਵੈਨਕੂਵਰ 'ਚ ਉਮਰ ਦੀ ਜ਼ਿੰਦਗੀ
ਦਾ ਆਖਰੀ ਸ਼ੋਅ:

A

A man of many t
composer. He is

The youngest of
Kishore has dist

## SEPTEMBER 10 - 1978 - 8 P.M.

## AT QUEEN ELIZABETH THEATRE

A great, wel
fame and su
but the nam

# AR SHOW



ਕਿਸ਼ੋਰ ਕੁਮਾਰ ਦੇ ਸ਼ੋਅ ਦੇ
ਟਿਕਟ ਹੇਠ ਲਿਖੇ ਥਾਵਾਂ ਤੋਂ
ਮਿਲ ਸਕਦੇ ਹਨ

1. FRONTIER CLOTH HOUSE
6672 MAIN ST. (PH. 32[illegible]-1424)
2. ROKKO SAREES
6201 FRASER ST. (327-3033)
3. GLOBE SPICES
6695 FRASER ST. (321-2472)
4. SHAN SAREES
6658 MAIN ST. (321-0847)
5. AMBIKA ENTERPRISES
5125 VICTORIA DR. (327-0295)
6. PATEL SUPERMARKET. 255-6729
7. PUNJAB FASHIONS
6665 MAIN ST. (324-7521)
8. KARIM DELUXE
1034 COMMERCIAL DR.
(255-6122)
9. GASTOWN CURRY INN
128 E. CORDOVA ST. (683-1032)



DINESH NANDI DUGGAL DEBU BHAWANI SHANKAR NARENDRA BHANSALI

ਟਿਕਟ:
$15.00, $12.50, $10.00
$8.00, $6.00
FOR FURTHER INFORMATION
CALL
S & S PICTURES
324-3515
FOR GOOD SEATS RUSH
FOR ADVANCE BOOKING

# IVE SHOW

## BOUT KISHORE KUMAR

nts . . . . A funny man, a serious actor, a story writer, director, producer and a these . . . . and much more. He is the No. 1 singer in India's film industry.

e three eminent Ganguli brothers headed by the evergreen Ashok Kumar, uished himself in many fields of creativity relating to film-making.

## ABOUT HELEN

own, talented, beautiful film star and dancer, who has enjoyed unprecedented ined glory for more than two decades. Many dancers came and went until today, - HELEN - - remains on top, the No. 1 dancer in India's film industry.

# ਨੰਬਰ ਵੰਨ

## ਅਜਮੇਰ ਰੋਡੇ

ਹੈਨਰੀ ਨੇ ਸਿਗਰਟ ਦਾ ਆਖਰੀ ਕਸ਼ [illegible] ਤੇ ਕਾਰ ਤੋਰ ਲਈ। ਹੌਲੀ ਹੌਲੀ ਤੁਰਦੀ ਕਾਰ ਇਕ ਮੋੜ ਕੱਟ ਕੇ ਦੂਜੀ ਸੜਕ ਤੇ ਪੈ ਗਈ - ਰਫ਼ਤਾਰ ਅਜੇ ਵੀ ਥੋੜ੍ਹੀ ਸੀ। ਹੈਨਰੀ ਕਿਸੇ ਦੁਵਿੱਧੀ ਵਿਚ ਲਗਦਾ ਸੀ ਜਾਂ ਸ਼ਾਇਦ ਉਸਨੂੰ ਇਹ ਵੀ ਪਤਾ ਨਹੀਂ ਸੀ ਕਿ ਉਸਨੇ ਕਿਥੇ ਜਾਣਾ ਹੈ। ਅਚਾਨਕ ਹੀ ਇਕ ਹੋਰ ਮੋੜ ਕੱਟਿਆ ਤੇ ਕਾਰ ਟਾਊਨ ਤੋਂ ਬਾਹਰ ਵੱਲ ਨੂੰ ਜਾਂਦੀ ਖੁਲ੍ਹੀ ਸੜਕ ਤੇ ਪਾ ਲਈ। ਕਾਰ ਉਹ ਹਮੇਸ਼ਾ ਵਾਂਗ ਪੱਕੇ ਹੱਥ ਨਾਲ ਹੀ ਚਲਾ ਰਿਹਾ ਸੀ। ਕਿੰਨੇ ਵਿੰਗੇ ਟੇਢੇ ਮੋੜ ਕੱਟਦੇ ਪੈਣ ਕਿੰਨੀ ਹੀ ਸਪੀਡ ਤੇ ਜਾਣ ਪਰ ਉਸ ਦਾ ਸੱਜਾ ਹੱਥ ਅਕਸਰ ਗੇਅਰ ਵਿਚ ਹੀ ਰਹਿੰਦਾ ਸੀ ਤੇ ਜਾਂ ਫੇਰ ਸਿਗਰਟ ਪੀਣ ਵਿਚ ਉਲਝਿਆ ਰਹਿੰਦਾ ਸੀ। ਇਕ ਵਾਰ ਤਾਂ ਉਸ ਦਾ ਜੀਅ ਕੀਤਾ ਗੈਸ ਵਾਲਾ ਪੈਡਲ ਸਾਰੇ ਦਾ ਸਾਰਾ ਨੱਪ ਦੇਵੇ ਪਰ ਪੁਲੀਸ ਦੇ ਡਰੋਂ ਉਸਨੇ ਅਜਿਹਾ ਨਾ ਕੀਤਾ।

ਉਹ ਬਹੁਤ ਬੇਚੈਨ ਸੀ।

ਅਜੀਬ ਕਿਸਮ ਦੀ ਬੇਚੈਨੀ - ਅਜੀਬ ਕਾਹਲ ਜਿਵੇਂ ਬਹੁਤ ਅਜੀਰਣਾ ਹੋਵੇ, ਸਿਰ ਵਿਚ ਜਿਵੇਂ ਵਾ ਵਰੋਲੇ ਉਠ ਉਠ ਅਲੋਪ ਹੁੰਦੇ ਹੋਣ। ਟਾਊਨ ਵੱਲ ਜਾ ਰਹੀਆਂ ਕਾਰਾਂ ਵੱਲ ਉਸ ਦਾ ਕੋਈ ਧਿਆਨ ਨਹੀਂ ਸੀ। ਉਹ ਤਾਂ ਬੱਸ ਸੜਕ ਦੇ ਦੋਹੀਂ ਪਾਸੀਂ ਗਹੁ ਨਾਲ ਵੇਖ ਰਿਹਾ ਸੀ। ਜਿਵੇਂ ਕੁੱਝ ਗੁਆਚਿਆ ਹੋਵੇ। ਅਚਾਨਕ ਹੀ ਉਸਨੇ ਸਪੀਡ ਤੇਜ਼ ਕਰ ਲਈ ਤੇ ਫੇਰ ਪਤਾ ਨਹੀਂ ਕਿਉਂ ਅਚਾਨਕ ਹੀ ਬ੍ਰੇਕਾਂ ਤੇ ਪੈਰ ਰੱਖ ਦਿੱਤਾ। ਉਸਨੂੰ ਝਟਕਾ ਲੱਗਾ - ਸ਼ਾਇਦ ਸੋਚਾਂ ਦੀ ਲੜੀ ਵੀ ਟੁੱਟ ਗਈ ਸੀ। ਉਸਨੇ ਉਬਾਸੀ ਲਈ ਤੇ ਫੇਰ ਪਹਿਲਾਂ ਵਾਲੀ ਸਪੀਡ ਤੇ ਹੀ ਚੱਲ ਪਿਆ। ਕਾਰ ਦਾ ਰੇਡੀਓ ਅਕਸਰ ਲੱਗਾ ਹੀ ਰਹਿੰਦਾ ਸੀ। ਪਲ ਭਰ ਲਈ ਉਸਦਾ ਧਿਆਨ ਚੱਲ ਰਹੇ ਗਾਣੇ ਵੱਲ ਹੋਇਆ ਪਰ ਛੇਤੀ ਹੀ ਫੇਰ ਪਹਿਲਾਂ ਵਾਲੀਆਂ ਬੇਸਵੀਆਂ ਸੋਚਾਂ ਵਿਚ ਉਲਝ ਗਿਆ। ਸੜਕ ਦੇ ਸੱਜੇ ਪਾਸੇ ਦੇਖਿਆ ਕੁੱਝ ਦੂਰ ਤੇ ਕੋਈ ਹੱਥ ਦੇ ਇਸ਼ਾਰੇ ਨਾਲ ਰਾਈਡ ਮੰਗ ਰਿਹਾ ਸੀ। ਹੈਨਰੀ ਦਾ ਸਾਰਾ ਧਿਆਨ ਉਸ ਪਾਸੇ ਹੋ ਗਿਆ। ਕਾਰ ਤੇਜ਼ ਹੋਕੇ ਹੱਥ ਵਾਲੇ ਕੋਲ ਜਾਕੇ ਹੌਲੀ ਹੋ ਗਈ। ਹੈਨਰੀ ਨੇ ਉਤਸੁਕਤਾ ਨਾਲ ਉਸ ਵੱਲ ਵੇਖਿਆ ਇਕ ਨੌਜੁਆਨ ਕੁੜੀ ਖੜ੍ਹੀ ਸੀ। ਉਸ ਨੇ ਫੁੱਟਪਾਥ ਕਾਰ ਰੋਕ ਕੇ ਖਿੜਕੀ ਖੋਲ੍ਹ ਦਿੱਤੀ। ਸਰਸਰੀ ਨਜ਼ਰ ਕੁੜੀ ਵੱਲ ਵੇਖਿਆ ਤੇ ਫੇਰ ਸਿੱਧਾ ਬਾਹਰ ਵੱਲ ਵੇਖਣ ਲੱਗ ਪਿਆ। ਕੁੜੀ ਨੇ ਮੁਸਕਰਾ ਕੇ ਸ਼ੁਕਰੀਆ ਕਿਹਾ ਤੇ ਹੈਨਰੀ ਦੇ ਨਾਲ ਬੈਠ ਗਈ। ਕਾਰ ਤੁਰ ਪਈ ਤੇ ਛੇਤੀ ਹੀ ਤੇਜ਼ ਰਫ਼ਤਾਰ ਫੜ ਲਈ।

ਕੁੜੀ ਨੂੰ ਹੈਨਰੀ ਦੇ ਬੇਲਾਗ ਜਿਹੇ ਰਵੱਈਏ ਤੇ ਕੁੱਝ ਹੈਰਾਨੀ ਹੋਈ। ਉਹ ਸੋਚਦੀ ਸੀ ਤਕਰੀਬਨ ਪੁੱਛੇਗਾ "ਕਿਥੇ ਜਾਣਾ ਹੈ?" ਪਰ ਹੈਨਰੀ ਨੇ ਅਜਿਹਾ ਕੁੱਝ ਨਾ ਪੁੱਛਿਆ। ਕੁੱਝ ਦੇਰ ਉਡੀਕਣ ਪਿਛੋਂ ਉਸ ਨੇ ਆਪ ਹੀ ਦੱਸ ਦਿੱਤਾ, "ਮੈਂ ਸਕੀਸਾਇਡ ਰੋਡ ਤੇ ਉੱਤਰ ਜਾਣਾ ਹੈ"। ਹੈਨਰੀ ਨੇ ਪੋਲਾ ਜਿਹਾ ਸਿਰ ਹਿਲਾਇਆ ਤੇ ਕਾਰ ਉਸੇ ਤਰ੍ਹਾਂ ਤੇਜ਼ ਰਫ਼ਤਾਰ ਚਲਾਉਂਦਾ ਰਿਹਾ। ਉਸ ਦੀ ਬੇਚੈਨੀ ਕਾਫੀ ਘਟ ਗਈ ਸੀ ਜਿਵੇਂ ਕੁੱਝ ਲੱਭ ਗਿਆ ਹੋਵੇ ਤੇ ਜਿਵੇਂ ਹੁਣ ਉਸਨੂੰ ਇਹ ਵੀ ਪਤਾ ਹੋਵੇ ਉਸਨੇ ਕਿਥੇ ਜਾਣਾ ਹੈ।

ਹੁਣੇ ਹੁਣੇ ਡੁੱਬੇ ਸੂਰਜ ਦਾ ਚਾਨਣ ਅਜੇ ਕਾਫੀ ਸੀ ਫਿਰ ਵੀ ਆ ਰਹੀਆਂ ਕਾਰਾਂ ਦੀਆਂ ਬੱਤੀਆਂ ਜਗ ਪਈਆਂ ਸਨ। ਹੈਨਰੀ ਹੁਣ ਸੜਕ ਦੇ ਆਸ ਪਾਸ ਨਹੀਂ ਵੇਖ ਰਿਹਾ ਸੀ। ਉਸ ਦੀ ਨਜ਼ਰ ਸਾਹਮਣੇ ਪਾਸੇ ਵੱਲ ਸਿੱਧੀ ਸੀ। ਕੁੱਝ ਮਿੰਟਾਂ ਵਿਚ ਹੀ ਸਕੀਸਾਇਡ [illegible] ਜਾਣੀ ਸੀ ਤੇ ਕੁੜੀ ਨੇ ਉੱਤਰ ਜਾਣਾ ਸੀ। ਕੁੜੀ ਨੇ ਹੈਨਰੀ ਦੇ ਚਿਹਰੇ ਨੂੰ ਜ਼ਰਾ ਗਹੁ ਨਾਲ ਵੇਖਿਆ - ਓਪਰਾ ਓਪਰਾ ਜਿਹਾ ਲੱਗਿਆ ਜਿਵੇਂ ਕਿਸੇ ਡੂੰਘੀ ਸੋਚ ਵਿਚ ਹੋਵੇ ਜਾਂ ਜਿਵੇਂ ਕਿਸੇ ਪਛਤਾਵੇ ਨੂੰ ਛੁਪਾ ਰਿਹਾ ਹੋਵੇ। ਉਸਨੂੰ ਹੈਨਰੀ ਦੀ ਇੰਨੀ ਖਾਮੋਸ਼ੀ ਤੋਂ ਭੈ ਆਉਣ ਲੱਗ ਪਿਆ। ਰੇਡੀਓ ਤੋਂ ਆ ਰਹੇ ਗੀਤ ਵੱਲ ਧਿਆਨ ਲਾਉਣ ਦੀ ਕੋਸ਼ਿਸ਼ ਕੀਤੀ ਪਰ ਛੇਤੀ ਹੀ ਬੇਚੈਨ ਜਿਹੀ ਹੋਕੇ ਆਸ ਪਾਸ ਵੇਖਣ ਲੱਗ ਪਈ।

"ਤੂੰ ਇਟੈਲੀਅਨ ਹੈਂ?" ਹੈਨਰੀ ਨੇ ਅਚਾਨਕ ਚੁੱਪ ਤੋੜਦਿਆਂ ਸੁਸਤ ਜਿਹੇ ਲਹਿਜੇ ਵਿਚ ਪੁਛਿਆ ਸ਼ਾਇਦ ਉਸ ਨੇ ਕੁੜੀ ਦੀ ਬੇਚੈਨੀ ਨੂੰ ਭਾਂਪ ਲਿਆ ਸੀ।

"ਹਾਂ ਮੇਰੇ ਮਾਂ ਪਿਓ ਇਟਲੀ ਤੋਂ ਆਏ ਸਨ" ਕੁੜੀ ਨੇ ਤ੍ਰਭਕ ਕੇ ਉਸ ਵੱਲ ਵੇਖਿਆ ਹੈਨਰੀ ਅਜੇ ਵੀ ਸਾਹਮਣੇ ਵੱਲ ਹੀ ਵੇਖ ਰਿਹਾ ਸੀ।

"ਕੀ ਕੰਮ ਕਰਦੀ ਹੈਂ?"

"ਇਕ ਅਖਬਾਰ ਵਿਚ ਰਿਪੋਰਟਰ ਹਾਂ"

ਫੇਰ ਇਕਵਾਰ ਫੇਰ ਲੰਮੀ ਚੁੱਪ ਪਸਰ ਗਈ।

"ਤੂੰ ਕਿਥੇ ਜਾ ਰਿਹਾ ਹੈਂ? ਕੁੜੀ ਨੇ ਚੁੱਪ ਨੂੰ

ਤੈਰਨ ਦਾ ਯਤਨ ਕੀਤਾ।

ਹੈਨਰੀ ਚੁੱਪ ਰਿਹਾ।

ਇਹ ਕਿਤੇ ਮੈਨੂੰ ਸਨੀਆਇਤ ਤੇ ਉਤਾਰਨਾ ਹੀ ਨਾ ਭੁੱਲ ਜਾਵੇ ਜਾਂ ਸ਼ਾਇਦ ....ਕੀ ਪਤੈ? ਕੁੜੀ ਦੇ ਦਿਲ ਵਿਚ ਕਿੰਨੀਆਂ ਹੀ ਸੋਚਾਂ ਰੇਂਗਣ ਲੱਗ ਆਈਆਂ।

"ਇਸ ਸ਼ਹਿਰ ਤੋਂ ਅਗਲਾ ਸ਼ਹਿਰ ਸਨੀਆਇਤ ਹੈ"। ਕੁੜੀ ਨੇ ਉਸਨੂੰ ਚਿਤਾਵਨੀ ਵਜੋਂ ਕਿਹਾ।

ਹੈਨਰੀ ਨੇ ਹੁੰਗਾਰੇ ਵਜੋਂ ਸਿਰ ਜਿਹਾ ਹਿਲਾ ਦਿੱਤਾ ਪਰ ਦੇਖਣਾ ਉਸੇ ਤਰ੍ਹਾਂ ਜਾਰੀ ਰਿਹਾ। ਕੁੜੀ ਉਸ ਦੇ ਅਜਿਹੇ ਰਵੱਈਏ ਤੇ ਹੋਰ ਪ੍ਰੇਸ਼ਾਨ ਹੋ ਗਈ ਤੇ ਡਰ ਵੀ ਗਈ। ਉਹ ਛੇਤੀ ਤੋਂ ਛੇਤੀ ਕਾਰ ਵਿਚੋਂ ਉਤਰਨਾ ਚਾਹੁੰਦੀ ਸੀ। ਸਨੀਆਇਤ ਆਉਣ ਵਾਲੀ ਸੀ। ਕਾਰ ਨਿਰੰਤਰ ਉਸੇ ਸਪੀਡ ਤੇ ਜਾ ਰਹੀ ਸੀ। ਰੇਡੀਓ ਤੇ ਖਬਰਾਂ ਆਉਣ ਲੱਗ ਪਈਆਂ ਸਨ।

"ਸਨੀਆਇਤ ਆਉਣ ਵਾਲੀ ਹੈ"। ਕੁੜੀ ਨੇ ਫੇਰ ਯਾਦ ਕਰਵਾਇਆ।

ਹੈਨਰੀ ਚੁੱਪ ਚਾਪ ਕਾਰ ਚਲਾਉਂਦਾ ਰਿਹਾ।

"ਸਨੀਆਇਤ ਆ ਗਈ ਹੈ—ਪਲੀਜ਼ ਮੈਨੂੰ ਇਥੇ ਉਤਾਰ ਦੇਵੋ। ਲਿਫਟ ਲਈ ਤੁਹਾਡਾ ਬਹੁਤ ਧੰਨਵਾਦ"

ਕਾਰ ਉਸੇ ਰਫ਼ਤਾਰ ਤੇ ਚਲਦੀ ਰਹੀ। ਕੁੜੀ ਇਕ ਦਮ ਘਬਰਾ ਗਈ।

"ਸਨੀਆਇਤ ਲੰਘ ਗਈ ਹੈ। ਕਾਰ ਇਥੇ ਰੋਕ ਐਥੇ ਹੀ ਖੜ੍ਹੀ ਕਰ"

ਕਾਰ ਉਸੇ ਰਫ਼ਤਾਰ ਤੇ ਚਲਦੀ ਰਹੀ।

"ਮੈਂ ਰੌਲਾ ਪਾ ਦੇਵਾਂਗੀ ਤੂੰ ਮੈਨੂੰ ਇਥੇ ਲਾਹ ਜਾਹ, ਕਾਰ ਹੁਣੇ ਐਥੇ ਖੜ੍ਹੀ ਕਰ।"

"ਠੀਕ ਹੈ ਮੈਂ ਤੈਨੂੰ ਅਗਲੀ ਸੜਕ ਤੇ ਲਾਹ ਦੇਵਾਂਗਾ"।

ਪਲ ਭਰ ਲਈ ਦੋਵੇਂ ਫੇਰ ਚੁੱਪ ਹੋ ਗਏ। ਰੇਡੀਓ ਤੇ ਕੋਈ ਖਬਰ ਆਉਣੀ ਸ਼ੁਰੂ ਹੋ ਗਈ। ਸੁਣ ਕੇ ਕੁੜੀ ਦੇ ਰੌਂਗਟੇ ਖੜ੍ਹੇ ਹੋ ਗਏ ਉਸ ਨੇ ਇਕ ਦਮ ਹੈਨਰੀ ਦੇ ਚਿਹਰੇ ਵਲ ਦੇਖਿਆ।

"ਮੈਂ ਉਹੀ ਹਾਂ ਜੋ ਤੂੰ ਸੋਚ ਰਹੀ ਹੈਂ"।

"ਕੀ?"

"ਮੈਂ ਉਹੀ ਬੰਦਾ ਹਾਂ ਜਿਸ ਬਾਰੇ ਇਹ ਖਬਰ ਐ ਸੁਣਿਆ ਨਹੀਂ ਅਜਿਹੇ ਖਤਰਨਾਕ ਖੂਨੀ"

"ਓ ਨੋ"

"ਜ਼ਰਾ ਵੀ ਆਵਾਜ਼ ਕੱਢੀ ਜਾਂ ਹਿਲਜੁਲ ਕੀਤੀ ਤਾਂ ਗੋਲੀ ਤੇਰੇ ਆਰ ਪਾਰ ਹੋ ਜੂ" ਹੈਨਰੀ ਦਾ ਰਿਵਾਲਵਰ ਕੁੜੀ ਦੀ ਵੱਖੀ ਨਾਲ ਲੱਗ ਚੁੱਕਾ ਸੀ।

ਕੁੜੀ ਦੇ ਇਕ ਦਮ ਹੋਸ਼ ਹਵਾਸ ਉੱਡ ਗਏ। ਮੱਥੇ ਤੇ ਤ੍ਰੇਲੀ ਆ ਗਈ। ਸਾਹ ਰੁਕਿਆ ਰੁਕਿਆ ਜਿਹਾ ਆਉਣ ਲੱਗ ਪਿਆ। ਹੈਨਰੀ ਬਾਰੇ ਉਸ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਉਹ ਡੇਢ ਦਰਜਨ ਤੋਂ ਵਧੀਕ ਕੁੜੀਆਂ ਮਾਰ ਚੁੱਕਾ ਸੀ। ਹਰ ਰੋਜ਼ ਉਸ ਬਾਰੇ ਅਖਬਾਰ ਨੇ ਹੀ ਮੋਟੀਆਂ ਮੋਟੀਆਂ ਸੁਰਖੀਆਂ ਦੇ ਕੇ ਖਬਰਾਂ ਛਾਪੀਆਂ ਸਨ। ਸਾਰੇ ਸ਼ਹਿਰ ਵਿਚ ਤੇ ਆਲੇ ਦੁਆਲੇ ਦੇ ਇਲਾਕੇ ਵਿਚ ਦਹਿਸ਼ਤ ਫੈਲੀ ਹੋਈ ਸੀ। ਪਰ ਇਹ ਤਾਂ ਉਸ ਨੇ ਸੁਪਨੇ ਵਿਚ ਵੀ ਕਦੇ ਨਹੀਂ ਸੋਚਿਆ ਸੀ ਕਿ ਉਹ ਖੁਦ ਵੀ ਇਸ ਘਟਨਾ ਦਾ ਸ਼ਿਕਾਰ ਹੋ ਸਕਦੀ ਹੈ।

"ਕਮੀਜ਼ ਪੈਂਟ ਵੀ ਉਤਾਰ ਸੁੱਟ"

ਕੁੜੀ ਨੇ ਬਿਨਾਂ ਆਸੇ ਪਾਸੇ ਦੇਖਣ ਤੋਂ ਤੇਜ਼ੀ ਨਾਲ ਕਮੀਜ਼ ਪੈਂਟ ਵੀ ਖਿੱਚੀ ਤੇ ਉਤਾਰ ਸੁੱਟ ਦਿੱਤੀ। ਫਿਰ ਰਿਵਾਲਵਰ ਦੀ ਠੰਢੀ ਨਾਲੀ ਉਸ ਦੀ ਪਿੱਠ ਨਾਲ ਦਿਲ ਵਾਲੇ ਪਾਸੇ ਛੋਹੀ। ਡਰ ਤੇ ਘਬਰਾਹਟ ਨਾਲ ਉਸ ਦਾ ਸਾਰਾ ਜਿਸਮ ਕੰਬ ਗਿਆ। ਉਸਨੇ ਕਮੀਜ਼ ਛੱਡ ਕੇ ਹੱਥ ਅੱਗੇ ਕਰ ਲਏ। ਹੈਨਰੀ ਦਾ ਹੱਥ ਉਸਦੀ ਕਮੀਜ਼ ਥੱਲੇ ਹੋ ਗਿਆ।

ਮੌਤ ਵਰਗੀ ਚੁੱਪ ਨਾਲ ਕਾਰ ਭਰ ਗਈ। ਉਂਜ ਉਹ ਬਹੁਤ ਘੱਟ ਡਰਨ ਵਾਲੀ ਕੁੜੀ ਸੀ। ਉਹ ਕਈ ਵਾਰ ਵੱਧ ਤੋਂ ਵੱਧ ਖਤਰਨਾਕ ਹਾਲਤਾਂ ਦੇ ਸਾਹਮਣੇ ਆ ਚੁੱਕੀ ਸੀ। ਇਸ ਆਦਮੀ ਸਾਹਮਣੇ ਮਿੰਨਤਾਂ ਤਰਲੇ ਕਰਕੇ ਉਸਨੂੰ ਛੱਡਣ ਲੱਗੇ। ਉਹ ਉਸ ਜਿਉਂਦੀ ਸ਼ਾਇਦ ਹੀ ਛੱਡੇ। ਉਸਨੇ ਸੋਚਿਆ ਫਿਰ ਵੀ ਉਸ ਨੇ ਕੁੱਝ ਨਾ ਕੁੱਝ ਬਚਾ ਲਈ ਸੋਚਣਾ ਸ਼ੁਰੂ ਕਰ ਦਿੱਤਾ।

ਹੈਨਰੀ ਨੇ ਇਕ ਪਲ ਉਸ ਵੱਲ ਵੇਖਿਆ। ਅਜਿਹੀ ਚੁੱਪ ਦੇਖ ਕੇ ਥੋੜ੍ਹੀ ਜਿਹੀ ਘਬਰਾਹਟ ਹੋਈ। ਉਸ ਲਈ ਸ਼ਾਇਦ ਉਹ ਪਹਿਲੀ ਕੁੜੀ ਸੀ ਜੋ ਮੌਤ ਦੇ ਮੂੰਹ ਵਿਚ ਵੀ ਸ਼ਾਂਤ ਬੈਠੀ ਸੀ।

"ਮੈਂ ਇਸ ਤਰ੍ਹਾਂ ਕਾਰ ਵਿਚ ਬੈਠਿਆਂ ਬੈਠਿਆਂ ਤਿੰਨ ਕੁੜੀਆਂ ਮਾਰ ਚੁੱਕਾ ਹਾਂ। ਉਹਨਾਂ ਨੇ ਬਾਹਰ ਛਾਲ ਮਾਰਨ ਦੀ ਕੋਸ਼ਿਸ਼ ਕੀਤੀ ਸੀ।

"ਮੈਨੂੰ ਵੀ ਮਾਰ ਦੇਵੇਂਗਾ"

"ਹਾਂ"

"ਰੇਪ ਵੀ ਕਰੇਂਗਾ"

"ਨਹੀਂ"

ਫਿਰ ਚੁੱਪ ਪਸਰ ਗਈ। ਕੁੜੀ ਉਸਨੂੰ ਗੱਲੀਂ ਲਾਉਣਾ ਚਾਹੁੰਦੀ ਸੀ। ਬਚ ਜਾਣ ਦੀ ਆਸ ਅਜੇ ਵੀ ਧੁਰ ਅੰਦਰ ਛੁਪੀ ਹੋਈ ਸੀ। ਅੱਗੇ ਅੱਗੇ ਟਰੈਫਿਕ ਲਾਈਟ ਆਉਂਦੀ ਸੀ। ਸ਼ਾਇਦ ਬੱਤੀਆਂ ਲਾਲ ਹੋ ਜਾਣ, ਇਹ ਰੁਕੇ ਤੇ ਮੈਂ ਕਿਵੇਂ ਨ ਕਿਵੇਂ ਬਚ ਜਾਵਾਂ। ਸ਼ਾਇਦ ਕੋਈ ਐਕਸੀਡੈਂਟ ਹੀ ਹੋ ਜਾਵੇ — ਸ਼ਾਇਦ - - - - - -

"ਵੈਸੇ ਮੇਰਾ ਜਿਸਮ ਖੂਬਸੂਰਤ ਹੈ"

"ਹੂੰ।"

"ਲੋਕ ਕੁੜੀਆਂ ਨੂੰ ਅਕਸਰ ਉਨ੍ਹਾਂ ਦੇ ਜਿਸਮਾਂ ਬਾਬਤ ਹੀ ਆਖਿਆ ਕਰਦੇ ਹਨ।"

"ਤੂੰ ਬਹੁਤ ਚਲਾਕ ਹੈਂ ਖਾਮੋਸ਼ ਹੋ ਜਾ"
ਹੈਨਰੀ ਇਕ ਦਮ ਤੈਸ਼ ਵਿਚ ਆ ਗਿਆ।
ਉਹ ਖਾਮੋਸ਼ ਹੋ ਗਈ।

"ਪਰ.... ਪਰ ਮਾਰਨ ਤੋਂ ਪਹਿਲਾਂ ਇਕ ਵੇਰ ਮੇਰਾ ਜਿਸਮ ਜ਼ਰੂਰ ਦੇਖ ਲੈ। ਕੀ ਖਿਆਲ ਐ?"

"ਤੂੰ ਇਟਲੀ ਤੋਂ ਕਦੋਂ ਕੁ ਆਈ ਸੀ"

"ਪੰਜ ਕੁ ਸਾਲ ਪਹਿਲਾਂ"

"ਤੂੰ ਬਹੁਤ ਮੂਰਖ ਹੈਂ। ਅਮਰੀਕਾ ਬਾਰੇ ਤੂੰ ਕੱਖ ਨੀ ਜਾਣਦੀ"

"ਤੂੰ ਗੱਲਾਂ ਬਹੁਤ ਚੰਗੀਆਂ ਕਰਦੈਂ। ਮੈਂ ਤੇਰਾ ਨਾਂ ਜਾਣ ਸਕਦੀ ਹਾਂ? ਮੇਰਾ ਨਾਂ ਮੈਰਿਲੀ ਹੈ"

"ਜੇ ਤੂੰ ਇਹ ਸਮਝਦੀ ਹੈਂ ਤੂੰ ਮੈਨੂੰ ਗੱਲਾਂ ਵਿਚ ਉਲਝਾ ਰਹੀ ਹੈਂ ਤਾਂ ਭੁੱਲ ਜਾ। ਮਾਰਨ ਤੋਂ ਪਹਿਲਾਂ ਮੈਂ ਕਾਰ 'ਚ ਕਦੇ ਕਿਸੇ ਕੁੜੀ ਨਾਲ ਗੱਲਾਂ ਨਹੀਂ ਕੀਤੀਆਂ। ਇਹ ਖਤਰਨਾਕ ਹੈ। ਪਰ ਮੈਂ ਤੇਰੇ ਨਾਲ ਗੱਲਾਂ ਕਰ ਸਕਦਾ ਹਾਂ। ਤੂੰ ਸਪੈਸ਼ਲ ਹੈਂ। ਅੱਜ ਮੈਂ ਖੁਸ਼ ਹਾਂ।

"ਮੈਰਿਲੀ ਨੇ ਇਕ ਦਮ ਹੈਨਰੀ ਵੱਲ ਦੇਖਿਆ ਪਰ ਉਸਦਾ ਚਿਹਰਾ ਓਵੇਂ ਡਰਾਉਣਾ ਸੀ।

"ਤੂੰ ਖੁਸ਼ ਹੈਂ ਮੈਨੂੰ ਜ਼ਿਬਾਹ ਕਰਕੇ?"

"ਹਾਂ, ਅੱਜ ਮੇਰਾ ਨਿਸ਼ਾਨਾ ਪੂਰਾ ਹੋ [illegible]"

"ਮੈਨੂੰ ਮਾਰ ਕੇ"

"ਹਾਂ"

"ਇਹ ਤਾਂ ਬੜਾ ਘਟੀਆ ਨਿਸ਼ਾਨਾ ਹੈ ਅੱਗੇ ਵੀ ਤਾਂ ਤੂੰ ਕਈ ਕੁੜੀਆਂ ਮਾਰੀਆਂ ਹਨ। ਇਹ ਕਿਹੜੀ ਨਵੀਂ ਗੱਲ ਹੈ?"

"ਤੈਨੂੰ ਮਾਰਨਾ ਬਹੁਤ ਖਾਸ ਗੱਲ ਹੈ। ਇਸ ਪਿਛੋਂ ਮੈਂ ਕੁੜੀਆਂ 'ਚ ਰਿਕਾਰਡ ਕਾਇਮ ਕਰ ਦੇਵਾਂਗਾ। ਮੈਂ ਉਹ ਬੰਦਾ ਹੋਵਾਂਗਾ ਜਿਸਨੇ ਜ਼ਿੰਦਗੀ ਵਿਚ ਸਭ ਤੋਂ ਵੱਧ ਨੌਜੁਆਨ ਔਰਤਾਂ ਦੇ ਕਤਲ ਕੀਤੇ ਹੋਣ। ਕਿਸਾਂ ਕਿਸੇ ਨੂੰ ਰੋਸ ਕਰਨ ਦੇ।

"ਪਰ ਇਹ ਉਦੇਸ਼ ਤੂੰ ਹੋਰ ਕਿਸੇ ਤਰ੍ਹਾਂ ਵੀ ਪੂਰਾ ਕਰ ਸਕਦਾ। ਮੈਂ ਤੇਰੇ ਬਾਰੇ ਅਖਬਾਰ ਵਿਚ ਕਹਾਣੀਆਂ ਲਿਖਾਂਗੀ ਤੂੰ ਮਸ਼ਹੂਰ ਹੋ ਜਾਵੇਂਗਾ।"

"ਮੈਂ ਇਹ ਰਿਸਕ ਨਹੀਂ ਲੈ ਸਕਦਾ। ਹੋ ਸਕਦੈ ਪੁਲੀਸ ਮੈਨੂੰ ਪਹਿਲਾਂ ਹੀ ਫੜ ਲਵੇ ਤੇ ਮੈਂ ਜ਼ਿੰਦਗੀ ਵਿਚ ਇਹ ਰੁਤਬਾ ਹਾਸਲ ਨਾ ਕਰ ਸਕਾਂ"

"ਪਰ ਇਹ ਰੁਤਬਾ ਹਾਸਲ ਕਰਨਾ ਜ਼ਰੂਰੀ ਹੈ? ਮੈਨੂੰ ਤਾਂ ਇਹ ਨੀਚ ਤੋਂ ਨੀਚ ਕੰਮ ਲਗਦੈ"

ਹੈਨਰੀ ਖੁੱਲ ਕੇ ਹੱਸਿਆ ਤੇ ਫੇਰ ਹੋਰ ਹੱਸਿਆ। ਨਾਲ ਹੀ ਉਸਨੇ ਰਿਵਾਲਵਰ ਦੀ ਨਾਲੀ ਮੈਰਿਲੀ ਦੇ ਮਾਸ ਵਿਚ ਖੋਭ ਦਿੱਤੀ। ਮੈਰਿਲੀ ਨੂੰ ਉਸ ਦਾ ਹਾਸਾ ਬਹੁਤ ਡਰਾਉਣਾ ਲੱਗਾ।

"ਤੂੰ ਬਹੁਤ ਮੂਰਖ ਤੀਵੀਂ ਹੈਂ। ਏਥੇ ਪੁੰਨ ਪਾਪ ਦੀ ਫਿਲਾਸਫੀ ਨਹੀਂ ਚਲਦੀ। ਅਮਰੀਕਾ ਵਿਚ ਤੁਹਾਨੂੰ ਚੋਟੀ ਤੇ ਪਹੁੰਚਣਾ ਬਹੁਤ ਜ਼ਰੂਰੀ ਹੈ। ਰੀਕਾਰਡ ਤੋੜਨਾ ਜ਼ਰੂਰੀ ਹੈ। ਰੀਕਾਰਡ ਕਾਇਮ ਕਰਨਾ ਜ਼ਰੂਰੀ ਹੈ। ਨੰਬਰ ਵੰਨ ਬਣਨਾ ਜ਼ਰੂਰੀ ਹੈ ਬਹੁਤ ਜ਼ਰੂਰੀ"।

"ਕਿਉਂ?"

ਹੈਨਰੀ ਫੇਰ ਉੱਚੀ ਉੱਚੀ ਹੱਸਿਆ।

"ਤੂੰ ਬਹੁਤ ਮੂਰਖ ਹੈਂ। ਤੈਨੂੰ ਏਥੇ ਕੋਈ ਬੋਲ ਨਹੀਂ ਸੁਣਦੇ? ਮੇਰੇ ਕੰਨਾਂ ਵਿਚ ਸਿਰ ਵਿਚ ਤਾਂ ਕੋਈ ਘੰਟੇ ਅਵਾਜ਼ਾਂ ਗੂੰਜਦੀਆਂ ਹਨ। ਚਲੋ ਚਲੋ ਚਲੋ ਨੱਸੋ ਨੱਸੋ ਨੱਸੋ ਅੱਗੇ ਅੱਗੇ ਅੱਗੇ, ਤੇਜ਼ ਤੇਜ਼ ਤੇਜ਼, ਹੋਰ ਤੇਜ਼ ਹੋਰ ਤੇਜ਼ ਹੋਰ ਤੇਜ਼......"

ਤੇ ਉਸਦੀ ਕਾਰ ਦੀ ਰਫਤਾਰ ਹੋਰ ਤੇਜ਼ ਹੋ ਗਈ ਹੋਰ ਤੇਜ਼। ਸਾਇਡ ਰੋਡ ਆ ਚੁੱਕੀ ਸੀ ਬੱਤੀਆਂ ਲਾਲ ਸਨ। ਹੈਨਰੀ ਦੀ ਕਾਰ ਇਕ ਸਾਇਡ ਰੋਡ ਤੋਂ ਆ ਰਹੀ ਇਕ ਛੋਟੀ ਕਾਰ ਨਾਲ ਕਰਕੇ ਵੱਜੀ। ਮੈਰਿਲੀ ਕਾਰ ਚੋਂ ਬੁੜ੍ਹਕ ਕੇ ਸੜਕ ਦੇ ਪਾਸੇ ਜਾ ਵੱਜੀ।

ਕਾਰਾਂ ਨਾਲੋ ਨਾਲ ਹੋ ਕੇ ਖੜ੍ਹ ਗਈਆਂ। ਹੈਨਰੀ ਦੀ ਕਾਰ ਵੱਡੀ ਹੋਣ ਕਰਕੇ ਉਸਦਾ ਬਹੁਤਾ ਕੁੱਝ ਨਹੀਂ ਸੀ ਵਿਗੜਿਆ। ਉਹ ਫੁਰਤੀ ਨਾਲ ਕਾਰ ਚੋਂ ਉਤਰਿਆ ਤੇ ਸਿੱਧਾ ਮੈਰਿਲੀ ਕੋਲ ਗਿਆ। ਉਸਨੂੰ ਆਪਣੇ ਕਿਸੇ ਸੱਟ ਦਾ ਅ- ਖਿਆਲ ਨਹੀਂ ਸੀ। ਦੂਸਰੀ ਕਾਰ ਵਿਚੋਂ ਵੀ ਦੋ ਔਰਤਾਂ ਨਿਕਲ ਕੇ ਉਥੇ ਆ ਗਈਆਂ। ਇਕ ਅਧਖੜ ਉਮਰ ਦੀ ਕਾਫੀ ਲੰਗੜਾ ਰਹੀ ਸੀ ਤੇ ਦੂਸਰੀ, ਜਵਾਨ ਬਚ ਗਈ ਸੀ। ਮੈਰਿਲੀ ਉੱਕਾ ਬੇਹੋਸ਼ ਪਈ ਸੀ ਸ਼ਾਇਦ ਸਿਰ ਵਿਚ ਸੱਟ ਲੱਗੀ ਸੀ। ਹੈਨਰੀ ਉਦਾਸ ਹੋ ਗਿਆ, ਬਹੁਤ ਹੀ ਨਿਰਾਸ਼। ਦੋਵੇਂ ਔਰਤਾਂ ਮੈਰਿਲੀ ਕੋਲੇ ਡਰੀਆਂ ਸਹਿਮੀਆਂ ਖੜ੍ਹੀਆਂ ਸਨ।

"ਸਾਨੂੰ ਇਕ ਦਮ ਪੁਲੀਸ ਨੂੰ ਫੋਨ ਕਰਨਾ ਚਾਹੀਦਾ ਹੈ" ਅੱਧਖੜ ਉਮਰ ਦੀ ਔਰਤ ਨੇ ਕਿਹਾ।

"ਮੈਂ ਹੁਣੇ ਕਰਦੀ ਹਾਂ, ਫੋਨ ਪਤਾ ਨਹੀਂ ਕਿਥੇ ਹੋਵੇਗਾ? ਜਵਾਨ ਔਰਤ ਨੇ ਕਿਹਾ।

"ਬੱਸ ਉਥੇ ਨਾਲ ਈ ਆ ਥੋੜੀ ਜਿਹੀ ਵਿੱਥ ਤੇ, ਚੱਲ ਮੈਂ ਤੈਨੂੰ ਉਥੇ ਕਾਰ ਵਿਚ ਲੈ ਚਲਦਾ ਹਾਂ"

ਕੁੜੀ ਬਿਨਾਂ ਇਕ ਪਲ ਰੁਕੇ ਹੈਨਰੀ ਨਾਲ ਬੈਠ ਗਈ। ਹੈਨਰੀ ਨੇ ਬੈਠਦਿਆਂ ਹੀ ਕਾਰ ਪੂਰੀ ਰਫਤਾਰ ਤੇ ਛੱਡ ਦਿੱਤੀ। ਉਹ ਫੇਰ ਖੁਸ਼ ਹੋ ਗਿਆ ਸੀ।

(VANCOUVER, B.C.)

# ਬਗਲੇ ਭਗਤ

ਸੁਖਿੰਦਰ ਧੰਮਲ

ਮੈਂ 'ਲੀਡਰ' ਹਾਂ ।
ਮੈਂ ਇਕ ਵਿਜ਼ਿਟਰ ਦੇ ਰੂਪ ਵਿੱਚ ਕੈਨੇਡਾ ਆਇਆ ਸੀ।
ਜ਼ਮੀਨ ਵੇਚਕੇ ਕਾਫ਼ੀ ਰਕਮ ਨਾਲ ਲੈ ਆਇਆ ਸਾਂ – ( ਜ਼ਮੀਨ ਕੁਝ ਤਾਂ ਮੇਰੇ ਬਾਪ ਨੂੰ ਦੇਸ਼-ਭਗਤ ਗਦਰੀਆਂ ਅਤੇ ਬੱਬਰ-ਅਕਾਲੀਆਂ ਦੀ ਮੁਖ਼ਬਰੀ ਕਰਨ ਕਰਕੇ ਮਿਲੀ ਸੀ ; ਕੁਝ ਇੱਕ ਔਤ ਬਜ਼ੁਰਗ ਨੂੰ ਜ਼ਹਿਰ ਦੇਕੇ ਹਥਿਆਈ ਸੀ; ਕੁਝ ਸੰਤਾਲੀ ਦੀ ਵੰਡ ਵਿੱਚ ਲੁੱਟੇ ਪੈਸੇ ਨਾਲ ਖਰੀਦੀ ਸੀ ਅਤੇ ਬਾਕੀ ਦੀ ਪਿੰਡ ਦੇ ਛੋਟੇ ਕਿਸਾਨਾਂ ਤੋਂ 'ਦੂਣੀਆਂ-ਸਵਾਈਆਂ' ਦੇ ਪੈਸੇ ਅਤੇ ਨਿੱਕੇ ਮੋਟੇ ਕਰਜ਼ੇ ਨਾ ਮੋੜ ਸਕਣ ਕਰਕੇ ਅਸੀਂ ਆਪਣੇ ਨਾਂ ਕਰਾ ਲਈ ਸੀ।)
ਉਨ੍ਹਾਂ ਪੈਸਿਆਂ ਨਾਲ ਏਥੇ 'ਅਮੀਰ' ਦੀ 'ਫ਼ਰਾਖ਼ਦਿਲੀ' ਦਾ ਸ਼ਿਕਾਰ ਇਕ ਯੁਗੰਡੀਅਨ ਕੁੜੀ ਨਾਲ ਜਾਅਲੀ ਵਿਆਹ ਕਰਾਕੇ ਇੰਮੀਗਰੇਸ਼ਨ ਲੈ ਲਈ।
ਫਿਰ ਮੈਂ ਫਾਰਮਾਂ ਵਿੱਚ ਬੰਦੇ ਢੋਣੇ ਸ਼ੁਰੂ ਕਰ ਦਿੱਤੇ। ਜਿਸ ਵੈਨ ਵਿੱਚ 'ਪੰਦਰਾਂ-ਵੀਹ' ਬੰਦੇ ਔਖੇ ਸੌਖੇ ਬੈਠਦੇ ਹੋਣ, ਮੈਂ 'ਤੀਹ-ਚਾਲੀ' ਸੌਖੇ ਹੀ ਬੈਠਾ ਲੈਂਦਾ ਸਾਂ। ਮਾਲਕਾਂ ਤੋਂ ਮਿਲੇ ਪੈਸੇ ਅੱਧਿਓਂ ਬਹੁਤੇ ਜੇਬ 'ਚ ਪਾਕੇ ਬਾਕੀ ਕਾਮਿਆਂ ਦੇ ਮੱਥੇ ਮਾਰਦਾ ਸਾਂ – ( ਕਾਮਿਆਂ ਵਿੱਚ ਉਦੋਂ ਬਹੁਤੇ ਵਿਜ਼ਿਟਰ ਹੀ ਹੁੰਦੇ ਸਨ ਜਿਨ੍ਹਾਂ ਕੋਲ 'ਵਰਕ-ਪਰਮਿਟ' ਨਹੀਂ ਸੀ ਹੁੰਦੇ ਅਤੇ ਉਨ੍ਹਾਂ ਨੂੰ 'ਇੰਮੀਗਰੇਸ਼ਨ ਵਾਲਿਆਂ ਨੂੰ ਫੜਾਉਣ' ਦੀ ਧਮਕੀ ਦੇਕੇ ਲੁੱਟਣ ਨੂੰ ਮੈਂ 'ਹੱਕ-ਹਲਾਲ ਦੀ ਕਮਾਈ' ਹੀ ਸਮਝਦਾ ਹਾਂ – ਨਾਲੇ ਉਨ੍ਹਾਂ ਦਾ 'ਭਲਾ', ਨਾਲੇ ਮੇਰਾ 'ਭਲਾ', ... 'ਸਰਬੱਤ ਦਾ ਭਲਾ' )
ਫਿਰ ਮੈਂ ਇੱਕ ਵਕੀਲ ਨਾਲ ਅੱਧੋ-ਅੱਧ ਦਾ ਸੌਦਾ ਕਰਕੇ, ਵਿਜ਼ਿਟਰਾਂ ਦੇ 'ਇੰਮੀਗਰੇਸ਼ਨ ਅਪੀਲ' ਅਤੇ 'ਐਕਸਟੈਨਸ਼ਨ' ਕੇਸਾਂ ਵਿੱਚ ਹੱਥ ਰੰਗੇ।
ਫਿਰ ਮੈਂ 'ਇਨਸ਼ੋਅਰੈਂਸ ਏਜੰਟ' ਬਣਕੇ, ਨਵੇਂ ਇੰਮੀਗਰੈਂਟਾਂ ਨੂੰ ਕੋਲੋਂ ਵਿਸਕੀ ਦੀਆਂ ਬੋਤਲਾਂ ਪਿਲਾਕੇ, ਨਸ਼ੇ 'ਚ ਗੁੱਟ ਕਰਕੇ, ਉਨ੍ਹਾਂ ਦੀ ਛਿੱਲ ਲਾਹੀ – ਅਤੇ ਫਿਰ ਕਈ ਤਰ੍ਹਾਂ ਦੇ ਹੱਥ-ਕੰਡੇ ਵਰਤਕੇ, ਟੀ.ਬੀ. ਦੇ ਮਰੀਜ਼ ਇੱਕ ਨਜ਼ਦੀਕੀ ਰਿਸ਼ਤੇਦਾਰ ਦਾ ਬੀਮਾ ਕਰਵਾਇਆ ਅਤੇ ਉਸ ਵਿਚਾਰੇ ਦੇ ਪਰਲੋਕ ਸਿਧਾਰਦਿਆਂ ਹੀ ਮੈਂ ਤੇ ਮੇਰਾ ਡਾਕਟਰ ਦੋਸਤ 'ਲੱਖ-ਪਤੀ' ਬਣ ਗਏ – ( ਉਂਞ 'ਪਤੀ' ਭਾਵੇਂ ਸਹੀ-ਅਰਥਾਂ 'ਚ ਅਸੀਂ ਆਪਣੀਆਂ ਪਤਨੀਆਂ ਦੇ ਵੀ ਨਹੀਂ, ਐਨੀ ਮਾਇਆ ਹੁੰਦਿਆਂ-ਸੁੰਦਿਆਂ ਘਰੋਂ ਬਾਹਰ ਹੋਰ 'ਤੀਵੀਆਂ' ਨਾਲ ਹੱਸ-ਖੇਡ ਲੈਣ ਵਿੱਚ ਭਲਾ ਹਰਜ਼ ਵੀ ਕੀ ਹੈ।)
ਹੁਣ ਕਈ ਵੱਟ-ਪੂੰਜੀਏ ਮੇਰੇ ਆਲੇ-ਦੁਆਲੇ ਜੀ ਹਜ਼ੂਰੀ ਕਰਨ ਲਈ ਜੁੜੇ ਰਹਿੰਦੇ ਹਨ ਜਿਨ੍ਹਾਂ ਰਾਹੀਂ ਹਰ ਹਲਕੇ ਵਿੱਚ ਆਪਣੀ ਉੱਚਤਾ ਦੀਆਂ ਅਫਵਾਹਾਂ ਫੈਲਾ ਕੇ ਕੰਮਿਊਨਿਟੀ ਦਾ 'ਮੰਨਿਆਂ ਪ੍ਰਮੰਨਿਆਂ ਲੀਡਰ' ਕਹਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ। ਬਣਿਆ ਭਾਵੇਂ ਮੈਂ ਵਿਜ਼ਿਟਰਾਂ ਦੇ ਸਿਰੋਂ ਹੀ ਹਾਂ ਪਰ ਰੇਡੀਓ, ਟੈਲੀਵਿਜ਼ਨ, ਅਖ਼ਬਾਰ, ਗੁਰਦੁਆਰੇ ਜਾਂ ਕਿਸੇ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਵਿਜ਼ਿਟਰਾਂ ਨੂੰ 'ਅਨਪੜ੍ਹ', 'ਅਸੱਭਿਅਕ', 'ਗਾਲੜ੍ਹੀ' ਤੇ 'ਗੰਵਾਰ' ਕਹਿਣ ਦਾ ਹੱਕ ਰਖਦਾ ਹਾਂ, ਅਤੇ ਉਨ੍ਹਾਂ ਦੇ 'ਜ਼ਿਆਦਾ ਸ਼ਰਾਬ ਪੀਣ', 'ਘੱਟ ਅੰਗਰੇਜ਼ੀ ਬੋਲ ਸਕਣ' ਅਤੇ 'ਮੈਨਰ ਨਾ ਔਣ ਨੂੰ' ਕੈਨੇਡਾ ਵਿੱਚ ਭਾਰਤੀ ਕਮਿਊਨਿਟੀ ਦੀਆਂ ਸਭ ਸਮੱਸਿਆਵਾਂ ਦੀ ਜੜ੍ਹ ਕਹਿਣ ਦਾ 'ਹੱਕ' ਰਖਦਾ ਹਾਂ; ਕਿਉਂਕਿ ਮੈਂ 'ਲੀਡਰ' ਹਾਂ!

ਮੈਂ ਇੱਕ 'ਅਗਾਂਹਵਧੂ' ਹਾਂ।
ਮੈਂ ਭਾਂਪ ਲਿਆ ਹੈ ਕਿ ਇਹ ਜੁੱਗ 'ਇਨਕਲਾਬ ਦਾ ਜੁੱਗ' ਹੈ। ਸੋ ਹਮਉਮਰ ਮੁੰਡੇ ਕੁੜੀਆਂ ਉੱਤੇ ਲੋਕਸੇਵਕ ਹੋਣ ਦਾ 'ਰੋਅਬ-ਸ਼ੋਅਬ' ਪਾਉਣ ਲਈ ਅਤੇ ਲੋਕਤਾ ਦੀ ਸੇਵਾ ਦੇ ਪਰਦੇ ਹੇਠ ਆਪਣੇ ਸਵਾਰਥ ਪੂਰੇ ਕਰਨ ਲਈ ਅਕਸਰ ਅਗਾਂਹਵਧੂਆਂ ਦੀ ਕਤਾਰ ਵਿੱਚ ਖੜ੍ਹਨ ਦਾ ਯਤਨ ਕਰਦਾ ਰਹਿੰਦਾ ਹਾਂ।
ਆਪਣੀ ਸੂਝ ਦੇ ਵਿਕਾਸ ਲਈ ਪੜ੍ਹਿਆ ਭਾਵੇਂ ਮੈਂ ਕਦੇ ਇੱਕ ਅੱਖਰ ਵੀ ਨਹੀਂ ਪਰ ਆਲਿਓਂ-ਦੁਆਲਿਓਂ ਸੁਣੇ ਕੁਝ ਫਿਕਰਿਆਂ ਬਾਰੇ ਇਹ ਕਹਿ ਕਹਿ : " ਫਲਾਣੀ ਗੱਲ ਤਾਂ ਲੈਨਿਨ, ਸਟਾਲਿਨ ਜਾਂ ਮਾਓ ਨੇ 'ਸੈਂਟਰਲ ਕਮੇਟੀ' ਦੀ ਮੀਟਿੰਗ 'ਚ ਕਹੀ ਸੀ ", ਆਪਣੀ ਸਿਧਾਂਤਕ-ਸੂਝ ਦੇ ਦਮਗ਼ਜ਼ੇ ਫੜਦਾ ਰਹਿੰਦਾ ਹਾਂ।
ਲੋਕਾਂ ਦੇ ਮੂੰਹ ਉੱਤੇ ਧਰਮ ਅਤੇ ਰੱਬ ਨੂੰ ਗਾਲ੍ਹਾਂ ਦੀ ਸੂਟ ਪਾ ਲੈਂਦਾ ਹਾਂ; ਪਰ ਉਂਞ ਚੋਰੀ-ਛੁੱਪੇ ਟੈਂਪਲ 'ਚ ਜਾਕੇ 'ਹੇ ਰੱਬ ਸੱਚਿਆ' ਕਹਿ ਕਹਿ ਨੱਕ ਰਗੜਦਾ ਰਹਿੰਦਾ ਹਾਂ।

'ਜਮਾਤੀ-ਸੂਝ' ਅਤੇ 'ਜਮਾਤੀ-ਘੋਲ' ਦੇ ਚਮਤਕਾਰਾਂ ਤੇ ਰੋਸ਼ਨੀ ਪਾਉਂਦਿਆਂ ਪਰਚਾਰ ਭਾਵੇਂ ਮੈਂ 'ਜਾਤਾਂ ਨਹੀਂ ਜਮਾਤਾਂ' ਦਾ ਕਰਦਾ ਹਾਂ ਪਰ ਆਪ 'ਜੱਟ ਸਰਦਾਰ' ਹੋਣ ਦੀ ਹੈਂਕੜ ਵਿੱਚ ਫਸਿਆ ਹੋਰਨਾਂ ਨੂੰ 'ਚੂਹੜੇ-ਚਮਾਰ', 'ਲੁਹਾਰ-ਤਰਖਾਣ', 'ਨਾਈ-ਛੀਂਬੇ' ਆਦਿ 'ਨਿੱਕੀਆਂ ਸੁੱਕੀਆਂ ਜਾਤਾਂ' ਸਮਝਦਾ 'ਗੈਰ-ਸਿਧਾਂਤਕ ਖ਼ਸਲਤ' ਖਿਲਾਰਦਾ ਰਹਿੰਦਾ ਹਾਂ ਅਤੇ ਕੈਨੇਡਾ ਦੀਆਂ ਕਲਾ-ਸਰਗਰਮੀਆਂ ਵਿਚ 'ਜਮਾਤੀ-ਸੂਝ ਦੀ ਅਣਹੋਂਦ' ਕਾਰਨ ਨੱਕ 'ਚੋਂ ਠੂੰਹੇ ਡੇਗਦਾ ਰਹਿੰਦਾ ਹਾਂ। ਕਿਸੇ ਪਰਚੇ ਵਿੱਚ ਕੋਈ ਪਿਛਾਂਹਖਿੱਚੂ ਰਚਨਾ ਛਪ ਜਾਵੇ ਤਾਂ ਮੈਂ ਪਿਛਾਂਹਖਿੱਚੂ ਲੇਖਕ ਦੀ ਪਿਛਾਂਹਖਿੱਚੂ ਫਿਲਾਸਫ਼ੀ ਨੂੰ ਨੰਗਾ ਕਰਨ ਲਈ ਕੁਝ ਕਰਾਂ ਭਾਵੇਂ ਨਾ ਪਰ ਮੈਂ ਸੰਪਾਦਕੀ ਮੰਡਲ ਨੂੰ 'ਸੋਧਵਾਦੀ' ਅਤੇ 'ਪ੍ਰਤੀਕ੍ਰਿਆਵਾਦੀ' ਜ਼ਰੂਰ ਕਹਾਂਗਾ ਕਿਉਂਕਿ ਮੈਂ 'ਅਗਾਂਹਵਧੂ' ਹਾਂ!

ਮੈਂ ਇੱਕ 'ਸੋਸ਼ਲ ਵਰਕਰ' ਹਾਂ।
ਭਾਰਤੀ ਕਮਿਊਨਿਟੀ ਨੂੰ ਗੁਮਰਾਹ ਕਰਨ ਵਾਲੇ ਅਸਲੀ ਪਿਛਾਂਹਖਿੱਚੂਆਂ ਨੂੰ ਨੰਗਾ ਕਰਨ ਵਾਲੀ ਕੋਈ ਗੱਲ ਚੱਲੇ;
ਕਮਿਊਨਿਟੀ ਦੀ ਏਕਤਾ ਦੀ ਗੱਲ ਚੱਲੇ;
ਕਮਿਊਨਿਟੀ ਦਾ ਰਾਜਨੀਤਕ, ਸੱਭਿਆਚਾਰਕ ਅਤੇ ਜਿਸਮਾਨੀ ਪੱਧਰ ਉੱਚਾ ਚੁੱਕਣ ਦੀ ਕੋਈ ਗੱਲ ਚੱਲੇ;
ਨਸਲੀ ਹਮਲਿਆਂ ਵਿਰੁੱਧ ਜੂਝਣ ਦੀ ਕੋਈ ਗੱਲ ਚੱਲੇ;
ਤਾਂ 'ਬਗਲ ਵਿੱਚ ਛੁਰੀ ਅਤੇ ਮੂੰਹ ਵਿੱਚ ਰਾਮ ਰਾਮ' ਗੁਣਗੁਣਾਉਂਦਿਆਂ ਉਸ ਵਿਚ ਸ਼ਾਮਲ ਹੋਣਾ ਮੇਰਾ ਫ਼ਰਜ਼ ਹੀ ਬਣਦਾ ਹੈ।
ਪਰ ਇਹ ਵੱਖਰੀ ਗੱਲ ਹੈ ਕਿ ਜਦੋਂ ਮੈਂ ਅਜਿਹੀਆਂ ਘਟਨਾਵਾਂ ਦਾ ਇਤਿਹਾਸ ਦਰਜ ਕਰਾਂ ਤਾਂ ਸਭ ਤੋਂ ਠੋਸ ਕੰਮ ਕਰਨ ਵਾਲੀ ਕਿਸੇ ਕਮੇਟੀ ਦਾ ਨਾਉਂ ਹੀ ਨਾ ਲਵਾਂ;
ਜਾਂ ਇਸ 'ਵਿਸ਼ਾਲ ਕੰਮ' ਲਈ ਇੱਕ ਨਵੀਂ ਜਥੇਬੰਦੀ ਦੀ ਲੋੜ ਦਾ ਪਰਚਾਰ ਸ਼ੁਰੂ ਕਰ ਦਿਆਂ;
ਜਾਂ 'ਕਹੀਂ ਕੀ ਈਂਟ ਕਹੀਂ ਕਾ ਰੋੜਾ' ਇਕੱਠਾ ਕਰਕੇ, ਇੱਕ ਨਵੀਂ ਜਥੇਬੰਦੀ ਖੜ੍ਹੀ ਕਰਕੇ, ਆਪਣੇ ਹੀ ਭਾਈ ਭਤੀਜਿਆਂ ਤੇ ਯਾਰ-ਬੇਲੀਆਂ ਨੂੰ ਪ੍ਰਧਾਨ, ਸਕੱਤਰ, ਖ਼ਜ਼ਾਨਚੀ ਅਤੇ ਰੀਸਰਚ ਰੀਪੋਰਟਰ ਭਰਤੀ ਕਰਕੇ ਸਰਕਾਰ ਤੋਂ ਗਰਾਂਟ ਮੁੱਛ ਲਵਾਂ;
ਅਤੇ ਫਿਰ ਉਸ ਗਰਾਂਟ ਨੂੰ ਹਜ਼ਮ ਕਰਨ ਲਈ 'ਕੈਨੇਡਾ ਦੇ ਬਹੁ-ਸੱਭਿਆਚਾਰੀ ਸਮਾਜ ਵਿੱਚ ਤੰਦਰੁਸਤ ਵਾਤਾਵਰਣ ਪੈਦਾ ਕਰਨ' ਦੇ ਪਰਦੇ ਹੇਠ ਇਕ ਦੋ ਟੁੱਟੇ-ਫੁੱਟੇ ਜਿਹੇ ਪ੍ਰੋਗਰਾਮ ਕਰਾਂ;
ਜਾਂ ਕੋਈ 'ਨਾ ਹੋਇਆਂ ਵਰਗਾ' ਸੂਚਨਾ-ਕੇਂਦਰ ਖੋਲ੍ਹ ਦਿਆਂ;
ਜਾਂ ਨਿੱਕਾ ਮੋਟਾ ਅਖ਼ਬਾਰ ਅਤੇ ਰੇਡੀਓ-ਪ੍ਰੋਗਰਾਮ ਹੀ ਚਾਲੂ ਕਰ ਦਿਆਂ;
ਕਿਉਂਕਿ ਮੈਂ ਇੱਕ 'ਸੋਸ਼ਲ ਵਰਕਰ' ਹਾਂ!

ਮੈਂ ਇੱਕ 'ਆਸਤਕ' ਹਾਂ।
ਧਰਮ ਨੂੰ ਅਫ਼ੀਮ ਕਹਿਣ ਵਾਲੇ 'ਸਿਰ-ਫਿਰੇ' ਮੈਨੂੰ ਫੁੱਟੀ-ਅੱਖ ਨਹੀਂ ਭਾਉਂਦੇ।
ਪਰ ਉਂ ਜਦੋਂ ਉਹ ਉਦਾਹਰਣਾਂ ਦੇ ਦੇ ਕਹਿੰਦੇ ਨੇ ਬਈ:

– ਹਰ ਧਰਮ ਵਿੱਚ ਅਮਨ ਤੇ ਸ਼ਾਂਤੀ ਦਾ ਉਪਦੇਸ਼ ਹੋਣ ਦੇ ਬਾਵਜੂਦ ਵੀ ਸਭ ਤੋਂ ਬਹੁਤੀਆਂ ਲੜਾਈਆਂ 'ਧਰਮ' ਅਤੇ 'ਰੱਬ' ਦੇ ਨਾਂ ਤੇ ਹੋਈਆਂ ਨੇ;
– ਹਰੇਕ ਧਰਮ ਆਪਣੇ ਹੀ ਬਾਨੀ ਨੂੰ 'ਵਾਹਿਗੁਰੂ ਦਾ ਰੂਪ', 'ਰੱਬ ਦਾ ਅਵਤਾਰ', 'ਖ਼ੁਦਾ ਦਾ ਬੰਦਾ' ਜਾਂ 'ਅੱਲਾ ਦਾ ਪੁੱਤਰ' ਕਹਿੰਦਾ ਹੈ– ਇਉਂ ਤਾਂ ਸਾਡੇ ਧਰਮ ਦੀ ਥਾਂ ਹੋਰ ਧਰਮਾਂ ਨੂੰ ਮੰਨਣ ਵਾਲੇ ਕਾਫ਼ਰ ਤੇ ਅਧਰਮੀ ਤਾਂ 'ਰੱਬ ਦੇ ਮਤਰੇਏ ਪੁੱਤਰ' ਹੋਏ, ਫਿਰ ਉਹ ਜੁਗਾਂ-ਜੁਗਾਤਰਾਂ ਤੋਂ ਕਿਸ ਤਾਕਤ ਦੇ ਸਹਾਰੇ ਜਿਉਂ ਰਹੇ ਹਨ? ਜੇ ਕੇਵਲ ਸਾਡਾ ਧਰਮ ਹੀ ਮਹਾਨ ਹੈ ਤਾਂ ਅਸੀਂ ਬਾਕੀ ਧਰਮਾਂ ਦੇ ਪੈਰੋਕਾਰਾਂ ਦੀਆਂ ਬਣਾਈਆਂ ਚੀਜ਼ਾਂ ਵਸਤਾਂ, ਘਰ, ਕੱਪੜੇ ਅਤੇ ਕਾਰਾਂ ਕਾਹਤੋਂ ਵਰਤਦੇ ਹਾਂ?

ਜਾਂ ਜਦੋਂ ਉਹ ਕਹਿੰਦੇ ਨੇ:

– ਦੁਨੀਆਂ 'ਚ ਦੋ ਜਮਾਤਾਂ ਹਨ:- ਇੱਕ ਲੁੱਟੇ ਜਾਣ ਵਾਲੇ ਨੱਬੇ-ਪਚੰਨਵੇਂ% ਮਿਹਨਤਕਸ਼ਾਂ ਦੀ ਜਮਾਤ; ਦੂਜੀ ਲੁੱਟਣ ਵਾਲੇ ਪੰਜ-ਦਸ ਪ੍ਰਤੀਸ਼ਤ ਧਨੀਆਂ ਦੀ ਜਮਾਤ
– ਅਤੇ ਹਥਿਆਰਬੰਦ ਇਨਕਲਾਬ ਰਾਹੀਂ ਰਾਜ ਆਪਣੇ ਹੱਥਾਂ ਵਿੱਚ ਲੈਣਾ ਹੀ ਸਾਡੇ ਵਰਗੇ ਮਿਹਨਤ-ਮਜ਼ਦੂਰੀ ਕਰਨ ਵਾਲਿਆਂ ਦਾ ਸੱਚਾ ਧਰਮ ਹੈ!

ਜਾਂ ਜਦੋਂ ਪੁੱਛਦੇ ਨੇ:

– ਸਿੱਖ-ਇਤਿਹਾਸ ਦੀ ਸਿਰਜਣਾ ਲਈ ਮਾਝੇ, ਮਾਲਵੇ ਤੇ ਦੁਆਬੇ ਦੇ ਸਿੱਖਾਂ ਨੇ ਸਾਂਝਾ ਖ਼ੂਨ ਡੋਲ੍ਹਿਆ ਹੈ, ਫਿਰ ਚੌਧਰਾਂ ਪਾਲਣ ਲਈ 'ਮਝੈਲਾਂ', 'ਮਲਵੱਈਆਂ' ਤੇ 'ਦੁਆਬੀਆਂ' ਦੇ ਗੁਰਦੁਆਰਿਆਂ ਦੇ ਵੱਖਰੇ ਵੱਖਰੇ 'ਲੇਬਲ' ਕਿਉਂ? ਅਜਿਹੇ ਲੇਬਲ ਬਖ਼ਸ਼ਣ ਵਾਲੇ 'ਭੱਦਰਪੁਰਸ਼' ਕਿਸ ਗੁਰੂ ਦੇ ਸਿੱਖ ਹਨ?

ਤਾਂ ਸਾਰੀਆਂ ਗੱਲਾਂ 'ਸੋਲਾਂ ਆਨੇ' ਸੱਚ ਲਗਦੀਆਂ ਨੇ।
ਪਰ ਫਿਰ ਕਹਿ ਛੱਡੀਦੈ, "ਚਲੋ, ਉਹ ਜਾਣੇ!", ਕਿਉਂਕਿ ਮੈਂ ਇੱਕ 'ਆਸਤਕ' ਹਾਂ!

ਮੈਂ ਇੱਕ 'ਅਹਿੰਸਾਵਾਦੀ' ਹਾਂ।
ਹਰ ਵੇਲੇ 'ਮਾਰਕਸਵਾਦ-ਲੈਨਿਨਵਾਦ' ਦੀ ਰੱਟ ਲਗਾਉਣ ਵਾਲੇ 'ਅੱਤਵਾਦੀ' ਮੈਨੂੰ ਬੜੇ ਭੈੜੇ ਲਗਦੇ ਹਨ।
ਨਾਲੇ ਚਲੋ ਭਾਰਤ 'ਚ ਤਾਂ ਹੋਇਆ, ਕੈਨੇਡਾ 'ਚ ਫਿਰ ਵੀ "ਇਨਕਲਾਬ ਜ਼ਿੰਦਾਬਾਦ", "ਸਵੈ-ਰੱਖਿਆ ਜ਼ਿੰਦਾਬਾਦ" ਦਾ ਭਲਾ ਕੀ ਕੰਮ ਹੈ, ਜਿੱਥੇ ਸਾਰੇ 'ਚੰਗੇ-ਭਲੇ', 'ਸੁੱਖੀਂ-ਸਾਂਦੀਂ', 'ਅਮਨ-ਚੈਨ' ਨਾਲ 'ਖੁੱਲ੍ਹੀ-ਡੁੱਲ੍ਹੀ' ਜ਼ਿੰਦਗੀ ਬਸਰ ਕਰਦੇ ਹਨ —
ਹਿੰਦੁਸਤਾਨ 'ਚੋਂ ਖੱਲ ਬਚਾ ਕੇ ਭੱਜ ਆਏ, 'ਸਾਲੇ ਵੱਡੇ ਲੋਕ-ਸੇਵਕ'। ਹੈਂ... ਦੇਸ਼ ਚਲੇ ਜਾਣ ਤਾਂ, ਕੀਹਨੇ ਰੋਕਿਆ ਹੈ?
ਕਦੇ 'ਭਾਰਤ ਸਰਕਾਰ ਦੀ ਅਮਕੀ ਗੱਲ ਮੁਰਦਾਬਾਦ', 'ਕਦੇ ਢਿਮਕੀ ਗੱਲ ਮੁਰਦਾਬਾਦ'; ਭਲਾ ਦੱਸੋ ਐਥੇ ਬੈਠਿਆਂ ਦੇ ਚੋਰੇ 'ਭਾਰਤ ਸਰਕਾਰ' ਕੀ 'ਸੱਪ ਲੜਾਉਂਦੀ' ਐ?
ਨਸਲੀ-ਵਿਤਕਰੇ ਦੀ ਜਾਂ ਸਵੈ-ਰੱਖਿਆ ਦੀ ਗੱਲ ਕਰਨ ਵਾਲੀ ਮਹਿਫ਼ਲ 'ਚ ਅੱਵਲ ਤਾਂ ਮੈਂ ਜਾਂਦਾ ਹੀ ਨਹੀਂ ਜੇ ਮੇਰੇ ਬੈਠਿਆਂ ਕਿਤੇ ਬਦਕਿਸਮਤੀ ਨਾਲ ਗੱਲ ਚੱਲ ਹੀ ਪਵੇ ਤਾਂ ਨਸਲੀ-ਵਿਤਕਰੇ ਦੀ ਹੋਂਦ ਤੋਂ ਇਨਕਾਰ ਕਰਨ ਕਰਨ ਲਈ ਕਿਸੇ ਲੋਕੀ-ਚੁੱਕ ਅਖ਼ਬਾਰ ਦੇ 'ਝੂਠੇ-ਸੱਚੇ' ਅੰਕੜੇ ਪੇਸ਼ ਕਰਕੇ, ਫ਼ੌਰਨ ਕੰਨ-ਵਲ੍ਹੇਟ ਕੇ ਖਿਸਕ ਜਾਂਦਾ ਹਾਂ;
ਅਤੇ ਏਸ ਗੱਲ ਨੂੰ ਉੱਕਾ ਹੀ ਨਜ਼ਰ ਅੰਦਾਜ਼ ਕਰ ਦਿੰਦਾ ਹਾਂ

- ਕਿ ਜੇ ਉਹਨਾਂ ਨੂੰ ਕਿਸੇ ਗੱਲ ਨੂੰ 'ਮੁਰਦਾਬਾਦ' ਕਹਿਣ ਦਾ ਕੋਈ ਹੱਕ ਨਹੀਂ ਤਾਂ ਮੈਨੂੰ ਓਸੇ ਗੱਲ ਨੂੰ 'ਜ਼ਿੰਦਾਬਾਦ' ਕਹਿਣ ਦਾ ਹੱਕ ਕੀਹਨੇ ਦਿੱਤਾ ਹੈ?
- 'ਅੱਤਵਾਦੀਆਂ' ਨੂੰ ਭਾਰਤ ਚਲੇ ਜਾਣ ਦਾ ਮਿਹਣਾ ਦੇਣ ਦੀ ਥਾਂ, ਵਿਦਿਆਰਥੀਆਂ ਤੇ ਰੁਲਦੇ ਮਜ਼ਦੂਰਾਂ ਦੇ ਹਿੰਸਕ ਕਤਲੇਆਮ ਦੀ ਜ਼ਿੰਮੇਵਾਰ ਰਾਜ-ਸੱਤਾ ਨੂੰ ਦੁਨੀਆਂ ਦੀ ਸਭ ਤੋਂ ਵੱਡੀ 'ਜਮਹੂਰੀ ਤੇ ਅਹਿੰਸਾਵਾਦੀ' ਸਰਕਾਰ ਕਹਿਣ ਦਾ ਰੋਸ ਪ੍ਰਗਟ ਕਰਨ ਲਈ ਮੈਂ ਖੁਦ ਉਥੇ ਕਿਉਂ ਨਹੀਂ ਜਾ ਡੇਰੇ ਲਾਉਂਦਾ?

ਪਰ ਨਹੀਂ—
ਹਿੰਦੁਸਤਾਨ ਨੂੰ ਬਲੈਕ ਵਿੱਚ ਪੈਸੇ ਭੇਜਣ ਵਾਲਿਆਂ ਦੇ ਮੋਹਰੀ ਦੇ ਰੂਪ ਵਿੱਚ ਦੇਸ਼ ਨਾਲ ਸ਼ਰੇਆਮ ਗੱਦਾਰੀ ਕਰਦਿਆਂ ਹੋਇਆਂ ਵੀ, ਮੈਂ ਦੇਸ਼ ਦੇ ਗੱਦਾਰ ਕੇਵਲ 'ਨਕਸਲਬਾੜੀਆਂ' ਨੂੰ ਹੀ ਕਹਾਂਗਾ;
ਨਾਲ ਹੀ ਨਾਲ ਉਸੇ ਸਰਕਾਰ ਦੇ ਭੇਜੇ ਹਰ ਮੰਤਰੀ ਜਾਂ ਨੁਮਾਇੰਦੇ ਦੀਆਂ ਜੁੱਤੀਆਂ ਜ਼ਰੂਰ ਚੱਟਾਂਗਾ;
ਗੁਰਦੁਆਰੇ 'ਚ, ਰੇਡੀਓ ਜਾਂ ਟੈਲੀਵਿਜ਼ਨ ਉੱਤੇ ਉਸਦੇ ਲੈਕਚਰ ਜਾਂ ਇੰਟਰਵਿਊ ਸਮੇਂ 'ਐਵੇਂ ਹੀ' ਉਸਦੇ ਅੱਗੇ ਪਿੱਛੇ ਜ਼ਰੂਰ ਆਕੜਿਆ ਫਿਰਾਂਗਾ; ਕਿਉਂਕਿ ਮੈਂ ਇੱਕ 'ਅਹਿੰਸਾਵਾਦੀ' ਹਾਂ!

ਮੈਂ ਇੱਕ 'ਪਰਚੇ ਦਾ ਕਰਤਾ-ਧਰਤਾ' ਉਰਫ਼ 'ਮੁਖ-ਸੰਪਾਦਕ + ਪ੍ਰਕਾਸ਼ਕ + ਸੰਪਾਦਕੀ ਬੋਰਡ' ਹਾਂ।
ਸਾਹਿੱਤ ਨਾਲ ਤਾਂ ਮੈਨੂੰ ਜਮਾਂਦਰੂ ਮੋਹ ਹੈ ਪਰ ਸਾਹਿੱਤਕ-ਮੀਟਿੰਗਾਂ ਨਾਲ ਮੋਹ ਮੈਨੂੰ ਕੇਵਲ ਪਰਚੇ ਦਾ ਸਰਕੂਲੇਸ਼ਨ ਵੇਖ ਕਰਕੇ ਹੀ ਜਾਗਿਆ ਹੈ।
'ਸਾਹਿੱਤਕ ਅਤੇ ਸੱਭਿਆਚਾਰਕ ਬੇਹਤਰੀ;'
'ਪੰਜਾਬੀ ਬੋਲੀ ਅਤੇ ਗੁਰਮੁਖੀ ਲਿੱਪੀ ਦੀ ਉੱਨਤੀ;'
'ਨਿੱਗਰ, ਉਸਾਰੂ ਅਤੇ ਸਿਹਤਮੰਦ ਸਾਹਿੱਤ ਪੜ੍ਹਨ ਅਤੇ ਲਿਖਣ';
ਦੇ ਖ਼ੂਬਸੂਰਤ ਪੈਗ਼ਾਮ ਹਰ ਪਰਚੇ ਵਿੱਚ ਪਾਠਕਾਂ ਤੱਕ ਪੁਚਾਉਣ ਮੇਰਾ ਫ਼ਰਜ਼ ਹੀ ਬਣਦਾ ਹੈ
ਪਰ ਇਹ ਵੱਖਰੀ ਗੱਲ ਹੈ

- ਕਿ ਸਮਕਾਲੀ ਪਰਚਿਆਂ ਦੇ ਜਿਨ੍ਹਾਂ ਲੇਖਕਾਂ ਦਾ ਜ਼ਿਕਰ ਮੈਂ ਪਾਠਕਾਂ ਦੇ ਨਾਮ ਲਿਖੇ 'ਆਤੰਕ ਕਲਿਆਣਕਾਰੀ ਸੁਨੇਹਿਆਂ' ਵਿੱਚ ਏਸ ਲਈ ਜ਼ਰੂਰੀ ਸਮਝਾਂ ਕਿ ਉਨ੍ਹਾਂ ਨੇ 'ਪਿਛਲੇ ਕਈ ਸਾਲ ਤੋਂ ਸਾਡੇ ਲੋਕਾਂ ਦੀ ਸਾਹਿੱਤਕ ਤੇ ਸੱਭਿਆਚਾਰਕ ਸੇਵਾ ਵਿੱਚ ਉੱਘਾ ਰੋਲ ਅਦਾ ਕੀਤਾ ਹੈ'; ਮਗਰੋਂ ਆਪਣੇ 'ਉਟ-ਪਟਾਂਗ ਸਟੈਂਡ' ਅਤੇ 'ਰਚਨਾ-ਸਾਹਿੱਤ' ਨਾਲ ਅਸਹਿਮਤ ਹੋ ਜਾਣ ਤੇ 'ਹਉਮੈਂਵਾਦੀ' ਜਾਂ 'ਮਾਅਰਕੇਬਾਜ਼' ਦਾ ਫ਼ਤਵਾ ਦੇ ਕੇ ਸਾਹਿਤਕਾਰਾਂ ਦੀ ਸ਼੍ਰੇਣੀ 'ਚੋਂ ਛੇਕ ਦੇਵਾਂ; ਜਾਂ
- 'ਕਲਾ ਜੀਵਨ ਲਈ' ਅਤੇ 'ਕਲਾਕਾਰ ਜ਼ਿੰਦਗੀ ਦੀ ਬੇਹਤਰੀ ਦਾ ਦੂਤ ਹੈ' ਦੀ ਥਾਂ 'ਕਾਨੂੰਨ ਜੀਵਨ ਲਈ' ਅਤੇ 'ਵਕੀਲ ਜ਼ਿੰਦਗੀ ਦੀ ਬੇਹਤਰੀ ਦਾ ਦੂਤ ਹੈ' ਦੇ ਕਿਸੇ ਨਵੇਂ 'ਸਾਹਿੱਤ-ਸਿਧਾਂਤ' ਨੂੰ ਜਨਮ ਦੇ ਦੇਵਾਂ!

ਕਲਾ-ਖੇਤਰ ਵਿੱਚ ਆਪਣੀ ਵਿਦਵਤਾ ਦੀ ਧਾਂਕ ਜਮਾਉਣ ਲਈ; 'ਆਧੁਨਿਕ' ਜਾਂ 'ਨਵੀਨ' ਕਹਾਉਣ ਲਈ;
ਮੌਲਿਕਤਾ ਦੀ ਘਾਟ ਨੂੰ ਲੁਕਾਉਣ ਲਈ ਕਾਮੂ, ਸਾਰਤਰ, ਈਲੀਅਟ ਦਾ ਜ਼ਿਕਰ ਕਰਨਾ ਜਾਂ ਸਿਧਾਂਤਕ-ਦੁਬਿਧਾ

'ਤੇ ਪਰਦਾ ਪਾਉਣ ਲਈ ਅਤੇ 'ਅਵਿੱਦਤ ਸਰੋਤਿਆਂ' ਦਾ ਧਿਆਨ ਦਵਾਉਣ ਲਈ ਕਿਸੇ ਨਵੇਂ ਪੁਰਾਣੇ 'ਸੂਬੇਦਾਰ' ਜਾਂ 'ਥਾਣੇਦਾਰ' ਦਾ ਜ਼ਿਕਰ ਕਰਨਾ ਮੈਂ 'ਜਰਨਲਿਸਟਿਕ ਪ੍ਰਾਪਤੀ' ਸਮਝਦਾ ਹਾਂ।
ਪਰ ਇਹ ਵੱਖਰੀ ਗੱਲ ਹੈ:

– ਕਿ ਕਿਸੇ ਸਾਹਿਤਕ-ਮਹਿਫ਼ਲ ਜਾਂ ਸਮਾਗਮ ਵਿਚ ਆਪਣੀ 'ਕਲਾ-ਪੱਖ' ਦੀ ਖੁਸ਼ਾਮਦ-ਰਹਿਤ ਆਲੋਚਨਾ ਸੁਣਕੇ, ਰਚਨਾ-ਪਾਠ ਅਧਵਾਟੇ ਛੱਡਦਿਆਂ; ਉਸ ਮੌਕੇ ਬਾਰੇ, "ਆਪਣੇ ਆਪ ਨੂੰ ਸੁਪਰੀਮ ਸਮਝਣ ਲੱਗ ਪਿਆ ਹੈ", ਦੀ ਘੋਸ਼ਣਾ ਕਰਦਿਆਂ ਆਪਣੀ 'ਅੱਖੜ-ਮਿਜ਼ਾਜੀ' ਦੀ ਪ੍ਰਦਰਸ਼ਨੀ ਕਰਾਂ;
– ਜਾਂ ਆਪਣੀ ਨਿਗਰਾਨੀ ਹੇਠ ਛਪੇ ਕਿਸੇ ਦੀ ਪਰਚੇ ਦੀਆਂ ਦੱਸ ਤੋਂ ਵੱਧ ਕਾਪੀਆਂ ਵੰਡਣ ਜਾਂ ਵੇਚ ਦੇਣ ਦਾ ਲਾਰਾ ਲਾਉਣ ਵਾਲਿਆਂ ਨੂੰ 'ਸੁਲੇਖਕ'; ਅਤੇ ਬਾਕੀ ਦਿਆਂ ਨੂੰ 'ਅਲੇਖਕ' ਜਾਂ 'ਕੁਲੇਖਕ' ਗਰਦਾਨ ਦੇਵਾਂ।

ਭੂਤ ਭਾਵੇਂ ਮੈਂ ਕੱਲ੍ਹ ਹੀ 'ਸਜਿਆ' ਹਾਂ, ਪਰ 'ਸਿਖਿਆਂ ਦੇ ਅੱਧ' ਦੀ ਥਾਂ 'ਪੂਰੇ ਦੇ ਪੂਰੇ ਸਿਖਿਆਂ' ਤੇ ਆਪਣਾ ਹੀ ਅਧਿਕਾਰ ਸਮਝਦਾ ਹਾਂ;
'ਆਰਥਿਕ' ਪੱਖ ਤੋਂ 'ਮੁਰਦਾ ਸਾਹਿੱਤਕਾਰਾਂ' ਦੀਆਂ ਲਾਸ਼ਾਂ ਜਲਾਕੇ ਹਾਸਲ ਕੀਤੇ ਡਾਲਰਾਂ ਦੀ ਰੌਸ਼ਨੀ ਨਾਲ ਜ਼ਿੰਦਗੀ ਦੇ ਰਾਹ ਉਜਾਲੇ ਕਰਦਿਆਂ, ਪੱਤਰਕਾਰੀ ਦੇ 'ਬੇਮਿਸਾਲ ਜਲਵੇ' ਪੇਸ਼ ਕਰਨ ਦੀ ਤਮੰਨਾ ਰੱਖਦਾ ਹਾਂ ਕਿਉਂਕਿ ਮੈਂ ਇੱਕ 'ਪਰਚੇ ਦਾ ਕਰਤਾ-ਧਰਤਾ' ਹਾਂ!

ਮੈਂ ਇੱਕ 'ਬਹੁਰੂਪੀਆ' ਹਾਂ।
ਇੱਕੋ ਵੇਲੇ ਹੀ ਮੈਂ 'ਲੀਡਰ' ਵੀ ਹਾਂ, 'ਅਗਾਂਹਵਧੂ' ਵੀ, 'ਸੋਸ਼ਲ ਵਰਕਰ' ਵੀ, 'ਆਸਤਕ' ਵੀ, 'ਅਹਿੰਕਾਰੀ' ਵੀ ਅਤੇ 'ਸਾਹਿੱਤਕਾਰ' ਵੀ!
ਗਿਰਗਟ ਵਾਂਗ ਰੰਗ ਬਦਲਣਾ ਮੇਰਾ ਫ਼ਰਜ਼ ਹੀ ਬਣਦਾ ਹੈ, ਬੱਸ! 'ਉਹ ਕਿਹੜੀ ਗਲੀ, ਜਿੱਥੇ ਭਾਗੋ ਨਹੀਂ ਖਲੀ'!
ਜੇ ਕੋਈ 'ਸੰਤ ਮਹਾਤਮਾ' ਕਿਸੇ ਨਵੇਂ 'ਪੰਥ', ਮਿਸ਼ਨ, ਜਾਂ 'ਮਾਰਗ' ਦਾ ਚੋਗਾ ਪਹਿਨਕੇ ਕੈਨੇਡਾ 'ਚ ਪਧਾਰਨ;
'ਮਨੋਹਰ ਵਿਖਿਆਨ' ਨਾਲ ਸੰਗਤਾਂ ਨੂੰ ਨਿਹਾਲ ਕਰਨ;
ਆਪਣੇ ਅਤੇ ਆਪਣੇ 'ਸੇਵਕਾਂ' ਦੇ ਲੜਕੇ-ਲੜਕੀਆਂ ਦੇ ਵਿਆਹ ਰਚਾਉਂਦਿਆਂ 'ਛੱਲੀਆਂ ਦੇ ਨਾਲ ਊਠ ਵੀ ਲੰਘਣ';
ਆਪਣੇ 'ਚੇਲੇ-ਚੇਲੀਆਂ' ਤੋਂ ਵਿੰਗੇ ਟੇਢੇ ਢੰਗ ਨਾਲ ਆਪਣੀ ਮਹਿਮਾ ਕਰਵਾਉਣ; ਤਾਂ

– 'ਅਥਾਹ ਸ਼ਰਧਾ' ਨਾਲ 'ਸੰਤ ਕਾ ਦੋਖੀ ਨਰਕ ਕੋ ਜਾਇ' ਧਿਆਉਣਾ;
– 'ਸਾਧ-ਸੰਗਤ' ਨੂੰ ਸੰਤਾਂ ਦੇ 'ਮੁਖਾਰਬਿੰਦ' ਚੋਂ ਉਚਰੇ 'ਮੁੱਖਵਾਕ'-ਸਾਰੀ ਸਾਰੀ ਰਾਤ ਸੁਣਨ ਦੀ ਪ੍ਰੇਰਨਾ ਦੇਣਾ;
– ਜਿਹੜੇ 'ਦਾਹੜੀ-ਕੇਸ' ਮੈਂ ਨੌਕਰੀ ਹਾਸਲ ਕਰਨ ਲਈ ਪਿਛਲੇ ਸਾਲ ਸਫ਼ਾ-ਚੱਟ ਕਰਵਾਏ ਸਨ; ਉਨ੍ਹਾਂ ਨੂੰ ਕੁਝ ਹੀ ਦਿਨਾਂ ਵਿੱਚ ਮਾਛੀਵਾੜੇ ਦੇ ਜੰਗਲ ਵਾਂਗ ਮੁੜ ਵਧਾਕੇ ਸੰਤਾਂ ਦਾ ਨਜ਼ਦੀਕੀ ਸ਼ਰਧਾਲੂ ਜਾਂ ਮੁੱਖ-ਬੁਲਾਰਾ ਬਣ ਬੈਠਣਾ;

ਇਨ੍ਹਾਂ ਗੱਲਾਂ ਨੂੰ ਮੈਂ ਕੋਈ ਮਿਹਣਾ ਨਹੀਂ ਸਮਝਦਾ।
ਸੋ ਮੇਰਾ ਇਹ ਉਕਾ ਹੀ ਵਿਚਾਰ ਦੇਣਾ ਬਿਲਕੁਲ ਮੁਮਕਿਨ ਹੈ:

– ਕਿ ਜੇ ਮਾਰਕਸਵਾਦ-ਲੈਨਿਨਵਾਦ ਦੇ ਪ੍ਰਚਾਰ ਦੀ ਕੈਨੇਡਾ 'ਚ ਕੋਈ ਲੋੜ ਨਹੀਂ; (ਕੇਵਲ ਭਾਰਤ 'ਚ ਹੀ 'ਥੋੜ੍ਹੀ ਬਹੁਤ' ਲੋੜ ਹੈ); ਤਾਂ ਸੰਤ ਜੀ ਮਹਾਰਾਜ ਦੀ 'ਖੁੱਲ੍ਹੀ ਡੁੱਲ੍ਹੀ ਜ਼ਿੰਦਗੀ ਬਸਰ ਕਰਨ ਵਾਲੇ' ਕੈਨੇਡਾ ਦੀ ਥਾਂ ਭਾਰਤ ਦੀ ਦੁਖੀ ਜਨਤਾ ਨੂੰ ਹੀ ਕਿਉਂ ਨਹੀਂ ਦੁੱਖਾਂ ਦੇ 'ਭਵ-ਸਾਗਰ' ਤੋਂ ਪਾਰ ਉਤਾਰਦੇ?
– ਕਿ ਕੱਲ੍ਹ ਮੈਂ 'ਅੱਤਵਾਦੀਆਂ' ਨੂੰ ਭਾਰਤ ਚਲੇ ਜਾਣ ਦੇ ਸੁਨੇਹੇ ਦਿੰਦਾ ਸੀ ਅੱਜ 'ਸੰਤਾਂ' ਨੂੰ 'ਚਾਂਦਨੀ ਚੌਂਕ' ਦਾ ਮਾਰਗ ਕਿਉਂ ਨਹੀਂ ਦਸਦਾ?

ਪਰ ਨਹੀਂ;
ਮੈਂ ਤਾਂ ਰਸੋਈ ਵਿੱਚ "ਮਾਈਆਂ ਰੱਬ ਰਜਾਈਆਂ" ਅਤੇ "ਬਾਬਾ ਅਟੱਲ ਪੱਕੀ ਪਕਾਈ ਘੱਲ" ਦਾ ਵਿਸਮਾਦੀ ਜਾਪ ਕਰਦਾ ਲੰਗਰ ਛੁਆਲੇ ਜੋੜੇ ਰੱਖਣ ਨੂੰ ਹੀ 'ਉਪਰ ਮੱਲ ਆਚਾਰ' ਸਮਝਦਾ-ਸਮਝਾਉਂਦਾ ਰਹਾਂਗਾ, ਕਿਉਂਕਿ ਮੈਂ 'ਬਹੁਰੂਪੀਆ' ਹਾਂ!

(WINDSOR, ONT.)

"ਵਤਨੋਂ ਦੂਰ" ਵਿਚ ਕਿਸੇ ਤਰ੍ਹਾਂ ਦੀ ਐਡਵਰਟਾਈਜ਼ ਦੇਣੀ ਹੋਵੇ ਜਾਂ ਹੋਰ ਜਾਣਕਾਰੀ ਵਾਸਤੇ ਕਰਮਜੀਤ ਘੁਮਾਣ ਨੂੰ ਫੋਨ ਕਰੋ।
ਫੋਨ: 321-6081

# ਪਟਾਕਾ

## ਗਿੱਲ ਅਵਤਾਰ

'ਸਤਵੰਤੀਏ ਢਿੱਡਿਆਂ ਦੀ ਕੋਈ ਗੱਲ ਸੁਣੀ ਏ ?'

'ਨ...ਈਂ...ਜੀ।'

'ਸੁਣਿਆ ਉਨ੍ਹਾਂ ਦੀ ਕੁੜੀ ਬਖਤੌਰਾ ਸਿਉਂ ਦੇ ਮੁੰਡੇ ਨਾਲ...।'

ਬਾਊ ਜੀ ਦੀਆਂ ਗੱਲਾਂ ਸੁਣ ਕੇ ਬਾਊਆਣੀ ਚੁੱਪ ਕਰ ਰਹੀ।

ਠੰਢੀ ਠੰਢੀ ਹਵਾ ਰੁਮਕ ਰਹੀ ਸੀ। ਹਰੀਆਂ ਭਰੀਆਂ ਫਸਲਾਂ ਲਹਿਰਾ ਰਹੀਆਂ ਸਨ। ਖ਼ਰਮਸਤੀਆਂ ਕਰਦੇ ਬਾਊ ਜੀ ਅਤੇ ਬਾਊ-ਆਣੀ ਸ਼ਹਿਰੋਂ ਬਹੁਤ ਬਾਹਰ ਨਿੱਕਲ ਆਏ ਸਨ। ਹਰ ਪਾਸੇ ਹਰਿਆਵਲ ਹੀ ਹਰਿਆਵਲ ਸੀ। ਛਹਿ ਛਹਿ ਪੈਂਦੀਆਂ ਕਣਕਾਂ ਵਿਚ, ਬਾਊ ਜੀ ਦਾ ਜੀਅ ਕਰਦਾ ਸੀ ਕਿ ਬਾਊਆਣੀ ਨਾਲ ਜੁਆਕਾਂ ਵਾਂਗ ਲੁਕਣ-ਮੀਟੀ ਖੇਡਣ; ਕਤੂਰਿਆਂ ਵਾਂਗ ਟਪੂਸੀਆਂ ਮਾਰਨ। ਕਾਰ ਸੜਕ ਦੇ ਇਕ ਪਾਸੇ ਖੜ੍ਹੀ ਕਰਕੇ ਉਹ ਇਕ ਬੰਨੇ ਹੋ ਤੁਰੇ।

'ਢਿੱਡਿਆਂ ਦੀ ਕੁੜੀ ਬਖਤੌਰਾ ਸਿਉਂ ਦੇ ਮੁੰਡੇ ਨਾਲ...।' ਬਾਊ ਜੀ ਨੇ ਦੁਹਰਾਇਆ। ਬਾਊਆਣੀ ਭੁੜਕ ਪਈ, 'ਮਥਰਾ ਤੀਨ ਲੋਕ ਸੇ ਨਿਆਰੀ। ਵੀਹ ਵਾਰ ਆਖਿਐ ਇਸ਼ਕ-ਮੁਸ਼ਕ ਦੇ ਕਿੱਸੇ ਛੱਡ ਕੇ ਰੱਬ ਦਾ ਨਾਂ ਲਿਆ ਕਰੋ। ਲੂਤੀਆਂ ਲੌਣੋਂ ਬਾਜ਼ ਆਓ। ਤੁਸੀਂ ਓ ਕਿ...।'

ਬਾਊ ਜੀ ਨੇ ਮੂੰਹ ਸਲੂਣਾ ਕਰਨ ਲਈ ਇਹ ਨਮਕੀਨ ਲੜੀ ਛੋਹੀ ਸੀ। ਬਾਊਆਣੀ ਦੇ ਕੁਸੈਲੇ ਜਿਹੇ ਉੱਤਰ ਨੇ ਉਨ੍ਹਾਂ ਦੇ ਕੰਨਾਂ ਵਿਚ ਕੁੜੱਤਣ ਘੋਲ ਦਿਤੀ। ਖਟ-ਮਿੱਠੀਆਂ ਭੋਰਨ ਦੇ ਉਹ ਜਮਾਂਦਰੂ ਠਰਕੀ ਸਨ। ਜਦੋਂ ਵੀ ਧੁਰ ਕੀ ਬਾਣੀ ਆਉਂਦੀ ਉਹ ਬਿਨਾਂ ਵੇਲਾ ਵਿਚਾਰਿਆਂ ਉਚਰ ਪੈਂਦੇ। ਇਕ ਲੜੀ ਮੁੱਕਦੀ ਦੂਜੀ ਛੇੜ ਲੈਂਦੇ।

ਕਿਹਦੀ ਕੁੜੀ ਕਿਹਦੇ ਮੁੰਡੇ ਨਾਲ...ਜਾਂ ਕਿਹਦਾ ਮੁੰਡਾ ਕਿਹਦੀ ਕੁੜੀ ਨਾਲ...। ਇਹੋ ਜਿਹੀਆਂ ਕਾਨਾਫੂਸੀਆਂ ਦੇ ਬਾਊ ਜੀ ਬੜੇ ਘੋਖੀ ਸਨ। ਫਿਰਤੂ ਖ਼ਬਰਾਂ ਸੁਣਨ ਜਾਂ ਪੜ੍ਹਨ ਦੇ ਹੀ ਸ਼ੌਕੀਨ ਨਹੀਂ ਸਨ ਉਹ, ਸਗੋਂ ਘੜਨ ਦੇ ਵੀ ਮਾਹਰ ਸਨ। ਸੁਣਨ ਨਾਲੋਂ ਜ਼ਿਆਦਾ ਲੁਤਫ਼ ਉਨ੍ਹਾਂ ਨੂੰ ਖ਼ਬਰਾਂ ਸੁੰਘਣ ਵਿਚ ਆਉਂਦਾ ਸੀ। ਜਦੋਂ ਵੀ ਕੋਈ ਕੱਚੀ ਉਮਰ ਦਾ ਦੇਸੀ ਜੋੜਾ ਉਨ੍ਹਾਂ ਦੀ ਨਜ਼ਰੇ ਪੈਂਦਾ, ਝੌਰ ਲਾ ਕੇ ਦੇਖਦੇ ਰਹਿੰਦੇ-ਦੇਖਦੇ ਰਹਿੰਦੇ।

ਕਈ ਵਾਰ ਬਾਊ ਜੀ ਹੋਰੀਂ ਆਪਣਾ ਤਾਜ਼ਾ ਕਲਾਮ ਸ਼ੁਰੂ ਵੀ ਨਾ ਕਰਦੇ ਕਿ ਬਾਊਆਣੀ ਅਗਾਊਂ ਲੱਤ ਅੜਾ ਦਿੰਦੀ। ਤਲਖ਼ੀ 'ਚ ਆ ਕੇ ਬਾਊ ਜੀ ਝਾੜ ਦਿੰਦੇ, 'ਚੁੱਪ ਰਹੁ ! ਤੈਨੂੰ ਕੀ ਪਤਾ ਕੈਨੇਡਾ 'ਚ ਕਿਹੜੇ ਗੁੱਲ ਖਿਲਦੇ ਐ। ਆਪਣੇ ਪੱਲੇ ਅਕਲ ਨਾ ਹੋਵੇ ਤਾਂ ਬੰਦਾ ਕਿਸੇ ਦੀ ਵਰਤ ਲਵੇ; ਤੈਨੂੰ ਇੰਨਾ ਵੀ ਚੱਜ ਨਹੀਂ। ਅੱਠ ਵਰ੍ਹੇ ਹੋ ਗਏ ਇੱਥੇ ਆਈ ਨੂੰ ਅਜੇ ਵੀ ਲੋਦੂਵਾਲ ਦੀ ਲੂਰੋ ਹੀ ਰਹੀ ?' ਗੱਲਾਂ-ਗੱਲਾਂ ਵਿਚ ਬਾਊ ਜੀ ਬਾਊਆਣੀ ਨੂੰ ਅਹਿਸਾਸ ਕਰਾ ਦੇਂਦੇ ਕਿ ਸੱਤਵੀਂ ਫੇਲ੍ਹ ਦਾ ਡਬਲ ਐ. ਏ. ਨਾਲ ਮੁਕਾਬਲਾ ਕਾਹਦਾ ? ਐਲੀਮੈਂਟਰੀ ਸਕੂਲ ਦੇ ਅਸਿਸਟੈਂਟ ਪ੍ਰਿੰਸੀਪਲ ਹੋਣ ਦੀ ਹੈਸੀਅਤ ਵਿਚ ਉਹ ਹੋਰ ਵੀ ਭਾਰੂ ਸਨ।

ਦਿੱਲੀ ਵਿਚ ਤਾਂ ਜਿਵੇਂ ਕਿਵੇਂ ਬਾਊਆਣੀ ਦੀ ਗੁਜ਼ਰ ਹੋਈ ਜਾ ਰਹੀ ਸੀ ਪਰ ਇਥੇ ਹੁਣ ਉਹਦੀ ਜਾਨ ਅਕਲਕਾਂਦ ਆਈ ਹੋਈ ਸੀ। ਬਾਊ ਜੀ ਅਤੇ ਨੀਨੀ ਸਕੂਲ ਚਲੇ ਜਾਂਦੇ। ਘਰ ਇਕੱਲੀ ਉਹ ਚੁਰਾਸੀ ਦੇ ਚੱਕਰ ਵਿਚ ਪਈ ਰਹਿੰਦੀ। ਨੀਨੀ ਜਦੋਂ ਸਕੂਲੋਂ ਆਉਂਦੀ-ਅੰਗਰੇਜ਼ੀ ਪੜ੍ਹਦੀ, ਅੰਗਰੇਜ਼ੀ ਪਟਾਕਦੀ। ਬਾਊਆਣੀ ਦੇ ਕੱਖ ਪੱਲੇ ਨਾ ਪੈਂਦਾ।

'ਅਮਰ ਸਿਆਂ ਅੱਜ ਕਿੱਧਰੋਂ ?'

'ਹੈਂ !' ਚਾਣਚੱਕ ਉਪਰੋਕਤ ਬੋਲ ਸੁਣ ਕੇ ਬਾਊ ਜੀ ਝੁੰਜਲਾ ਗਏ। ਬਾਊਆਣੀ ਨੇ ਉੱਤਰ ਦਿੱਤਾ, 'ਸਾ-ਸ੍ਰੀ ਕਾਲ ਜੀ,... ਬਸ ਐਵੇਂ ਘੁੰਮਦੇ ਫਿਰਦੇ...।'

ਬਾਊ ਜੀ ਹੋਰਾਂ ਨੂੰ ਕੋਈ ਪਤਾ ਨਾ ਲੱਗਾ ਕਿ ਕਦੋਂ ਉਹ ਜੌਹਨਸਨ ਅਤੇ ਫਰੈਡ੍ਰਿਕ ਦੇ ਫਾਰਮ ਲੰਘ ਕੇ ਦਲੀਪ ਸਿੰਘ ਦੇ ਫਾਰਮ ਵਿਚ ਆ ਵੜੇ ਸਨ। ਦਲੀਪ ਸਿੰਘ ਪਿੱਛਿਉਂ ਪੰਜਾਬੋਂ ਬਾਊ ਜੀ ਹੋਰਾਂ ਦੇ ਗਵਾਂਢੀ ਪਿੰਡੋਂ ਸੀ। ਏਥੇ ਰਹਿੰਦਿਆਂ ਉਹਦਾ ਬਾਊ ਜੀ ਹੋਰਾਂ ਨਾਲ ਕਾਫੀ ਨੇੜ ਹੋ ਗਿਆ ਸੀ। ਵੱਡੇ ਮੁੰਡੇ ਦੇ ਵਿਆਹ 'ਤੇ ਉਹਨੇ ਬਾਊ ਜੀ ਹੋਰਾਂ ਨੂੰ ਉਚੇਚਾ ਸੱਦਿਆ ਸੀ। ਫਿਰ ਉਦੋਂ ਜਦੋਂ ਪੋਤਾ ਹੋਇਆ ਸੀ ਤੇ ਫਿਰ ਪਿਛਲੇ ਮਹੀਨੇ ਜਦੋਂ ਇਸ ਨਵੇਂ ਲਏ ਫਾਰਮ ਦੀ ਚੱਠ ਕੀਤੀ ਸੀ।

ਬਾਊ ਜੀ ਹੋਰੀਂ ਬਥੇਰੇ ਪੈਰ ਮਲੇ, ਜੱਟੀ ਦੇ ਯਾਰ ਨੇ ਇਕ ਨਾ ਮੰਨੀ। ਬਾਹੋਂ ਫੜ ਕੇ ਲੈ ਤੁਰਿਆ।

ਬੋਤਲ ਖੁਲ੍ਹ ਗਈ। ਦਲੀਪ ਸਿੰਘ ਅਤੇ ਬਾਊ ਜੀ ਜੁਟ ਗਏ। ਬਾਊਆਣੀ ਕਿਚਨ ਵਿਚ ਦਲੀਪ ਸਿੰਘ ਦੀ ਘਰਵਾਲੀ ਨਾਲ ਗੱਲੀਂ ਪੈ ਗਈ।

ਪੀਂਦਿਆਂ ਪਿਲਾਉਂਦਿਆਂ ਜਿਵੇਂ ਦਲੀਪ ਸਿੰਘ ਨੂੰ ਕੋਈ ਭੁੱਲੀ ਵਿਸਰੀ ਗਲ ਯਾਦ ਆ ਗਈ ਹੋਵੇ। ਆਖਣ ਲੱਗਾ, 'ਅਗਲੇਰੇ ਐਤਵਾਰ ਆਪਾਂ ਸ਼ਗਨ ਪਾਉਣ ਜਾਣੈਂ ਮਨਜੀਤ ਦਾ। ਜ਼ਰਾ ਸਵਖਤੇ ਅੱਪੜ ਜੀਇਓ।'

'ਹੈਂ ! ਅੱਛਾ !' ਹੈਰਾਨੀ ਅਤੇ ਪ੍ਰੇਸ਼ਾਨੀ ਉਤੇ ਕਾਬੂ ਪਾਉਂਦਿਆਂ ਬਾਊ ਜੀ ਬੋਲੇ, 'ਜਾਣਾ ਕਿਥੇ ਐ ?'

'ਆਪਣੇ ਬਖਤੌਰਾ ਸਿਉਂ ਦੇ, ਡੱਲੇਵਾਲੀਏ ਦੇ।' ਖ਼ੁਸ਼ੀ ਦਲੀਪ ਸਿੰਘ ਤੋਂ ਸਾਂਭੀ ਨਹੀਂ ਸੀ ਜਾਂਦੀ।

'ਠੀਕ ਐ, ਠੀਕ ਐ, ਬਹੁਤ ਸੁਹਣਾ।' ਬਨਾਉਟੀ ਖੇੜਾ ਮੂੰਹ 'ਤੇ ਲਿਆ ਕੇ ਬਾਊ ਜੀ ਬੋਲੇ, 'ਮੁੰਡਾ ਬਖਤੌਰਾ ਸਿਉਂ ਦਾ ਬੜਾ ਲਾਇਕ ਐ। ਊਂ ਵੀ ਚਲਦਾ ਪੁਰਜ਼ਾ ਐ ਕਿ...।'

'ਪਟਾਕਾ ਤਾਂ ਪੈਂਦਾ ਰਹਿ ਹੀ ਗਿਆ ਸਤਵੰਤੀਏ।' ਕਾਰ ਸਟਾਰਟ ਕਰਦਿਆਂ ਬਾਊ ਜੀ ਨੇ ਹਵਾੜ੍ਹ ਕੱਢੀ।

'ਕਾਰ ਨੂੰ ਤੋਰੋ 'ਗਾਂਹ,' ਗੁਸੈਲੀ ਆਵਾਜ਼ ਵਿਚ ਬਾਊਆਣੀ ਬੋਲੀ, 'ਅੱਧੀ ਰਾਤ ਪਾ ਦਿਤੀ ਐਥੇ। ਕੁੜੀ ਘਰ ਜਣਦਿਆਂ ਨੂੰ

ਬਾਕੀ ਸਫ਼ਾ 39 ਉੱਤੇ

# ਰਿਸ਼ਤੇਦਾਰੀ ਦਾ ਮਾਮਲਾ

ਕਰਮਜੀਤ ਘੁਮਾਣ

ਨਿੰਦਰ ਨੂੰ ਕੈਨੇਡਾ ਆਏ ਨੂੰ ਕੋਈ ਡੇਢ ਕੁ ਸਾਲ ਦੇ ਕਰੀਬ ਹੋਇਆ ਸੀ। ਉਹ ਅਜੇ ਵਿਜ਼ਟਰ ਹੀ ਸੀ ਤੇ ਪੱਕਾ ਨਹੀਂ ਹੋ ਸਕਦਾ ਸੀ, ਕਿਉਂਕਿ ਜਿਹੜੇ ਦਿਨ ਦਾ ਉਹ ਕੈਨੇਡਾ ਆਇਆ ਸੀ ਉਦੋਂ ਬਾਹਰੋਂ ਆਏ ਕਿਸੇ ਵਿਜ਼ਟਰ ਨੂੰ ਪੱਕੇ ਤੌਰ ਤੇ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਸੀ। ਨਿੰਦਰ ਨੂੰ ਕੈਨੇਡਾ ਆਉਣ ਵਾਰੇ ਬਹੁਤ ਚਾਅ ਸੀ। ਉਹਨਾਂ ਦਿਨਾਂ 'ਚ ਉਹ ਸੋਚਦਾ ਹੁੰਦਾ ਕਿ ਕਿਹੜੇ ਵੇਲੇ ਉਹ ਕੈਨੇਡਾ ਜਾਵੇ ਤੇ ਚੰਗੇ ਪੈਸੇ ਕਮਾਕੇ ਜ਼ਿੰਦਗੀ, ਐਸ਼ ਅਤੇ ਬੇਫਿਕਰੀ ਵਿਚ ਲੰਘਾਵੇ। ਪਰ ਕੈਨੇਡਾ ਦੇ ਸੌੜੇ ਵਾਤਾਵਰਣ ਨੇ ਨਿੰਦਰ ਨੂੰ ਆਪਣੀਆਂ ਆਸਾਂ ਤੋਂ ਉਲਟ ਸੋਚਣ ਲਈ ਮਜਬੂਰ ਕਰ ਦਿੱਤਾ ਸੀ। ਭਾਵੇਂ ਉਹਦੇ ਮਾਸੜ ਸੁਖਾ ਸਿਉਂ ਨੇ ਉਹਨੂੰ ਆਪਣੇ ਨਾਲ ਹੀ ਕੰਮ ਤੇ ਲਵਾ ਲਿਆ ਸੀ ਫੇਰ ਵੀ ਨਿੰਦਰ ਸੰਤੁਸ਼ਟਤਾ ਜੇਹੀ ਮਹਿਸੂਸ ਨਹੀਂ ਸੀ ਕਰਦਾ।

ਉਹਦੇ ਮਾਸੜ ਨੇ ਉਹਨੂੰ ਇਕ ਦਿਨ ਦੱਸਿਆ ਕਿ ਐਥੇ ਆਪਣੇ ਲੋਕਾਂ ਨਾਲ ਜ਼ਿਆਦਾ ਵਾਹ ਨਾ ਪਾਈਂ ਤੇ ਨਾ ਹੀ ਕਿਸੇ ਨੂੰ ਦੱਸੀਂ ਕਿ ਮੈਂ ਵਿਜ਼ਟਰ ਆਂ। ਆਪਣੇ ਲੋਕ ਤਾਂ ਬਹੁਤ ਮਾੜੇ ਨੇ ਤੇ ਕਿਸੇ ਨੂੰ ਜਰਦੇ ਵੀ ਨਹੀਂ। ਐਥੇ ਨਾ ਕੋਈ ਰਿਸ਼ਤੇਦਾਰ ਆ ਤੇ ਨਾ ਹੀ ਬੇਲੀ। ਐਥੇ ਤਾਂ ਬੱਸ ਰਿਸ਼ਤੇਦਾਰ ਹੀ ਕੰਮ ਆਉਂਦੇ ਆ। ਤਾਹੀਓਂ ਨਿੰਦਰ ਨਾਲ ਦੇ ਕੰਮ ਕਰਦੇ ਪੰਜਾਬੀ ਭਰਾਵਾਂ ਨਾਲ ਖੁਲ੍ਹਕੇ ਗੱਲ ਵੀ ਨਾ ਕਰਦਾ। ਚੁੱਪ ਚੁੱਪ ਰਹਿੰਦਾ ਤੇ ਹਾਂ ਹੂੰ ਕਰ ਛੱਡਦਾ ਪਰ ਅੰਦਰੋਂ ਉਹ ਬਹੁਤ ਝੁਰਦਾ, ਕਿਸੇ ਕੋਲ ਦਿਲ ਦੀ ਭੜਾਸ ਵੀ ਨਾ ਕੱਢ ਸਕਦਾ। ਪੰਜਾਬ ਦੇ ਖੁਲ੍ਹੇ-ਡੁਲ੍ਹੇ ਸੁਭਾ ਤੇ ਬੇਫਿਕਰ ਖਿਆਲਾਂ ਵਾਲਾ ਨਿੰਦਰ ਸਮੇਂ ਦੇ ਗੇੜ ਨੇ ਫਿਕਰਾਂ 'ਚ ਪਾ ਦਿੱਤਾ ਸੀ। ਪਿਛੇ ਮਾਪਿਆਂ ਦਾ ਫਿਕਰ, ਤੇ ਹਾਨਣ ਮਿੰਦੀ ਦੀ ਯਾਦ ਉਹਨੂੰ ਭੁੰਨਕੇ ਸੁਟ ਦਿੰਦੀ। ਉਹਦੇ ਵਿਆਹ ਹੋਏ ਨੂੰ ਅਜੇ ਛੇ ਕੁ ਮਹੀਨੇ ਹੀ ਹੋਏ ਸਨ ਜਦ ਉਹ ਕੈਨੇਡਾ ਨੂੰ ਆ ਗਿਆ ਸੀ। ਚੜ੍ਹਦੀ ਜੁਆਨੀ ਦੇ ਚਾਅ ਉਹਦੇ ਦਿਲ 'ਚ ਇਕ ਸੱਲ ਬਣਕੇ ਰਹਿ ਗਏ ਸਨ।

ਮਿੰਦੀ ਦੇ ਵਿਛੋੜੇ ਨੂੰ ਤਾਂ ਉਹ ਸਹਿ ਲੈਂਦਾ ਜੇ ਉਹਦਾ ਮਾਸੜ ਉਹਦੇ ਨਾਲ ਖੁਦਗਰਜ਼ੀ ਅਤੇ ਲਾਲਚ ਭਰਿਆ ਵਰਤਾਓ ਨਾ ਕਰਦਾ। ਜਿਦਣ ਦਾ ਉਹ ਕੈਨੇਡਾ ਆਇਆ ਸੀ ਉਹਦਾ ਉਸੇ ਦਿਨ ਤੋਂ ਸੁਖਾ ਸਿਉਂ ਨੇ ਖਰਚਾ ਲਿਖ ਲਿਆ ਸੀ, ਜੀਹਦੇ 'ਚ ਜਿੰਨਾ ਚਿਰ ਉਹ ਵਿਹਲਾ ਰਿਹਾ ਰੋਟੀ, ਸਿਰ ਮਨਾਉਣ ਤੇ ਦੇਸ਼ ਨੂੰ ਲਿਖੀਆਂ ਚਿੱਠੀਆਂ ਦੇ ਲਫਾਫਿਆਂ ਦਾ ਖਰਚ ਵੀ ਸ਼ਾਮਲ ਸੀ। ਜਦੋਂ ਉਹ ਦੇਸ਼ੋਂ ਆਇਆ ਸੀ ਤਾਂ ਉਸ ਕੋਲ 80 ਡਾਲਰ ਦੇ ਕਰੀਬ ਸਨ ਤੇ ਉਹਨੇ ਉਹ ਵੀ ਆਪਣੇ ਮਾਸੜ ਨੂੰ ਫੜਾ ਦਿੱਤੇ ਸਨ। ਕੰਮ ਤੇ ਲੱਗੇ ਤੋਂ ਬਾਅਦ ਛੇ ਕੁ ਮਹੀਨੇ ਉਹਦੀ ਚੈੱਕ ਵੀ ਸੁਖਾ ਸਿਉਂ ਹੀ ਫੜਦਾ ਰਿਹਾ ਸੀ। ਉਹਦੇ 'ਚੋਂ ਸੌ ਪੰਜਾਹ ਨਿੰਦਰ ਨੂੰ ਦੇ ਕੇ ਬਾਕੀ ਦੇ ਪੈਸੇ ਆਪ ਗੋਲ-ਮੋਲ ਕਰ ਲੈਂਦਾ। ਇਕ ਦਿਨ ਅਚਾਨਕ ਹੀ ਸੁਖਾ ਸਿਉਂ ਨੇ ਪੂਰੀ ਚੈੱਕ ਨਿੰਦਰ ਨੂੰ ਫੜਾ ਦਿੱਤੀ। ਉਹਨੇ ਸ਼ੁਕਰ ਕੀਤਾ ਚਲੋ ਐਨੇ ਨਾਲ ਹੀ ਖਹਿੜਾ ਛੁਟਾ, ਕਿਉਂਕਿ ਉਹ ਸਮਝ ਗਿਆ ਸੀ ਕਿ ਐਥੇ ਹੁਣ ਪੱਕਿਆਂ ਤਾਂ ਰਹਿ ਨਹੀਂ ਹੋਣਾ, ਜਿੰਨਾ ਚਿਰ ਪੈਸੇ ਕਮਾ ਹੁੰਦੇ ਆ ਕਮਾ ਕੇ ਤੇ ਦੇਸ਼ ਵਾਪਸ ਜਾਇਆ ਜਾਵੇ। ਸੁਖਾ ਸਿਉਂ ਨਿੰਦਰ ਤੋਂ ਹਰ ਵੇਲੇ ਸਾਰੇ ਪਾਸਿਓਂ ਲਾਭ ਉਠਾਉਣ ਦੀ ਤਾਕ 'ਚ ਰਹਿੰਦਾ, ਸ਼ਾਇਦ ਉਹਨੂੰ ਪਤਾ ਸੀ ਕਿ ਇਹ ਸਾਰਾ ਕੁਝ ਥੋੜਾ ਚਿਰ ਹੀ ਹੈ। ਇਕ ਦਿਨ ਨੇੜੇ ਦੀ ਲਾਂਡਰੀ ਦੀਆਂ ਮਸ਼ੀਨਾਂ ਤੇ ਕਪੜੇ ਧੋਣ ਗਿਆ ਤਾਂ ਸੁੱਖਾ ਸਿਉਂ ਨੇ ਵੀ ਆਪਣੇ ਕਪੜੇ ਫੜਾ ਦਿੱਤੇ, ਪੈਸੇ ਧੁਲਾਈ ਦੇ ਨਿਦੰਰ ਨੂੰ ਖਰਚਣੇ ਪਏ ਤੇ ਉਸੇ ਦਿਨ ਤੋਂ ਹੀ ਉਹ ਨਿੱਕੇ ਮੋਟੇ ਖਰਚੇ ਲਈ ਨਿੰਦਰ ਨੂੰ ਘੱਲ ਦਿੰਦਾ ਤੇ ਨਿੰਦਰ ਇਹਨਾਂ ਖਰਚਿਆ ਨੂੰ ਆਈ ਗਈ ਕਰ ਦਿੰਦਾ।

ਇਕ ਦਿਨ ਸ਼ਰਾਬ ਦੇ ਨਸ਼ੇ 'ਚ ਸੁਖਾ ਸਿਉਂ ਨੇ ਮੁੰਡੇ ਦਾ ਤਿਉ ਵਿਖਾਇਆ ਤੇ ਤੁਪਕਾ ਪਾ ਕੇ ਨਿੰਦਰ ਨੂੰ ਫੜਾਂਦਿਆਂ ਬੋਲਿਆ, 'ਫਿਕਰ ਨਾ ਕਰਿਆ ਕਰ ਬਹੁਤਾ ਜੁਆਨਾ। ਸਾਡੇ ਹੁੰਦਿਆਂ, ਹੋਰ ਨੀ! ਥੋੜੇ ਚਿਰ ਨੂੰ ਫਰੀ ਹੋ ਜਾਏਂਗਾ। ਵਥੇਰੇ ਵਿਜ਼ਟਰ ਆਏ ਹੋਏ ਆ ਇਥੇ ਆਪੇ ਸਾਲੀ ਗੌਰਮਿੰਟ ਫਰੀ ਕਰੂ'। 'ਪਰ ਮਾਸੜ ਜੀ ਮੈਂ ਤਾਂ ਅਖ-ਬਾਰ 'ਚ ਪੜ੍ਹਿਆ ਕਿ ਇਮੀਗਰੇਸ਼ਨ ਦਾ ਨਵਾਂ ਕਾਨੂੰਨ ਹੋਰ ਵੀ ਸਖਤ ਹੈ,' ਨਿੰਦਰ ਨੇ ਕਾਹਲ 'ਚ ਪੁਛਿਆ। 'ਐਵੇ ਭੌਂਕੀ ਜਾਂਦੇ ਆ ਸਾਰੇ, ਸਭ ਐਥੇ ਲੋਕਾਂ ਨੂੰ ਚਕਮੇ ਦਿੰਦੇ ਆ ਵੋਟਾਂ ਲੈਣ ਦੇ ਮਾਰੇ, ਮੈਂ ਐਥੇ ਦਸਾਂ ਸਾਲਾਂ ਦਾ ਰਹਿਨਾ ਮੈਨੂੰ ਪਤਾ ਐਥੋਂ ਦੀ ਗੌਰਮਿੰਟ ਦਾ।' ਨਿੰਦਰ ਸੁਖਾ ਸਿਉਂ ਦੀ ਗੱਲ ਸੁਣਕੇ ਚੁੱਪ ਹੋ ਗਿਆ ਤੇ ਦੋ ਕੁ ਦਿਨ ਪਹਿਲਾਂ ਰੇਡੀਓ ਤੇ ਸੁਣੀ ਖ਼ਬਰ ਬਾਰੇ ਸੋਚਣ ਲੱਗ ਪਿਆ। ਰੇਡੀਓ ਤੇ ਦੱਸਿਆ ਗਿਆ ਸੀ ਕਿ ਅੱਜ ਇੰਮੀਗਰੇਸ਼ਨ ਵਾਲਿਆਂ ਚਾਰ ਸੈਰ ਕਰਨ ਆਏ ਭਾਰਤੀਆਂ ਨੂੰ ਫਰਮਾਂ ਚੋਂ ਕੰਮ ਕਰਦਿਆਂ ਨੂੰ ਫੜਕੇ ਭਾਰਤ ਨੂੰ ਚਾੜ੍ਹ ਦਿੱਤਾ ਹੈ। ਸੁਖਾ ਸਿਉਂ ਨੇ ਨਿੰਦਰ ਦਾ ਮੋਢਾ ਥਾਪੜਦਿਆਂ ਕਿਹਾ, 'ਕੀ ਸੋਚਣ ਲੱਗ ਪਿਆ ਏਂ ਜੁਆਨਾ ਬਹੁਤਾ ਨਾ ਫਿਕਰ ਕਰਿਆ ਕਰ। ਮੈਂ ਦਿਖਾਊਂ ਤੈਨੂੰ ਫਰੀ ਕਰਾਕੇ, ਲੈ ਫੜ ਡਰਾਮ ਤੇ ਭੁੱਲ ਜਾ ਦੁਨੀਆ ਨੂੰ।' 'ਨਹੀਂ ਮਾਸੜ ਜੀ ਮੈਨੂੰ ਫਰੀ ਹੋਣ ਦਾ ਤਾਂ ਨੀ ਬਹੁਤਾ ਫਿਕਰ ਬੱਸ ਕਦੇ ਕਦੇ ਘਰਦਿਆਂ ਦਾ ਖਿਆਲ ਆ ਜਾਂਦੈ।' ਨਿੰਦਰ ਨੇ ਹੌਕਾ ਜੇਹੇ ਲੈਂਦੇ ਨੇ ਕਿਹਾ।

'ਓਏ ਕੋਈ ਨਾ ਘਰਦਿਆਂ ਦਾ ਨਾ ਬਹੁਤਾ ਫਿਕਰ ਕਰਿਆ ਕਰ, ਆਪੇ ਈ ਸਾਰੇ ਕੰਮ ਠੀਕ ਹੋ ਜਾਣੇ ਆ ਜਦੋਂ ਤੂੰ ਫਰੀ ਹੋ ਗਿਆ।' ਤੇ ਜਦ ਨਿੰਦਰ ਨੇ ਇਕ ਹੋਰ ਹਾੜਾ ਲਾ ਲਿਆ ਤੇ ਐਨੀ ਨਾਲ ਹੀ ਉਹ ਥੋੜੇ ਜੇਹੇ ਸਰੂਰ 'ਚ ਹੋ ਗਿਆ ਸੀ। ਉਹਦੇ ਮਾਸੜ ਨੇ ਮੌਕਾ ਤਾੜਦੇ ਨੇ ਕਿਹਾ, 'ਜੁਆਨਾ ਤੈਨੂੰ ਇਕ ਆਖਰੀ ਤਕਲੀਫ ਦੇਣ ਲੱਗਾਂ ਘਰ ਦੀ ਕਿਸ਼ਤ ਆਉਣ ਵਾਲੀ ਆ, ਜੇਹੜੇ ਮੇਰੇ ਕੋਲ ਪੈਸੇ ਸੀ ਉਹ ਮੈਂ ਤੇਰੀ ਮਾਸੀ ਨੂੰ ਭੇਜ ਦਿੱਤੇ। ਹੁਣ ਜੇ ਤੂੰ ਮੇਰੀ ਹੈਲਪ ਕਰੇਂ ਐਤਕਾਂ, ਤਾਂ ਕੰਮ ਠੀਕ ਹੋਣਾ ਨਹੀਂ ਫੇਰ ਮੈਨੂੰ ਲੋਨ ਚੁਕਣਾ ਪੈਣਾ।'

'ਲੋਨ ਕਾਹਤੋਂ ਚੁੱਕਣਾਂ ਮੈਂ ਦੇ ਦਊਂਗਾ ਕਿਸ਼ਤ ਐਤਕਾਂ,' ਨਿੰਦਰ ਦੀ ਐਨੀ ਗੱਲ ਸੁਣ ਕੇ ਸੁਖਾ ਸਿਉਂ ਦੀਆਂ ਵਾਗਾਂ ਫੁਲ ਗਈਆਂ, 'ਜਿਉਂਦਾ ਰਹੁ ਜੁਆਨਾਂ! ਚੰਗਾ ਹੁਣ ਇਉਂ ਕਰ ਚੈੱਕ ਹੁਣੇ ਹੀ ਬਣਾਦੇ 400 ਸੌ ਦੀ ਸਵੇਰੇ ਸਵਖਤੇ ਉਠਕੇ ਮੈਂ ਕਿਸ਼ਤ ਰੱਖ ਆਊਂਗਾ।' ਪਰ ਸਵੇਰੇ ਉਠਕੇ ਨਿੰਦਰ ਪਛਤਾਇਆ ਸੀ ਕਿ ਉਹ ਤਾਂ

ਮੈਂ ਘਰਦਿਆਂ ਨੂੰ ਭੇਜਣੇ ਸੀ, ਫੇਰ ਮਨ ਨੂੰ ਧਰਵਾਸ ਦੇ ਕੇ ਭੁੱਲ ਗਿਆ, ਚਲ ਆਉਂਦੇ ਮਹੀਨੇ ਨੂੰ ਭੇਜ ਦਿਆਂਗੇ ।

ਅੱਜ ਫੇਰ ਉਹਨੂੰ ਚੈੱਕ ਮਿਲੀ ਸੀ ਤੇ ਫੋਰਮੈਨ ਨੇ ਚੈੱਕ ਫੜਾਉਂ-ਦਿਆਂ ਉਸ ਨੂੰ ਕਿਹਾ ਸੀ, 'ਤੂੰ ਬੜਾ ਮਿਹਨਤੀ ਮੁੰਡਾ ਏ ਮੈਂ ਤੇਰੇ ਕੰਮ ਤੋਂ ਬਹੁਤ ਖੁਸ਼ ਹਾਂ ਤੇ ਛੇਤੀ ਹੀ ਤੈਨੂੰ ਨਵੀਂ ਜੌਬ ਤੇ ਲਾਵਾਂਗਾ ਜਿਥੇ ਤੇਰੇ ਪੈਸੇ ਵੀ ਜ਼ਿਆਦਾ ਹੋਣਗੇ ।' ਮਿੰਦਰ ਫੋਰਮੈਨ ਦੀ ਗੱਲ ਸੁਣਕੇ ਬਹੁਤ ਖੁਸ਼ ਹੋਇਆ ਤੇ ਕਾਹਲੀ ਕਾਹਲੀ ਮਾਸੜ ਨਾਲ ਕਾਰ 'ਚ ਆ ਕੇ ਬੈਠ ਗਿਆ, ਅਜੇ ਉਹ ਸੋਚਦਾ ਹੀ ਸੀ ਕਿ ਮਾਸੜ ਨੂੰ ਦੱਸੇ ਕਿ ਫੋਰਮੈਨ ਉਸਨੂੰ ਵਧੀਆ ਜੌਬ ਦੇ ਰਿਹਾ ਹੈ । ਪਰ ਸੁਖਾ ਸਿਉਂ ਨੇ ਗੱਡੀ ਤੋਰਦੇ ਨੇ ਕਿਹਾ, 'ਨਿੰਦਰਾ ਮੈਨੂੰ ਤਾਂ ਲੱਗਦਾ ਕਿਸੇ ਨੇ ਫੋਰਮੈਨ ਦੇ ਕੰਨ ਭਰੇ ਆ ਕਹਿੰਦਾ ਮੈਨੂੰ ਸਟੀਰੀਓ ਲੈ ਕੇ ਦੇ ਜੇ ਮੁੰਡਾ ਕੰਮ ਤੇ ਲਾਈ ਰੱਖਣਾ ਐ ਤਾਂ ।' ਨਿੰਦਰ ਕੁਝ ਨਾ ਬੋਲਿਆ ਤੇ ਹੈਰਾਨੀ ਜੇਹੀ ਦੇ ਭਾਵ 'ਚ ਮਾਸੜ ਵੱਲ ਵੇਖਣ ਲੱਗ ਪਿਆ । ਸੁਖਾ ਸਿਉਂ ਅੱਗੇ ਗੱਲ ਕਰਦਾ ਕਹਿਣ ਲੱਗਾ, 'ਪੰਜ ਕੁ ਸੌ ਦਾ ਆ ਜਾਊ ਚੰਗਾ ਸਟੀਰੀਓ, ਪਰੇ ਸਾਲੇ ਦਾ ਫਾਹਾ ਵੱਢਦੇ ਆਂ, ਤੂੰ ਪੰਜ ਸੌ ਮੈਨੂੰ ਦੇ ਦਈਂ ਮੈਂ ਆਪੇ ਸਾਲੇ ਦਾ ਮੂੰਹ ਬੰਦ ਕਰ ਦਊਂ ।' ਨਿੰਦਰ ਨੇ ਕੋਈ ਜੁਆਬ ਨਾ ਦਿੱਤਾ ।

ਘਰੇ ਆਉਂਦਿਆਂ ਸਾਰ ਹੀ ਨਿੰਦਰ ਬਿਨਾ ਹੱਥ ਮੂੰਹ ਧੋਤੇ ਤੋਂ ਆਪਣੇ ਕਮਰੇ 'ਚ ਜਾ ਬੈਠਾ । ਅੱਜ ਉਹ ਬਹੁਤ ਗੁੱਸੇ 'ਚ ਸੀ । ਕਿਉਂਕਿ ਫੋਰਮੈਨ ਨੇ ਤਾਂ ਉਹਦੀ ਸਲਾਹੁਤਾ ਕੀਤੀ ਸੀ ਤੇ ਮਾਸੜ ਝੂਠ-ਮੂਠ 'ਚ ਹੀ ਪੈਸੇ ਬਟੋਰਨ ਨੂੰ ਫਿਰਦਾ-ਸੀ । ਮਾਸੜ ਭੋਰਾ ਵੀ ਰਿਸ਼ਤੇਦਾਰੀ ਦਾ ਖਿਆਲ ਨਹੀਂ ਰੱਖਦਾ । ਕਿੰਨਾ ਲਾਲਚੀ ਹੋ ਗਿਆ ਏ । ਦੇਸ਼ ਚੰਗਾ ਭਲਾ ਹੁੰਦਾ ਸੀ ਤੇ ਕਿੰਨਾ ਤਿਉ ਕਰਦਾ ਸੀ, ਮੇਰਾ । ਕੈਨੇਡਾ ਨੇ ਉਸ ਨੂੰ ਪੂਰਾ ਹੀ ਬਦਲ ਦਿੱਤਾ ਢੇ । ਪਤਾ ਨਹੀਂ ਕਿਹੋ ਜੇਹੀ ਹਵਾ ਏ ਐਥੋਂ ਦੀ । ਇਹ ਐਨਾ ਕਮੀਨਾ ਕਿਉਂ ਹੋ ਗਿਆ ਏ । ਮੰਨਿਆ ਪੈਸਾ ਜ਼ਿੰਦਗੀ 'ਚ ਬਹੁਤ ਜ਼ਰੂਰੀ ਚੀਜ਼ ਏ ਪਰ ਸਭ ਕੁਝ ਤਾਂ ਨਹੀਂ । ਉਹ ਆਪਣੇ ਆਪ 'ਚ ਮਾਸੜ ਵਾਰੇ ਕਿਆਸ ਰਿਹਾ ਸੀ ਤੇ ਫੇਰ ਸੋਚਣ ਲੱਗ ਪਿਆ ਕਿ ਐਥੇ ਹੋਰ ਵੀ ਐਨੇ ਵਿਜ਼ਟਰ ਆਏ ਹੋਏ ਨੇ । ਕੀ ਸਾਰਿਆਂ ਨਾਲ ਹੀ ਮੇਰੇ ਵਰਗੀ ਹੁੰਦੀ ਹੋਊ । ਇਹਨਾਂ ਹੀ ਸੋਚਾਂ 'ਚ ਉਹ ਆਪਣੇ ਆਪ ਤੇ ਝੂਰ ਰਿਹਾ ਸੀ ਕਿ ਸਭ-ਕੁਝ ਜਾਣਦੇ ਹੋਏ ਵੀ ਮਾਸੜ ਜੋ ਕਰ ਰਿਹਾ।ਐਥੇ ਹੋਰ ਥੋੜੇ ਮੁੰਡੇ ਨੇ ਕਿਸੇ ਨੂੰ ਮਿਲ਼ਦਾ-ਜੁਲਦਾ ਤਾਂ ਕੋਈ ਚੰਗਾ ਦੋਸਤ ਮਿਲ ਜਾਂਦਾ । ਕਿਸੇ ਕੰਮ ਦੀ ਗੱਲ ਦਾ ਪਤਾ ਲੱਗਦਾ ।

ਐਨੇ ਨੂੰ ਸੁਖਾ ਸਿਉਂ ਦਰਵਾਜ਼ਾ ਖੋਲ੍ਹਕੇ ਅੰਦਰ ਆ ਵੜਿਆ ਤੇ ਕਹਿੰਦਾ, 'ਫੇਰ ਤੂੰ ਲਿਖ ਦੇਣੀ ਸੀ ਚੈੱਕ ।' ਨਿੰਦਰ ਨੇ ਉਸ ਵੱਲ ਕੋਈ ਧਿਆਨ ਨਾ ਦਿਤਾ ਤੇ ਕੰਧ ਤੇ ਲੱਗੀ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਵੱਲ ਵੇਖੀ ਗਿਆ । ਸੁਖਾ ਸਿਉਂ ਨੇ ਫੇਰ ਕੌਨ ਜੇਹੇ ਖੂਰਕਦੇ ਨੇ ਕਿਹਾ, 'ਕੀ ਗੱਲ ਇਰਾਦਾ ਨਹੀਂ ਬਣਦਾ ਵੇਖ ਲਾ ਜੇ ਮੁੰਡੇ ਕੰਮ ਤੇ ਜਾਣਾ ਤਾਂ ।' ਨਿੰਦਰ ਨੇ ਸੁਖਾ ਸਿਉਂ ਦੀ ਚਿਤਾਵਨੀ ਸੁਣਕੇ ਉਸ ਨਾਲ ਅੱਖਾਂ ਮਿਲਾਈਆਂ ਤਾਂ ਸੁਖਾ ਸਿਉਂ ਅੱਗਿਉਂ ਹੈਰਾਨ ਜੇਹਾ ਹੋ ਗਿਆ । ਨਿੰਦਰ ਉਠਿਆ ਤੇ ਲਿਵਿੰਗ-ਰੂਮ 'ਚ ਜਾ ਵੜਿਆ । ਸੁਖਾ ਸਿਉਂ ਨੂੰ ਜਾਣੀ ਅੱਗ ਲੱਗ ਗਈ ਤੇ ਗੁੱਸੇ 'ਚ ਭਰਿਆ ਬੋਲਿਆ, 'ਮੈਨੂੰ ਕੋਈ ਚੱਟੀ ਤਾਂ ਨੀ ਪਈ ਤੇਰੇ ਮਗਰ ਮਗਰ ਮਿਨਤਾਂ ਕਰਦਾ ਫਿਰਾਂ, ਇਕ ਤਾਂ ਸਾਲਿਆਂ ਖਾਤਰ ਐਨਾ ਕਰੋ ਤੇ ਉਤੋਂ ਨਹੋਰੇ ਸਹੋਂ ।' ਉਹਦੀ ਗੱਲ ਹਾਲੇ ਵਿਚੇ ਹੀ ਸੀ ਕਿ ਨਿੰਦਰ ਗੱਜਿਆ, 'ਚੋਰਿਆ ਬਕਵਾਸ ਬੰਦ ਕਰ ਮੈਂ ਤੇਰੀ ਰੱਗ ਰੱਗ ਤੋਂ ਵਾਕਿਫ ਹੋ ਗਿਆ ਹਾਂ ਡੇਢ ਸਾਲ ਹੋ ਗਿਆ ਮੈਨੂੰ ਉਂਗਲੀ ਤੇ ਨਚਾਈ ਫਿਰਦੇ ਨੂੰ, ਤੂੰ ਜੋ ਮੇਰੇ ਨਾਲ ਧੋਖੇ ਕੀਤੇ ਨੇ ਮੈਂ ਸਭ ਜਾਣਦਾਂ ।' 'ਕਿਹੜੇ ਧੋਖੇ ਕੀਤੇ ਨੇ ਓਏ ਤੇਰੇ ਨਾਲ,' ਕਹਿਕੇ ਸੁਖਾ ਸਿਉਂ ਨਿੰਦਰ ਦੇ ਥੱਪੜ ਮਾਰਨ ਹੀ ਲੱਗਾ ਸੀ ਕਿ ਨਿੰਦਰ ਨੇ ਉਸਦੀ ਬਾਂਹ ਫੜ ਲਈ ਤੇ ਦੂਜਾ ਹੱਥ ਸੁਖਾ ਸਿਉਂ ਦੀਆਂ ਰੱਗਾਂ 'ਚ ਦੇ ਲਿਆ, 'ਕਮੀਨਿਆਂ ਰੋਅਬ ਮਾਰਦਾ ਏ । ਬਥੇਰਾ ਚਿਰ ਮੈਂ ਤੈਥੋਂ ਦੱਬਕੇ ਰਿਹਾਂ, ਕੰਨ ਖੋਲ੍ਹਕੇ ਸੁਣ ਲੈ ਜੇ ਤੈਂ ਕੰਮ ਤੇ ਮੇਰੇ ਬਾਰੇ ਦੱਸਿਆ ਕਿਸੇ ਨੂੰ ਜਾਂ ਇੰਮੀਗਰੇਸ਼ਨ ਵਾਲਿਆਂ ਨੂੰ ਦੱਸਿਆਂ ਤਾਂ ਤੇਰੇ ਹੱਡ ਭੰਨਕੇ ਇਕ ਇਕ ਕਰ ਦਿਆਂਗਾ । ਨਾਲੇ ਮੇਰੇ ਨਾਲੋਂ ਜ਼ਿਆਦਾ ਕਸੂਰਵਾਰ ਤੂੰ ਏਂ ਜੀਹਨੇ ਮੈਨੂੰ ਚੋਰੀ ਛੁਪੇ ਰੱਖਕੇ ਕੰਮ ਤੇ ਲਵਾ-ਇਆ ਤੇ ਮੈਤੋਂ ਨਜਾਇਜ਼ ਪੈਸੇ ਲਏ । ਮੈਂ ਸਾਰਾ ਭਾਂਡਾ ਭੰਨੂ ਪੁਲੀਸ ਸਾਹਮਣੇ ਤੇ ਤੈਨੂੰ ਕਰਾਂਉਂ ਅੰਦਰ ।' ਇੰਨਾ ਕਹਿਕੇ ਉਹਨੇ ਸੁਖਾ ਸਿਉਂ ਨੂੰ ਵਗਾਹ ਕੇ ਖੂੰਜੇ 'ਚ ਮਾਰਿਆ ਤੇ ਆਪ ਕਮਰੇ 'ਚ ਜਾ ਕੇ ਸੂਟ ਕੇਸ 'ਚ ਕਪੜੇ ਪਾਉਣ ਲੱਗ ਪਿਆ ਤੇ ਨਾਲ ਕੰਮ ਕਰਦੇ ਜੀਤ ਨੂੰ ਫੂਨ ਮਾਰ ਲਿਆ । ਸੁਖਾ ਸਿਉਂ ਆ ਕੇ ਬੁਸਕਣ ਲੱਗਾ, 'ਤੈਂ ਮੇਰੇ ਨਾਲ ਬਖੇੜੀ ਕਰ ਲਈ ਤੇ ਹੁਣ ਕਿਧਰ ਨੂੰ ਜਾਂਦਾ ਏਂ, ਮੈਂ ਤੇਰੇ ਮਾਂ-ਪਿਓ ਨੂੰ ਕੀ ਮੂੰਹ ਵਖਾਊਂ । ਮੈਂ ਤੇਰਾ ਰਿਸ਼ਤੇਦਾਰ ਹਾਂ ਤੂੰ ਐਥੇ ਈ ਰਹੀ ਜਾ ਤੇ ਬੇਸ਼ਕ ਕਿਰਾਏ ਦੇ ਪੈਸੇ ਵੀ ਨਾ ਦੇਵੀਂ ।

'ਹੂੰ ਰਿਸ਼ਤੇਦਾਰ ! ਤੇਰੇ ਵਰਗੇ ਰਿਸ਼ਤੇਦਾਰ ਨੂੰ ਤਾਂ ਗੋਲੀ ਨਾਲ ਉਡਾ ਦੇਵੇ ।' ਕਹਿੰਦਾ ਹੋਇਆ ਨਿੰਦਰ ਸੂਟ ਕੇਸ ਚੁਕ ਕੇ ਦਰਾਂ ਤੋਂ ਬਾਹਰ ਹੋ ਗਿਆ । ੦

*[Vancouver, B.C.]*



ਸਫ਼ਾ 37 ਦੀ ਬਾਕੀ

ਪਿੱਟਦੀ ਹੋਊ, ਇਹਨੂੰ ਪਟਾਕਿਆਂ ਦੀ ਪਈਓ ਆ । ਬੰਦਾ ਕੋਈ ਕਬੀਲਦਾਰੀ ਦੀ ਗੱਲ ਕਰੇ ਕਿ...।'

'ਦਲੀਪ ਸਿੰਘ ਨੇ ਕਬੀਲਦਾਰੀ ਸੁਹਣੀ ਵੇਲੇ ਸਾਂਭ ਲਈ । ਬੜਾ ਖੁਰਾਂਟ ਨਿਕਲਿਆ । ਕਹਿੰਦਾ, ਜਦ ਮੁੰਡਾ ਕੁੜੀ ਰਾਜ਼ੀ, ਕੀ ਕਰੂਗਾ ਕਾਜ਼ੀ ।'

'ਤੁਹਾਡੇ ਢੱਫ ਕਿਉਂ ਪੈਂਦਾ ?'

'ਢੱਟ ਦੀ ਗੱਲ ਨਹੀਂ ਸਤਵੰਤੀਏ । ਜੇ ਦਲੀਪ ਸਿੰਘ ਨਾ ਮੰਨਦਾ ਤਾਂ ਇਸ ਕੁੜੀ ਨੇ ਆਪ ਭੱਜ ਜਾਣਾ ਸੀ ਕਿ...।'

'ਫ਼ਿਰ ਉਹੀ ਊਲ-ਜਲੂਲ, ਅਖੇ ਮੁਰਦਾ ਬੋਲੂ ਕੱਫਣ ਪਾੜੂ ।'

ਬਾਊ ਜੀ ਠਠੰਬਰ ਗਏ ।

'ਏਹ ਨੀਨੀ ਮੀਨੀ ਕਿਥੇ ਮਰ ਗਈ ? ਡੋਰ ਖੋਲ੍ਹ ।' ਬਾਊ ਜੀ ਨੇ ਕੜਕਵੀਂ ਆਵਾਜ਼ ਮਾਰੀ ।

ਦਰਵਾਜ਼ਾ ਨਾ ਖੁਲ੍ਹਿਆ ਤਾਂ ਠੁੱਡਾਂ ਮਾਰਨ ਲਗ ਪਏ ।

'ਕਾਹਨੂੰ ਵਿਚਾਰੀ ਦੀ ਨੀਂਦ ਖਰਾਬ ਕਰਦੇ ਓ, ਸੌਣ ਦਿਓ ।' ਬਾਊਆਣੀ ਬਰੜਾਈ, 'ਚਾਬੀ ਤੁਹਾਡੇ ਕੋਲ ਐ । ਅੱਧੀ ਰਾਤੀਂ ਊਧਮ ਮਚਾਇਆ ਹੋਇਐ, ਗਵਾਂਢੀ ਦੇਖਣਗੇ ਤਾਂ ਕੀ ਆਖਣਗੇ...।'

ਫੱਰਾਟੇ ਮਾਰਦਿਆਂ ਬਾਊ ਜੀ ਨੇ ਦਰਵਾਜ਼ਾ ਖੋਲ੍ਹਿਆ । ਦਗੜ ਦਗੜ ਕਰਦੇ ਸਿਧੇ ਨੀਨੀ ਦੇ ਰੂਮ ਵਿਚ ਗਏ ।

'ਕਮਜਾਤੇ ਤੈਨੂੰ ਐਨੀ ਨੀਂਦ...ਅਸੀਂ ਬਹਰ...।' ਗੁੱਸੇ ਵਿਚ ਉਨ੍ਹਾਂ ਰਜ਼ਾਈ ਪਰ੍ਹਾਂ ਵਗਾਹ ਮਾਰੀ ।

...ਵਿਚ ਕੋਈ ਹੁੰਦਾ ਤਾਂ ਜਵਾਬ ਦਿੰਦਾ । ੦

*[Calgary, Alberta]*

# ਟੈਕਸੀ ਡਰਾਈਵਰ

**ਬਖ਼ਤਾਵਰ ਸਿੰਘ ਸੰਧੂ**

ਪ੍ਰੀਤੂ ਦਸਾਂ ਬਾਰ੍ਹਾਂ ਵਰ੍ਹਿਆਂ ਤੋਂ ਕੈਨੇਡਾ ਰਹਿ ਰਿਹਾ ਸੀ । ਉਹ ਵੈਸਟਨ ਸਭਿਅਤਾ ਵਿਚ ਕਾਫੀ ਘੁਲ ਮਿਲ ਗਿਆ ਸੀ । ਉਹਨੂੰ ਚੇਤਾ ਭੁਲਦਾ ਜਾ ਰਿਹਾ ਸੀ ਕਿ ਕਦੀ ਉਹ ਕਿਸੇ ਹੋਰ ਦੇਸ਼ ਦਾ ਵਾਸੀ ਸੀ।

ਜਦੋਂ ਉਹਨੂੰ ਦੇਸੋਂ ਆਏ ਕਿਸੇ ਭਾਈਬੰਦ ਪਾਸੋਂ ਦੇਸ਼ ਦੀ ਤਰੱਕੀ ਬਾਰੇ ਪਤਾ ਲਗਦਾ ਤਾਂ ਉਹਦਾ ਦਿਲ ਲਹਿਰਾਉਣ ਲਗ ਪੈਂਦਾ । ਘਰ ਪਰਿਵਾਰ, ਵੱਟਾ-ਮਿਲ-ਉਹਨੂੰ ਇਕ ਝੰਜਟ ਜਿਹਾ ਲਗਦੇ । ਇਕ ਦੋ ਬਾਰ ਉਹਨੇ ਮੁਲਕ ਦੇਖਣ ਦਾ ਮਨ ਬਣਾਇਆ-ਕੋਈ ਨਾ ਕੋਈ ਰੋੜਾ ਰਾਹ ਵਿਚ ਅਟਕਦਾ ਰਿਹਾ ।

ਬੀਮਾਰ ਬਾਪੂ ਦੀ ਜਦੋਂ ਤਾਰ ਵਰਗੀ ਚਿੱਠੀ ਆਈ ਉਹਨੇ ਤੱਤ-ਫੱਟ ਸੀਟ ਬੁੱਕ ਕਰਵਾ ਲਈ । ਦੂਜੇ ਦਿਨ ਉਹ ਜਹਾਜ਼ੇ ਚੜ੍ਹ ਗਿਆ । ਪਾਲਮ ਏਅਰ ਪੋਰਟ ਉੱਤੇ ਪਹੁੰਚ ਕੇ ਵੀ ਉਹਦਾ ਮਨ ਉਡਾਰੀਆਂ ਲਾਈ ਜਾ ਰਿਹਾ ਸੀ । ਕੁੱਖੜ ਕਸਟਮ ਅਫਸਰਾਂ ਨਾਲ ਨਿੱਪਟ ਕੇ ਜਦੋਂ ਉਹ ਬਾਹਰ ਨਿਕਲਿਆ, ਟੈਕਸੀ ਡਰਾਈਵਰ ਉਹਦੇ ਉੱਤੇ ਇਉਂ ਟੁੱਟ ਪਏ ਜਿਉਂ ਦੁਸ਼ਮਣ ਉਤੇ ਫੌਜ । ਕੋਈ ਉਸਦਾ ਸੂਟ ਕੇਸ ਖਿੱਚਣ ਲਗਾ ਕੋਈ ਹੈਂਡ ਬੈਗ ।

"ਸਰਦਾਰ ਇਧਰ, ਸਰਦਾਰ ਉਧਰ" ਕਹਿੰਦੇ ਉਹ ਪ੍ਰੀਤੂ ਦੇ ਕਪੜੇ ਪਾੜਨ ਉਤਰੇ ਹੋਏ ਸਨ । ਬੁਖਲਾਇਆ ਹੋਇਆ ਪ੍ਰੀਤੂ ਇੱਧਰ ਉੱਧਰ ਝਾਕ ਰਿਹਾ ਸੀ ਕਿ ਇਕ ਗੋਲ ਮੋਲ ਜਿਹਾ ਅਧੇੜ ਉਮਰ ਪੰਜਾਬੀ ਉਹਨੂੰ ਇਉਂ ਆ ਬਹੁੜਿਆ ਜਿਉਂ ਧੰਨੇ ਭਗਤ ਨੂੰ ਰੱਬ । ਆਖਣ ਲੱਗਾ, "ਮੇਰਾ ਨਾਂ ਬੰਤਾ ਸਿੰਘ ਆ ਕਿਥੇ ਜਾਣੈ ਤੂੰ ਕਾਕਾ ?"

"ਪੰਜਾਬ" ਪ੍ਰੀਤੂ ਨੇ ਉੱਤਰ ਦਿੱਤਾ ।

"ਕਿਹੜੀ ਜਗ੍ਹਾ ਪੰਜਾਬ 'ਚ ?"

"ਮੋਗੇ ਲਾਗੇ ।"

"ਚਲ ਓਏ ਨੱਥੂ" ਡਰਾਈਵਰਾਂ ਚੋਂ ਇਕ ਨੂੰ ਅੱਖ ਦੇ ਇਸ਼ਾਰੇ ਨਾਲ ਕੋਲ ਬੁਲਾ ਕੇ ਬੰਤਾ ਸਿੰਘ ਆਖਣ ਲੱਗਾ, "ਰੱਖ ਸਮਾਨ ਪਿੱਛੇ, ਹੱਕ ਬੱਕੀ ਪੰਜਾਬ ਨੂੰ ।"

ਕਿਰਾਏ ਦੀ ਗੱਲ ਮੁਕਾ ਕੇ ਪ੍ਰੀਤੂ ਟੈਕਸੀ ਵਿਚ ਬਹਿ ਗਿਆ । ਮਿਰਜ਼ੇ ਦੀ ਬੱਕੀ ਭਾਵੇਂ ਅੱਡੀ ਲਾਇਆਂ ਹਵਾ ਹੋ ਜਾਂਦੀ ਸੀ । ਪਰ ਨੱਥੂ ਦੀ ਬੱਕੀ ਨੇ ਕਈ ਵਾਰ ਘੀਂ ਘੀਂ ਕਰਕੇ ਤੋਰ ਫੜੀ ।

ਹੁਣ ਇਹ ਬੱਕੀ ਦਿੱਲੀ ਦੀਆਂ ਗੁੱਛੇਦਾਰ ਸੜਕਾਂ ਨੂੰ ਪਿਛੇ ਛੱਡ ਜੀ. ਟੀ. ਰੋਡ ਉੱਤੇ ਪੈ ਗਈ ਸੀ । ਮੋਹਰਲੇ ਪਾਸਿਉਂ ਆਉਂਦੇ, ਬੱਸ ਜਾਂ ਟਰੱਕ ਜਦੋਂ ਕੋਲੋਂ ਦੀ ਲੰਘਦੇ ਤਾਂ ਨੱਥੂ ਦੀ ਬੱਕੀ ਡੋਲ ਜਾਂਦੀ । ਕਈ ਵਾਰ ਤਾਂ ਪ੍ਰੀਤੂ ਨੂੰ ਲਗਦਾ ਕਿ ਹੁਣ ਵੀ ਟੱਕਰ ਹੋਈ ਹੁਣ ਵੀ ਹੋਈ । ਅੰਬਾਲੇ ਅਤੇ ਕਰਨਾਲ ਦੇ ਵਿਚਾਲੇ ਪ੍ਰੀਤੂ ਨੇ ਦੋ ਟਰੱਕ ਅਤੇ ਇਕ ਕਾਰ ਖਤਾਨਾਂ ਵਿਚ ਡਿੱਗੇ ਹੋਏ ਦੇਖੇ, ਉਹ ਦਹਿਲ ਗਿਆ ।

ਨੱਥੂ 'ਬੋਲ ਰਾਧਾ ਬੋਲ' ਗਾਉਂਦਾ ਹੋਇਆ ਸਿਰ ਹਿਲਾਉਂਦਾ, ਸਟੇਅਰਿੰਗ ਘੁਮਾਉਂਦਾ ਕਾਰ ਨੂੰ ਕਦੀ ਸੜਕ ਦੇ ਇਕ ਬੰਨੇ ਲੈ ਜਾਂਦਾ ਕਦੀ ਦੂਜੇ ਬੰਨੇ । ਮੋਹਰਿਉਂ ਆਉਂਦੇ ਕਾਰਾਂ, ਟਰੱਕ ਵੀ ਇਵੇਂ ਹੀ ਸੱਪ ਵਾਂਗ ਮੇਹਲਦੇ ਆਉਂਦੇ ਜਾਪਦੇ । ਜਦੋਂ ਬਿਲਕੁਲ ਨਜ਼ਦੀਕ ਆ ਜਾਂਦੇ ਪਾਸਾ ਵੱਟ ਲੈਂਦੇ । ਪ੍ਰੀਤੂ ਘਬਰਾ ਜਾਂਦਾ । ਉਹਨੂੰ ਪ੍ਰੇਸ਼ਾਨੀ ਵਿਚ ਦੇਖ ਕੇ ਨੱਥੂ ਬੋਲਿਆ "ਸਰਦਾਰਾ ਸੁਣਿਆ ਵਲੈਤ ਕਨੇਡੇ 'ਚ ਤਾਂ ਕਾਰਾਂ ਈ ਬਹੁਤ ਐ, ਤੂੰ ਟਾਵੀਂ ਟਾਵੀਂ ਨੂੰ ਉੱਲਰ ਉੱਲਰ ਕੇ...

"ਕਮਲੀ ਦਿਆ ਮੈਂ ਕਾਰਾਂ ਨਹੀਂ ਦੇਖਦਾ, ਤੇਰੀਆਂ ਕਰਤੂਤਾਂ ਦੇਖਦਾਂ......।"

"ਮੈਂ ਦਸ ਸਾਲ ਕਲਕੱਤੇ ਟਰੱਕ ਚਲਾਇਆ । ਅੱਠ ਸਾਲ ਦੀਨੇ ਸ਼ਾਹ ਦਾ ਡਰਾਈਵਰ ਰਿਹਾ । ਹੁਣ ਜਦੋਂ ਦੀ ਬੀਬੀ ਇੰਦਰਾ ਉੱਤੇ ਆਈ ਆ ਇਥੇ ਦਿੱਲੀ 'ਚ ਹਾਂ ।"

"ਤੇਰੀ ਕਾਰ ਦੇ ਦੋਹੀਂ ਪਾਸੀ ਸ਼ੀਸ਼ੇ ਲੱਗੇ ਹੋਏ ਹਨ । ਇਨ੍ਹਾਂ ਵਲ ਤੂੰ ਇਕ ਵਾਰ ਵੀ ਨਹੀਂ ਝਾਕਿਆ ?"

"ਸਰਦਾਰ, ਬੰਤਾ ਸਿੰਘ ਨੇ, ਸਵੇਰੇ ਵਾਪਸ ਪਹੁੰਚਣ ਦੀ ਪੱਕੀ ਕਰ ਕੇ ਤੋਰਿਆ ਹੈ । ਕਾਹਲੀ ਨਾ ਹੋਵੇ ਤਾਂ ਸੱਜੇ ਸ਼ੀਸ਼ੇ ਨਾਲ ਸੱਜੀ ਖੱਬੇ ਨਾਲ ਖੱਬੀ ਮੁਛ ਨੂੰ ਵਟ ਚਾੜ੍ਹ ਕੇ ਕੰਡੇ 'ਚ ਰਖਦਾ ਹਾਂ । ਹੁਣ ਤਾਂ ਤੁਹਾਨੂੰ ਟਿਕਾਣੇ ਅਪੜਾਉਣ ਦੀ ਕਾਹਲੀ ਐ ਮੈਨੂੰ, ਮੁੜਦੀ ਵਾਰ ਸ਼ਾਇਦ......"

ਪ੍ਰੀਤੂ ਨੇ ਗੁੱਸੇ ਨੂੰ ਵਿਚੋ ਵਿਚ ਡੀਕ ਕੇ ਪੁਛਿਆ, "ਸੜਕ ਵਿਚਕਾਰ ਲੱਗੀ ਹੋਈ ਚਿੱਟੀ ਲਕੀਰ ਦਾ ਕੀ ਮਤਲਬ ਐ, ਨੱਥੂ ?"

"ਕਿਆ ਬਾਤਾਂ ਆਪਣੀ ਸਰਕਾਰ ਦੀਆਂ ਸਰਦਾਰ, ਅਜ ਕਲ ਸਾਰਾ ਜੋਰ ਸੜਕਾਂ ਨੂੰ ਸਜਾਉਣ ਤੇ ਲਾਇਆ ਹੋਇਆ ਐ ।"

"ਕਿਤਿਉਂ ਇਹ ਟੁੱਟਵੀਂ ਹੈ, ਕਿਤਿਓਂ ਸਾਬਤ ?"

"ਮਰਜ਼ੀ ਦੀ ਮਾਲਕ ਐ ਆਪਣੀ ਸਰਕਾਰ ਸੜਕ ਸਿੱਧੀ ਹੋਵੇ ਤਾਂ ਟੁੱਟਵਾਂ ਚੀਰ, ਵਿੰਗੀ ਹੋਵੇ ਤਾਂ ਸਾਬਤ ਚੀਰ, ਸ਼ੌਕਣ ਕੁੜੀਆਂ ਦੇ ਵਿੰਗੇ, ਚੀਰ ਸਿੱਧੇ ਚੀਰ ਵਾਲੀ ਗੱਲ ਐ ਸਰਦਾਰ, ਹੋਰ ਕੁੱਛ ਨਹੀਂ ।"

ਪ੍ਰੀਤੂ ਵਿਚੋ ਵਿਚ ਵਿਸ ਘੋਲੀ ਜਾ ਰਿਹਾ ਸੀ । ਉਹਦਾ ਜੀ ਕਰੇ ਕਿ ਇਥੇ ਹੀ ਟੈਕਸੀ ਰੁਕਵਾਂ ਲਵੇ । ਪਿੰਡ ਪਹੁੰਚਣ ਦਾ ਉਹਨੂੰ ਧੁੜਕੂ ਲੱਗਾ ਹੋਇਆ ਸੀ । ਉਹ ਅੱਖਾਂ ਮੀਟ ਕੇ ਵਕਤ ਲੰਘਾਉਣ ਦੀ ਕੋਸ਼ਿਸ਼ ਕਰਦਾ ਪਰ ਡਰਾਉਣੇ ਦ੍ਰਿਸ਼ਾਂ ਨਾਲ ਬੁਖਲਾ ਉਠਦਾ ।

ਇੰਨੇ ਨੂੰ ਇਕ ਟੁੱਟੜ ਜਿਹੀ ਫੀਅਟ ਧੂੜ ਉਡਾਉਂਦੀ ਅੱਗੇ ਲੰਘ ਗਈ । 'ਸਾਲਾ ਨੱਥੂ ਨੂੰ ਕੱਟ ਗਿਆ' ਨੱਥੂ ਨੇ ਆਪਣੀ ਬੱਕੀ ਦੇ ਅੱਡੀ ਲਾ ਦਿੱਤੀ । ਮਿਰਜ਼ੇ ਦੀ ਬੱਕੀ ਵਾਂਗ ਹੁਣ ਇਹ ਵੀ ਅਰਸ਼ੀ ਉਡਾਰੀਆਂ ਲਾਉਣ ਲੱਗੀ । ਪ੍ਰੀਤੂ ਨੇ ਮੁਹਰਲੀ ਸੀਟ ਨੂੰ ਘੁਟ ਕੇ ਫੜ ਲਿਆ ।

'ਆ ਪੁੱਤਰਾ, ਕੱਟ ਹੁਣ' ਫੀਅਟ ਵਾਲਾ ਕਾਫ਼ੀ ਪਿਛੇ ਰਹਿ ਗਿਆ । ਨੱਥੂ ਹੁਣ ਸੱਜੇ ਸ਼ੀਸ਼ੇ ਵਿਚ ਦੇਖ ਕੇ ਸੱਜੀ ਅਤੇ ਖੱਬੇ ਸ਼ੀਸ਼ੇ ਵਿਚ ਦੇਖ ਕੇ ਖੱਬੀ ਮੁਛ ਨੂੰ ਵੱਟ ਚਾੜ੍ਹ ਕੇ ਨਾਰੇ ਦੇ ਸਿੰਗਾਂ ਵਾਂਗ ਤਿੱਖੀਆਂ ਕਰ ਰਿਹਾ ਸੀ ।

"ਸਰਦਾਰ ਮੇਰੀ ਅਮਬੈਸਡਰ ਤਾਂ ਮਰਸਡੀ ਨੂੰ ਨਾ ਲਾਗੇ ਲੱਗਣ ਦੇਵੇ ਇਹ ਸਹੁਰੀ ਫੀਅਟ..."

ਨੱਥੂ ਦਾ ਮੂੰਹ ਅੱਡਿਆ ਰਹਿ ਗਿਆ, ਫੀਅਟ ਫੇਰ ਅੱਗੇ ਲੰਘ ਗਈ । ਨੱਥੂ ਹੁਣ ਕਿਲ੍ਹ ਕਿਲ੍ਹ ਉੱਲਰ ਰਿਹਾ ਸੀ । ਪਰ ਫੀਅਟ

ਡਾਹ ਨਹੀਂ ਸੀ ਦੇ ਰਹੀ।

ਜਦ ਥੋੜੇ ਚਿਰ ਬਾਅਦ ਉਹ ਫੇਰ ਫੀਅਟ ਦੇ ਬਰਾਬਰ ਪਹੁੰਚੇ ਤਾਂ ਉਸ ਉਪਰ ਲੱਗੀ ਕਿਸੇ ਮਨਿਸਟਰ ਦੀ ਝੰਡੀ (ਜਿਹੜੀ ਸ਼ਾਇਦ ਨੱਥੂ ਨੇ ਪਹਿਲਾਂ ਨਹੀਂ ਦੇਖੀ ਸੀ) ਦੇਖ ਕੇ ਉਹ ਇਕ ਦਮ ਦਹਿਲ ਗਿਆ ਤੇ ਬੜਬੜਾਇਆ, "ਮਾਰੇ ਗਏ ਸਰਦਾਰ, ਐਮਰਜੈਂਸੀ ਦਾ ਟੈਮ ਆ, ਜੇ ਸਾਲੇ ਮੇਰੇ ਨੂੰ ਗੁੱਸਾ ਆ ਗਿਆ ਤਾਂ ਬਿਨ ਪੁਛਿਓਂ ਅੰਦਰ ਧੱਕ ਦੇਣਗੇ।" ਡਰੇ ਹੋਏ ਨੱਥੂ ਨੇ ਮੋਹਰਿਓਂ ਆਉਂਦੇ ਟਰੱਕ ਤੋਂ ਬਚਾਉਣ ਲਈ ਇਕ ਦਮ ਸਟੇਅਰਿੰਗ ਵੱਟ ਕੇ ਬਾਰੇਕਾਂ ਮਾਰ ਦਿਤੀਆਂ। ਕਾਰ ਸੜਕ ਤੋਂ ਲਹਿ ਗਈ। ਪਿਛਲਾ ਪਾਸਾ ਥੜੀ ਜਿਹੀ ਵਿਚ ਲੱਗਾ। ਪ੍ਰੀਤੂ ਭੁੜਕ ਕੇ ਬਾਹਰ ਜਾ ਪਿਆ। ਕਾਰ ਟਾਹਲੀ ਵਿਚ ਵੱਜ ਕੇ ਢੱਲਾਂ ਨਾਲ ਘਿਸਰਦੀ ਹੋਈ ਖਤਾਨਾਂ ਵਿਚ ਜਾ ਡਿੱਗੀ।

*[Calgary, Alberta]*


**For your next car — See B.C.'s leading GM Salesman**

ਜੇਕਰ ਤੁਸੀਂ ਨਵੀਂ ਕਾਰ ਜਾਂ ਵੈਨ ਲੈਣ ਦੇ ਚਾਹਵਾਨ ਹੋ ਜਾਂ ਪੁਰਾਣੀ ਗੱਡੀ ਬਦਲਣਾ ਚਾਹੁੰਦੇ ਹੋ ਤਾਂ ਫੋਨ ਕਰੋ।



FOR NEW & USED CARS
G.M.C. TRUCKS

remember **Gurcharn Singh Grewal**



BUS: 291–2266
RES: 669–9391

**CARTER GM**
CARTER PONTIAC BUICK LTD.
4550 Lougheed Hwy. Burnaby B.C.



ਉਤਰੀ ਅਮਰੀਕਾ ਮਹਾਂਦੀਪ ਵਿਚ ਪੰਜਾਬੀ ਦਾ ਇਕੋ ਇਕ ਸਾਹਿੱਤਕ-ਸੱਭਿਆਚਾਰਕ ਮਾਸਿਕ




ਮੁਫ਼ਤਖੋਰੀ ਦੀ ਲਾਹਣਤ ਤਿਆਗਕੇ ਖੁਦ ਸਾਲਾਨਾ ਪਾਠਕ ਬਣੋ ਤੇ ਹੋਰਾਂ ਨੂੰ ਪਰੇਰੋ। ਨਮੂਨੇ ਦੇ ਪਰਚੇ ਲਈ ਸਾਨੂੰ ਲਿਖੋ। ਸਾਲਾਨਾ ਚੰਦਾ [illegible] ਡਾਲਰ ਤੇ ਛਿਮਾਹੀ ਚੰਦਾ [illegible] ਡਾਲਰ ਹੈ।

THE WATNO DŪR
P.O. BOX 67881 STN. "O"
VANCOUVER, B.C. V5W 3V2



**SHAKTI GIFT**

**6576 MAIN STREET, VANCOUVER, B.C.**

**Where you can get all types of Real and Artificial Jewellery and all types of oriental designs can be made!**

**SALE AND REPAIRS OF WATCHES**

Res. 327-8259 Bus. 321-6214

SPECIALIST IN EAST INDIAN JEWELLERY
GIFTWARE & REPAIRS



ਮੈਟਰੀਮੋਨੀਅਲ:-

ਇਕ 25 ਸਾਲਾ ਬੀ. ਏ. ਬੀ. ਟੀ. ਜੱਟ ਸਿੱਖ ਨੌਜਵਾਨ ਲਈ ਇਕ ਯੋਗ ਲੜਕੀ ਦੀ ਜ਼ਰੂਰਤ ਹੈ। ਚਾਹਵਾਨ ਸੱਜਣ ਹੋਰ ਜਾਣਕਾਰੀ ਲਈ ਇਸ ਪਤੇ ਤੇ ਖੱਤ ਲਿਖਣ:

BOX NO. 76814
POSTAL STATION "S"
VANCOUVER, B.C.

# ਜ਼ਮੀਰ

**ਸੁਖਵੰਤ ਹੁੰਦਲ**

ਕੁੱਝ ਦਿਨਾਂ ਤੋਂ ਸੱਤੀ ਚੁੱਪ ਜਿਹਾ ਰਹਿਣ ਲੱਗ ਪਿਆ ਸੀ। ਸਵੇਰੇ ਕੰਮ ਤੇ ਆਉਂਦਾ, ਰਸਮੀ ਜਿਹਾ ਹਾਲ ਚਾਲ ਪੁੱਛਦਾ ਤੇ ਬੱਸ। ਲੰਚ ਟਾਇਮ, ਕੌਫੀ ਟਾਇਮ ਵੇਲੇ ਬਾਕੀ ਸੱਤ ਲੰਚ ਰੂਮ 'ਚ ਗੱਪਾਂ ਮਾਰਦੇ। ਫੋਰਮੈਨ ਨੂੰ ਗਾਲ੍ਹਾਂ ਕੱਢਦੇ ਜਿਹੜਾ ਹਰ ਵੇਲੇ ਕਾਹਲੀ ਕਰਨ ਲਈ ਚੀਖਦਾ ਰਹਿੰਦਾ ਸੀ। ਤੇ ਨਾਲ ਕੰਮ ਕਰਦੀ ਗੋਰੀ ਕੁੜੀ ਦੇ ਸੁਨਹਿਰੀ ਵਾਲਾਂ, ਨੀਲੀਆਂ ਅੱਖਾਂ ਜਾਂ ਕਿ ਉਸਦੇ ਹਰ ਅੰਗ ਦੀਆਂ ਸਿਫਤਾਂ ਕਰਦੇ। ਹਿੰਦੁਸਤਾਨੀ ਅਤੇ ਕੈਨੇਡੀਅਨ ਸਿਆਸਤ ਬਾਰੇ ਬਹਿਸਾਂ ਕਰਦੇ ਪਰ ਉਹ ਇਕ ਪਾਸੇ ਬੈਠਾ ਚੁੱਪ ਚਾਪ ਆਪਣਾ ਲੰਚ ਕਰਦਾ ਤੇ ਕੁਝ ਸੋਚਦਾ ਰਹਿੰਦਾ। ਜੇ ਕੋਈ ਉਸਨੂੰ ਆਪਣੀਆਂ ਗੱਲਾਂ 'ਚ ਲਿਆਉਣਾ ਚਾਹੁੰਦਾ ਤਾਂ ਉਹ ਇਕ ਦੋ ਵਾਰ ਹੂੰ ਹਾਂ ਕਰਕੇ ਚੁੱਪ ਹੋ ਜਾਂਦਾ।

ਉਸਦੀ ਇਹ ਚੁੱਪ ਮੇਰੇ ਲਈ ਅਸਹਿ ਹੋ ਰਹੀ ਜਾਂਦੀ ਸੀ ਕਿਉਂਕਿ ਜਦੋਂ ਮੈਂ ਫੈਕਟਰੀ 'ਚ ਨਵਾਂ ਆਇਆ ਸੀ, ਸਭ ਤੋਂ ਬਹੁਤਾ ਉਸ ਤੋਂ ਹੀ ਪ੍ਰਭਾਵਿਤ ਹੋਇਆ ਸੀ। ਉਹ ਸਵੇਰੇ ਕੰਮ ਤੇ ਆਉਂਦੇ ਹਰ ਇਕ ਨੂੰ ਗੁਡਮੌਰਨਿੰਗ ਨਾਲ ਮਿਲਦਾ, ਕਿਸੇ ਨਾ ਕਿਸੇ ਦੇ ਚਿੱਟੀਂ ਲਾ ਜਾਂਦਾ। ਪਰ ਉਸ ਕਦੇ ਵੀ ਕਿਸੇ ਨੂੰ ਘਟੀਆ ਮਜ਼ਾਕ ਨਹੀਂ ਸੀ ਕੀਤਾ ਸ਼ਾਇਦ ਇਸ ਲਈ ਹੀ ਕੋਈ ਉਸਦਾ ਗੁੱਸਾ ਨਹੀਂ ਸੀ ਕਰਦਾ। ਲੰਚ ਸਮੇਂ ਹਰ ਕੋਈ ਉਸਦੇ ਨਾਲ ਬੈਠਣ ਦੀ ਕੋਸ਼ਿਸ਼ ਕਰਦਾ। ਜਦੋਂ ਵੀ ਉਹ ਕੋਈ ਗੱਲ ਕਰਦਾ ਲੰਚ ਰੂਮ 'ਚ ਕਹਿਕਹੇ ਗੂੰਜ ਉਠਦੇ। ਕੰਮ ਦਾ ਸਾਰਾ ਥਕੇਵਾਂ ਲਹਿ ਜਾਂਦਾ। ਕਿਸੇ ਵੀ ਬਹਿਸ ਦਾ ਆਖਰੀ ਫੈਸਲਾ ਉਸਦੇ ਹੱਥ ਹੁੰਦਾ। ਉਹ ਹਰ ਸੁਆਲ ਲਈ ਬੜੀਆਂ ਨਿੱਗਰ ਦਲੀਲਾਂ ਦਿੰਦਾ। ਕੰਮ ਬਾਰੇ ਉਸਦਾ ਖਿਆਲ ਮੈਨੂੰ ਬਹੁਤ ਪਸੰਦ ਸੀ। ਉਸ ਦਾ ਕਹਿਣਾ ਸੀ ਸਾਨੂੰ ਕੰਮ ਡੱਟਕੇ ਕਰਨਾ ਚਾਹੀਦਾ ਹੈ। ਕਿਸੇ ਨੂੰ ਵੀ ਉਏ ਕਹਿਣ ਦਾ ਮੌਕਾ ਨਹੀਂ ਦੇਣਾ ਚਾਹੀਦਾ। ਫੋਰਮੈਨਾਂ ਦੀ ਖੁਸ਼ਾਮਦ ਦਾ ਉਹ ਕੱਟੜ ਵਿਰੋਧੀ ਸੀ। ਕੰਮ ਕਰਦੇ ਹਾਂ ਪੈਸੇ ਲੈਂਦੇ ਹਾਂ, ਫੇਰ ਖੁਸ਼ਾਮਦ ਕਿਉਂ ਕਰੀਏ। ਬਾਕੀ ਵਰਕਰ ਕ੍ਰਿਸਮਿਸ ਤੇ ਫੋਰਮੈਨਾਂ ਨੂੰ ਮਹਿੰਗੇ ਤੋਹਫ਼ੇ ਲੈ ਕੇ ਦਿੰਦੇ ਪਰ ਉਸ ਨੇ ਕਦੇ ਕੁੱਝ ਨਹੀਂ ਸੀ ਦਿੱਤਾ। ਹਾਂ 'ਬੈਸਟ ਵਿਸ਼ਜ਼' ਦਾ ਕਾਰਡ ਜ਼ਰੂਰ ਪਾ ਦਿੰਦਾ, ਜਿਸ ਤਰ੍ਹਾਂ ਬਾਕੀ ਸਾਥੀ ਵਰਕਰਾਂ ਨੂੰ ਪਾਉਂਦਾ। ਉਹ ਕਹਿੰਦਾ ਅਸੀਂ ਆਪ ਲਈ ਨਿੱਕੀਆਂ ਨਿੱਕੀਆਂ ਚੀਜ਼ਾਂ ਦਾ ਸਰਫ਼ਾ ਕਰੀਏ ਤੇ ਫੋਰਮੈਨਾਂ ਨੂੰ ਕਰਜ਼ਾ ਚੁੱਕ ਕੇ ਸੌ-ਸੌ ਸੌ ਡਾਲਰ ਦੇ ਟੀ.ਵੀ. ਲੈ ਕੇ ਦੇਈਏ। ਕਿਉਂ?

ਹੁਣ ਉਸ ਦੀ ਧਾਰੀ ਚੁੱਪ ਮੈਨੂੰ ਕੰਡੇ ਵਾਂਗ ਰੜਕ ਰਹੀ ਸੀ। ਮੈਂ ਕਈ ਵਾਰ ਉਸਨੂੰ ਪੁੱਛਣ ਦੀ ਕੋਸ਼ਿਸ਼ ਕੀਤੀ ਪਰ ਹੀਆ ਨਾ ਕਰ ਸਕਿਆ। ਅੱਜ ਸ਼ਾਮ ਜਦੋਂ ਉਹ ਕੰਮ ਤੋਂ ਹਟ ਕੇ ਆਪਣੀ ਕਾਰ ਕੋਲ ਪਹੁੰਚਿਆ ਤਾਂ ਮੈਂ ਉਸਦੇ ਮੋਢੇ ਤੇ ਹੱਥ ਰੱਖ ਪੁੱਛਿਆ, "ਸੱਤੀ ਯਾਰ ਤੂੰ ਪਿਛਲੇ ਕੁੱਝ ਦਿਨਾਂ ਤੋਂ ਚੁੱਪ ਚਾਪ ਰਹਿੰਦਾਂ। ਕੀ ਗੱਲ ਹੈ"

"ਕੁੱਝ ਨਹੀਂ ਤੈਨੂੰ ਵਹਿਮ ਪਿਆ" ਉਸ ਨੇ ਜੁਆਬ ਦਿੱਤਾ।

"ਕੋਈ ਗੱਲ ਤਾਂ ਹੈ, ਤੂੰ ਕੁੱਝ ਦਿਨਾਂ ਤੋਂ ਪਹਿਲਾਂ ਵਾਂਗ ਨਹੀਂ ਰਿਹਾ। ਤੂੰ ਕਦੇ ਕਿਸੇ ਨਾਲ ਗੱਲ ਨਹੀਂ [illegible], ਕਿਸੇ ਨੂੰ ਮਖੌਲ ਨਹੀਂ ਕਰਦਾ। ਅਸੀਂ ਤਾਂ ਯਾਰ ਤੇਰੇ ਮਖੌਲਾਂ ਨੂੰ ਤਰਸ ਗਏ ਹਾਂ" ਮੈਂ ਕਿਹਾ

"ਜੋ ਆਪਣੀ 'ਜ਼ਮੀਰ' ਦਾ ਦੋਸ਼ੀ ਹੋਵੇ, ਉਹ ਕਿਸੇ ਨੂੰ ਮਖੌਲ ਕਰਦਾ ਚੰਗਾ ਲਗਦਾ" ਉਸ ਕਿਹਾ।

"ਸਾਫ਼ ਸਾਫ਼ ਦੱਸ ਮੈਨੂੰ ਨਹੀਂ ਤੇਰੀ ਫਿਲਾਸਫੀ ਸਮਝ ਆਉਂਦੀ"

"ਗੱਲ ਤਾਂ ਕੁੱਝ ਨਹੀਂ, ਤੈਨੂੰ ਪਤਾ ਹੀ ਹੈ ਕਿ ਪਿਛਲੇ ਹਫਤੇ ਫੈਕਟਰੀ 'ਚ ਕੰਮ ਘੱਟ ਹੋਣ ਕਰਕੇ 'ਲੇਅ ਆਫ' ਹੋਈ ਹੈ। ਲੇਅ ਆਫ ਤੋਂ ਇਕ ਦਿਨ ਪਹਿਲਾਂ ਜਦੋਂ ਮੈਂ 'ਲਿਕਰ ਸਟੋਰ' ਤੋਂ ਸ਼ਰਾਬ ਲੈ ਕੇ ਨਿਕਲਿਆ ਤਾਂ ਆਪਣਾ ਫੋਰਮੈਨ ਮਿਲ ਪਿਆ ਤੇ ਕਹਿਣ ਲੱਗਾ "ਤੈਨੂੰ ਪਤਾ ਹੈ ਫੈਕਟਰੀ 'ਚ 'ਲੇਅ ਆਫ' ਹੋਣ ਆਲੀ ਹੈ। ਜਿਸ 'ਚ ਤੇਰਾ ਵੀ ਨਾਂ ਹੈ"।

ਇਹ ਸੁਣ ਅਜੇ ਮੈਂ ਸੋਚਾਂ 'ਚ ਹੀ ਸੀ ਕਿ ਫੋਰਮੈਨ ਮੇਰੇ ਹੱਥਾਂ 'ਚ ਫੜੀ ਇਕ ਬੋਤਲ ਲੈ, ਸ਼ੈਤਾਨਾਂ ਵਾਂਗ ਮੁਸਕਰਾਂਦਾ ਤੇ ਇਹ ਕਹਿੰਦਾ ਚਲੇ ਗਿਆ, "ਤੂੰ ਫਿਕਰ ਨਾਂ ਕਰੀਂ, ਸਭ ਠੀਕ ਹੋ ਜਾਏਗਾ। ਉਸ ਸਮੇਂ ਤੋਂ ਮੈਨੂੰ ਇੰਝ ਲਗਦਾ ਕਿ ਮੈਂ ਫੋਰਮੈਨ ਨੂੰ ਬੋਤਲ ਦੇ ਕੇ ਆਪਣੀ ਜ਼ਮੀਰ ਦਾ ਦੋਸ਼ੀ ਬਣ ਗਿਆ ਹਾਂ। ○

(VANCOUVER. B.C.)

# ਮਿੱਟੀ ਦੇ ਖਿਡੌਣੇ

**ਬਲਰਾਜ ਸਿੱਧੂ**

ਕਈ ਵਾਰ ਮੈਨੂੰ ਰਾਤ ਬੜੀ ਬੁਰੀ ਲਗਦੀ ਹੈ ਤੇ ਮੇਰਾ ਜੀ ਕਰਦਾ ਹੈ ਕਿ ਕਦੇ ਉਹ ਮੈਨੂੰ ਟੱਕਰੇ ਤਾਂ ਕਹਾਂ ਕਿ ਉਹ ਕਿਉਂ ਆਉਂਦੀ ਹੈ ਆਪਣੇ ਕਾਲੇ ਨਕਸ਼ ਲੈ ਕੇ। ਮੈਨੂੰ ਕਿਉਂ ਸਮਾਂ ਦਿੰਦੀ ਹੈ ਕਿ ਮੈਂ ਤਾਰਿਆਂ ਭਰੇ ਅਸਮਾਨ ਦੀ ਬੁੱਕਲ 'ਚ ਬੈਠਕੇ ਕੁਝ ਨਾ ਕੁਝ ਸੋਚਾਂ, ਉਹਨਾਂ ਜ਼ਿੰਦਗੀ ਦੀਆਂ ਰਾਤਾਂ ਬਾਰੇ ਜਿਨ੍ਹਾਂ 'ਚ ਤੜਪ ਸੀ। ਹਨੇਰੇ 'ਚ ਇਕੱਲਾਪਣ ਮੈਨੂੰ ਤੜਪਾਉਂਦਾ ਹੈ ਅਤੇ ਪੁੰਗਰਦੀ ਉਮਰ ਦੇ ਗਿਲੇ ਸ਼ਿਕਵੇ ਅਤੇ ਯਾਦਾਂ ਮੈਨੂੰ ਕਿਸੇ ਉਚੇ ਪਹਾੜ ਦੀ ਖੱਡ ਵਿਚ ਡਿੱਗਣ ਵਾਂਗ ਸਮੇਟ ਲੈਂਦੀਆਂ ਹਨ। ਮੇਰਾ ਦਮ ਘੁੱਟਣ ਲਗਦਾ ਹੈ। ਫੇਰ ਮੈਨੂੰ ਬਚਪਨ ਬੜਾ ਹੀ ਪਿਆਰਾ ਲਗਦਾ ਹੈ ਜਦ ਮਿੱਠੂ ਟੁੱਟ ਜਾਂਦੇ ਸਨ ਤੇ ਬਣਾ ਲਏ ਜਾਂਦੇ ਸਨ।

ਹਾਏ ਉਹ-ਦਿਨ...ਜਦ ਮੈਂ ਤੇ ਉਹ ਛੱਪੜ ਕਿਨਾਰੇ ਮਿੱਟੀ ਦੇ ਖਿਡੌਣੇ ਬਣਾਉਂਦੇ ਸਾਂ। ਜਦੋਂ ਮੈਂ ਇਕ ਗੁੱਡੀ ਬਣਾਉਂਦਾ ਤਾਂ ਉਹ ਮੇਰੇ ਕੋਲ ਬੈਠੀ ਬਣੋ ਰਹੀ ਗੁੱਡੀ ਦੇ ਨਕਸ਼ਾਂ ਨੂੰ ਦੇਖਦੀ ਰਹਿੰਦੀ। ਮੈਂ ਮਿੱਟੀ ਦੀ ਗੁੱਡੀ ਦੀਆਂ ਅੱਖਾਂ ਬਣਾਉਂਦਾ, ਫਿਰ ਨੱਕ, ਮੂੰਹ ਅਤੇ ਜਦ ਉਸਦੀਆਂ ਲੱਤਾਂ ਤੇ ਬਾਹਾਂ ਲਾ ਦੇਂਦਾ ਤਾਂ ਉਹ ਬੜੀ ਹੀ ਸੁਹਣੀ ਲਗਦੀ। ਉਹ ਮੇਰੇ ਕੋਲ ਬੈਠੀ ਅੱਖਾਂ ਬੰਦ ਕਰ ਲੈਂਦੀ ਤੇ ਇਹ ਕਹਿਕੇ ਘਰ ਦੌੜ ਜਾਂਦੀ, 'ਹਾਏ ਸ਼ਰਮ ਨਹੀਂ ਆਉਂਦੀ, ਇਹ ਤੇ ਨੰਗੀ ਏ।' ਮੈਂ ਉਹਦੀ ਇਹ ਗੱਲ ਸੁਣਕੇ ਗੁੱਡੀ ਨੂੰ ਉਥੇ ਸੁੱਟ ਮਾਂ ਕੋਲੇ ਰੋਂਦਾ ਰੋਂਦਾ ਜਾਂਦਾ ਤੇ ਕਹਿੰਦਾ, 'ਮਾਂ ਮੇਰੀ ਨਿੱਕਰ ਸਾਰੀ ਪਾਟੀ ਹੋਈ ਹੈ, ਉਸ ਮਿੱਟੀ ਦੀ ਗੁੱਡੀ ਨੇ ਮੈਨੂੰ ਨੰਗਾ ਹੁੰਦਾ ਦੇਖ ਲਿਆ।'

'ਕੁਝ ਨਹੀਂ ਵੇ ਦੀਂਹਦਾ ਤੇਰਾ, ਤੇਰੇ ਵਰਗੇ ਜੁਆਕ ਤਾਂ ਨੰਗ ਧੜੰਗੇ ਫਿਰਦੇ ਰਹਿੰਦੇ ਐ। ਨਾਲੇ ਮਿੱਟੀ ਦੇ ਖਿਡੌਣਿਆਂ 'ਚ ਕਿਹੜਾ ਜਾਨ ਹੁੰਦੀ ਹੈ, ਇਹ ਕਿਤੇ ਬੋਲਦੇ ਐ। ਜਾ ਪਾਗਲ ਨਾ ਹੋਵੇ ਤਾਂ।' ਮਾਂ ਦੇ ਕਹੇ ਬੋਲਾਂ ਨੂੰ ਸੁਣਕੇ ਮੈਂ ਬਿਨਾਂ ਕੋਈ ਧਿਆਨ ਦਿਤਿਆਂ ਫਿਰ ਪਹੁੰਚ ਜਾਂਦਾ ਉਸੇ ਹੀ ਥਾਂ ਤੇ ਮਿੱਟੀ ਦੇ ਪਟਾਕਿਆਂ ਦੇ ਸ਼ੋਰ ਵਿਚ ਮਿਲ ਜਾਂਦਾ।

ਫਿਰ ਉਹ ਦਿਨ ਤਾਂ ਕਿੰਨੇ ਹੀ ਚੰਗੇ ਸਨ ਜਦ ਬਸਤੇ ਸਿੱਟ ਅਸੀਂ ਤੇਲੀਆਂ ਵਾਲੇ ਘਰ ਲੁਕਣ ਮੀਚਾਂ ਖੇਡਦੇ ਹੁੰਦੇ ਸਾਂ। ਜਦ ਉਹਦੀ ਢੂਹਣ ਦੀ ਵਾਰੀ ਆਉਂਦੀ ਤਾਂ ਪਤਾ ਨਹੀਂ ਕਿਉਂ ਉਹਦੇ ਤੇ ਤਰਸ ਜਿਹਾ ਆ ਜਾਂਦਾ ਤੇ ਮੈਂ ਉਹਦੇ ਪੁੱਛੇ ਵਗੈਰ ਹੀ ਉਹਦੀ ਵਾਰੀ ਦੇ ਦਿੰਦਾ ਤੇ ਉਹ ਇਸਦਾ ਇਵਜ਼ਾਨਾ ਮੇਰੀ ਫੱਟੀ ਲਿਖਕੇ ਪੂਰਾ ਕਰ ਦਿੰਦੀ ਸੀ। ਪੜ੍ਹਨ ਵਿਚ ਉਹ ਜਿੰਨੀ ਹੁਸ਼ਿਆਰ ਸੀ, ਗੱਲ ਸਮਝਣ ਵਿਚ ਉਹ ਓਨੀ ਹੀ ਬੁੱਧੂ ਵੀ ਸੀ। ਇਹ ਉਸ ਸਮੇਂ ਦੀ ਗੱਲ ਹੈ ਜਦ ਮੇਰੇ ਤੇ ਰੋਜ਼ ਹੀ ਮਾਸਟਰ ਦੀਆਂ ਚਪੇੜਾਂ ਦੀ ਬੁਛਾੜ ਹੁੰਦੀ ਸੀ ਤੇ ਉਹ ਕੰਨ ਮਰੋੜਦਾ ਕਹਿੰਦਾ ਹੁੰਦਾ ਸੀ, 'ਓ ਜੱਟਾਂ ਦੇ ਮੁੰਡੇ ਤਾਂ ਮੱਝਾਂ ਹੀ ਚਾਰਦੇ ਹੁੰਦੇ ਐ ਤੇ ਤੂੰ ਕਿਥੋਂ ਪੁੱਠਾ ਪੰਗਾ ਲੈ ਲਿਆ ਹੈ ਇਹ।'

ਮੈਨੂੰ ਮਾਸਟਰ ਦੀ ਕੋਈ ਵੀ ਗੱਲ ਸਮਝ ਨਾ ਆਉਂਦੀ। ਇਕ ਦਿਨ ਮੈਂ ਉਹਦੀ ਕਾਪੀ ਚੋਰੀ ਕੱਢੀ ਤੇ ਮਾਸਟਰ ਨੂੰ ਦਿਖਾ ਕੇ ਮਾਰ ਤੋਂ ਬਚਾ ਕਰ ਲਿਆ। ਪਰ ਜਦ ਉਹਦੀ ਵਾਰੀ ਆਈ ਤੇ ਉਹਨੇ ਖੜ ਕੇ ਕਹਿ ਦਿਤਾ ਕਿ ਮੇਰੀ ਕਾਪੀ ਚੋਰੀ ਹੋ ਗਈ ਹੈ। ਮੈਂ ਬਹੁਤ ਹੱਥ ਜੋੜੇ ਪਰ ਉਸਨੂੰ ਸਮਝ ਨਾ ਆਈ। ਤਲਾਸ਼ੀ ਲਈ ਕਾਪੀ ਮੇਰੇ ਕੋਲੋਂ ਨਿਕਲਣ ਤੇ ਮਾਸਟਰ ਕੋਲੋਂ ਮੇਰਾ ਮਾਰ ਖਾਣ ਦਾ ਵੀ ਉਹ ਆਖ਼ਰੀ ਦਿਨ ਸੀ ਤੇ ਕੁੜੀਆਂ ਤੇ ਉਹਦੇ ਸੰਗ ਬੈਠ ਕੇ ਪੜ੍ਹਨ ਦਾ ਵੀ ਆਖ਼ਰੀ ਦਿਨ। ਜਦੋਂ ਮੈਂ ਰੋਂਦਾ ਘਰ ਆ ਰਿਹਾ ਸਾਂ ਤਾਂ ਉਹਨੇ ਮੇਰੇ ਭੋਲੇ ਜਿਹੇ ਚਿਹਰੇ ਤੋਂ ਡਿੱਗ ਰਹੇ ਹੰਝੂਆਂ ਨੂੰ ਪੂੰਝਿਆ ਤੇ ਬੋਲੀ, 'ਮੈਂ ਅੱਗੇ ਤੋਂ ਕਦੀ ਨਹੀਂ ਦਸਾਂਗੀ।' ਸ਼ਾਇਦ ਉਹ ਸੋਚ ਰਹੀ ਸੀ ਕਿ ਮੇਰੇ ਮਾਰ ਉਹਦੇ ਕਰਕੇ ਹੀ ਪਈ ਸੀ।

ਘੰਟਾ ਹੀ ਮਸਾਂ ਬੀਤਦਾ ਫਿਰ ਬੂਹੀ 'ਤੇ ਪਈਆਂ ਅਤੇ ਲਾਡ ਹੋਈਆਂ ਗੱਲ੍ਹਾਂ ਭੁੱਲ ਜਾਂਦੀਆਂ ਤੇ ਛੱਪੜ ਕਿਨਾਰੇ ਫੇਰ ਖੇਡਾਂ ਬਣਾਣ ਲਗ ਜਾਂਦੇ। ਹੁਣ ਜਿਵੇਂ ਅਸੀਂ ਵੱਡੇ ਹੋ ਰਹੇ ਸਾਂ ਉਵੇਂ ਹੀ ਖਿਡੌਣਿਆਂ ਦੇ ਅਕਾਰ ਵੀ ਵਧਦੇ ਜਾ ਰਹੇ ਸਨ ਤੇ ਇਕ ਰੋਜ਼ ਖਿਡੌਣੇ ਬਹੁਤ ਹੀ ਵੱਡੇ ਹੋ ਗਏ। ਏਨੇ ਵੱਡੇ ਹੋ ਗਏ ਕਿ ਖਿਡੌਣਾ ਖਿਡੌਣੇ ਨੂੰ ਦੇਖਕੇ ਸ਼ਰਮਾ ਜਾਂਦਾ ਅਤੇ ਫਿਰ ਇਹਨਾਂ ਮਿੱਟੀ ਦੇ ਖਿਡੌਣਿਆਂ ਚੋਂ ਮਹਿਕ ਆਉਣ ਲਗ ਪਈ।

ਮੈਂ ਹੱਥ 'ਚ ਫੜੀ ਗੇਂਦ ਲਈ ਬਾਹਰ ਖੂੰਢ ਤੇ ਬੈਠਾ ਰਹਿੰਦਾ ਪਰ ਨਾ ਹੁਣ ਮਿੱਠੂ ਹੀ ਟੁੱਟਦਾ ਸੀ ਤੇ ਨਾ ਹੀ ਕੋਈ ਬਨਾਉਣ ਵਾਲਾ ਸੀ। ਕਦੇ ਕਦੇ ਦਿਲ ਕਰਦਾ ਕਿ ਮੈਂ ਮਿੱਠੂ ਨੂੰ ਤੋੜ ਕੇ ਫਿਰ ਬਣਾਵਾਂ। ਫਿਰ ਸੂਰਜ ਦੀ ਧੁੱਪ ਵੀ ਅਤੇ ਚਿੜੀਆਂ ਦੀ ਚਹਿਕ ਮਹਿਕ ਵੀ।

ਫਿਰ ਉਹ ਉਹਨਾਂ ਰੁੱਖਾਂ ਵਾਂਗ ਵਧਣ ਲਗੀ ਜਿਨ੍ਹਾਂ ਦੀ ਰਾਖੀ ਹੋਵੇ। ਜਿਨ੍ਹਾਂ ਦੇ ਦੁਆਲੇ ਕੰਡਿਆਲੀਆਂ ਵਾੜਾਂ ਲਾ ਬਚਾਇਆ ਜਾਵੇ ਪਰ ਮਹਿਕ ਦੀਆਂ ਲਪਟਾਂ ਨੂੰ ਕੌਣ ਰੋਕੇ। ਫਿਰ ਉਹੀ ਵਾਅਦੇ ਜੋ ਅੱਲ੍ਹੜ ਜਵਾਨੀ ਹੁੰਦੇ ਨੇ ਤੇ ਭਰ ਜਵਾਨੀ 'ਚ ਕੁੜੱਤਣ ਬਣ ਜਾਂਦੇ ਨੇ, ਉਹੀ ਯਾਦਾਂ ਤੇ ਕਸਮਾਂ ਜੋ ਸੁਪਨਿਆਂ ਦੀ ਸੀਮਾਂ ਹੁੰਦੀਆਂ ਨੇ ਤੇ ਜੋ ਬੁਢਾਪੇ ਵਿਚ ਝੋਰਾ ਬਣਕੇ ਖਾ ਜਾਂਦੀਆਂ ਨੇ ਤੇ ਉਹੀ ਚਾਵਾਂ ਨਾਲ ਤਰਾਸ਼ਿਆ ਹੋਇਆ ਚਿਹਰਾ ਜੋ ਕਦੇ ਅੱਖਾਂ ਦੀ ਬੇਚੈਨੀ ਵੀ ਬਣ ਸਕਦਾ ਹੈ ਅਤੇ ਬੁਲ੍ਹੀਆਂ ਦੀ ਖ਼ਾਮੋਸ਼ੀ ਵੀ।

ਉਹ ਦਿਨ ਬੜੀ ਖੁਸ਼ੀ ਦੇ ਦਿਨ ਹੁੰਦੇ ਨੇ ਜਦੋਂ ਬੀਆਬਾਨ 'ਚ ਖੜੇ ਰੁੱਖ ਤੇ ਚਿੜੀਆਂ ਆ ਚਹਿਚਹਾਉਂਦੀਆਂ ਨੇ ਤੇ ਉਹ ਰਾਤਾਂ ਬੜੀਆਂ ਗ਼ਮਗੀਨ ਹੁੰਦੀਆਂ ਨੇ ਜਦ ਚਿੜੀਆਂ ਉਸ ਦਰਖ਼ਤ ਨੂੰ ਇਕੱਲਿਆਂ ਛੱਡ ਕਿਸੇ ਹੋਰ ਦਰਖ਼ਤ ਦੀ ਛਾਂ ਹੇਠ ਜਾ ਬਹਿੰਦੀਆਂ ਨੇ। ਉਸ ਦਰਖ਼ਤ ਦੇ ਹੰਝੂ, ਦਿਲਾਂ ਦੇ ਦਰਦ, ਵਿਛੋੜੇ ਦੀਆਂ ਰਾਤਾਂ ਤੇ ਤਪਦੀ ਹਰ ਦੁਪਹਿਰ...ਹਾਏ। ਇੰਜ ਸੋਚਦਿਆਂ ਮੇਰੀ ਰਾਤ ਗੁਜ਼ਰ ਜਾਂਦੀ ਹੈ।

ਆਉਂਦੀ ਸਵੇਰ ਮੈਂ ਫਿਰ ਮਿੱਟੀ ਦੀ ਇਕ ਗੁਡੀ ਬਨਾਉਣ ਲਗਦਾ ਹਾਂ ਤੇ ਮੈਨੂੰ ਇੰਜ ਲਗਦਾ ਹੈ ਜਿਵੇਂ ਇਸ ਵਾਰ ਇਸ ਗੁੱਡੀ ਦੇ ਨਕਸ਼ ਉਹਦੀ ਪਸੰਦ ਦੇ ਬਣਾਵਾਂਗਾ। ਅੱਜ ਉਹਨੂੰ ਨੰਗੀ ਹੀ ਰੱਖਕੇ ਸ਼ਰਮਿੰਦਾ ਕਰਾਂਗਾ ਤੇ ਫੇਰ ਪੁਛਾਂਗਾ, 'ਇਹ ਸਚਾ ਕਿਹੜੇ ਜਨਮਾਂ ਦੀ ਹੈ।' ਪਰ ਮਾਂ ਕਹਿੰਦੀ ਸੀ ਕਿ 'ਮਿੱਟੀ ਦੇ ਖਿਡੌਣੇ ਬੋਲਦੇ ਨਹੀਂ', ਇਹਨਾਂ ਵਿਚ ਜਾਨ ਨਹੀਂ 'ਹੁੰਦੀ' ਤਾਂ ਮੈਨੂੰ ਲਗਦਾ ਹੈ ਕਿ ਮੈਂ ਸੱਚੀਂ ਮੁੱਚੀਂ ਪਾਗਲ ਹਾਂ।

*[Port, Alberny]*

# ਇੱਜ਼ਤ

## ਤੇਜ ਸੰਧੂ ਕੁਨੈਲ

ਕਨੇਡਾ ਪਹੁੰਚਣ ਵੇਲੇ ਉਸ ਨੂੰ ਏਜੰਟ ਤੇ ਬਹੁਤ ਗੁੱਸਾ ਆਇਆ ਕਿ ਉਹ ਤਾਂ ਕਹਿੰਦਾ ਸੀ ਪੱਕਾ ਕਰਾਵਾਂਗੇ। ਪਰ ਇਥੇ ਕੋਈ ਸਾਲਾ ਏਜੰਟ ਦਾ ਦੂਜਾ ਬੰਦਾ ਹੀ ਕੋਈ ਨਹੀਂ ਮਿਲਿਆ। ਅਖੀਰ ਕਾਫੀ ਖੱਜਲ ਖੁਆਰੀ ਪਿਛੋਂ ਉਸਦਾ ਕੇਸ ਅਪੀਲ ਵਿੱਚ ਪੈ ਗਿਆ। ਅਤੇ ਕਿਤੇ ਦੋ ਸਾਲੀਂ ਜਾ ਕੇ ਉਸਦੇ ਸਟੇਂਪ ਲੱਗੀ। ਇਨ੍ਹਾਂ ਦੋ ਸਾਲਾਂ ਵਿੱਚ ਉਸਨੇ ਤਕਰੀਬਨ ਸਾਰੇ ਪੈਸੇ ਲਾਹ ਦਿਤੇ ਸਨ। ਇਸੇ ਤਰ੍ਹਾਂ ਹੀ ਮਿਲ ਦਾ ਘੁੱਗੂ ਚਾਰ-ਪੰਜ ਸਾਲ ਉਸਦੇ ਕੰਨਾਂ ਵਿੱਚ ਵੱਜਦਾ ਰਿਹਾ। ਜਦ ਉਸਨੂੰ ਰੋਟੀ ਆਪ ਪਕਾਉਣੀ ਪੈਂਦੀ ਤਾਂ ਕਾਫੀ ਤਕਲੀਫ ਮਹਿਸੂਸ ਕਰਦਾ। ਕਦੇ-ਕਦੇ ਆਪਣੇ ਗੁਆਂਢੀ ਵੱਲ ਦੇਖ ਕੇ ਸੋਚਦਾ ਕਿ ਕੰਜਰ ਦੇ ਪੁੱਤ ਨੂੰ ਦੇਖਣ ਲਈ ਰੂਹ ਨਹੀਂ ਕਰਦੀ, ਤੀਵੀਂ ਲਗਰ ਵਰਗੀ ਦੇਸੋਂ ਮੰਗਵਾ ਲਈ ਹੈ। ਬਿੱਲੂ ਇਹੋ ਹੀ ਸੋਚਦਾ ਕਿ ਮੇਰੇ ਵਿੱਚ ਤਾਂ ਗੁਆਂਢੀ ਵਾਂਗ ਕੋਈ ਵੱਜ ਵੀ ਨਹੀਂ ਹੈ ਸਿਰਫ ਦੋ ਉਂਗਲਾਂ ਹੀ ਕੱਟੀਆਂ ਹਨ। ਉਸੇ ਮੌਕੇ ਉਸਨੂੰ ਆਪਣਾ ਬਚਪਨ ਚੇਤੇ ਆ ਜਾਂਦਾ ਕਿ ਕਿਸ ਤਰ੍ਹਾਂ ਇਕ ਵਾਰੀ ਪੱਠੇ ਕੁਤਰਦੇ ਤੋਂ ਉਸਦੀਆਂ ਦੋ ਉਂਗਲਾਂ ਮਸ਼ੀਨ ਵਿੱਚ ਆ ਗਈਆਂ ਸਨ।

ਇਕ ਦਿਨ ਉਸਨੂੰ ਦੇਸੋਂ ਚਿੱਠੀ ਆਈ ਕਿ ਤੇਰਾ ਬਾਪੂ ਬਹੁਤ ਢਿੱਲਾ ਹੈ। ਜੇ ਤੂੰ ਛੇਤੀ ਆ ਜਾਵੇਂ ਤਾਂ ਉਹ ਜਿਉਂਦਾ ਜਿਉਂਦਾ ਤੇਰਾ ਵਿਆਹ ਦੇਖਣਾ ਚਾਹੁੰਦਾ ਹੈ। ਜਿਸ ਦਿਨ ਬਿੱਲੂ ਨੂੰ ਚਿੱਠੀ ਮਿਲੀ,ਉਸ ਦਿਨ ਉਸਨੇ ਕੁਝ ਵੀ ਖਾਧਾ ਪੀਤਾ ਨਹੀਂ। ਉਸਨੇ ਇਕ ਹਫਤੇ ਵਿੱਚ ਹੀ ਦੇਸ਼ ਜਾਣ ਦੀ ਤਿਆਰੀ ਕਰ ਲਈ।

ਜਿਸ ਦਿਨ ਉਹ ਆਪਣੇ ਪਿੰਡ ਪਹੁੰਚ ਗਿਆ ਉਸ ਮੌਕੇ, ਉਸਦੇ ਬਾਪੂ ਦੀ ਹਾਲਤ ਕਾਫੀ ਖਰਾਬ ਸੀ। ਪਰ ਦਿਨ ਬਦਿਨ ਇਲਾਜ ਕਰਾਉਣ ਨਾਲ ਉਸਦੇ ਬਾਪੂ ਦੀ ਸਿਹਤ ਬਿਲਕੁਲ ਠੀਕ ਹੋ ਗਈ। ਬਿੱਲੂ ਨੇ ਘੁੰਮਣ ਫਿਰਣ ਲਈ ਇਕ ਸਕੂਟਰ ਲੈ ਲਿਆ। ਉਸਨੂੰ ਸਾਫ ਕਰਨ ਵਾਲੇ ਹਰ ਰੋਜ਼ ਦੋ ਦੋ ਤਿੰਨ ਤਿੰਨ ਆਇਆ ਕਰਨ। ਬਿਲੂ ਨੇ ਵੀ ਕਈ ਪਿੰਡਾਂ ਵਿੱਚ ਕੁੜੀਆਂ ਦੇਖਣ ਲਈ ਸਕੂਟਰ ਤੇ ਗੇੜੇ ਦਿੱਤੇ। ਅਖੀਰ ਇਕ ਥਾਂ ਉਸਦੇ ਤਿੰਨ ਮਹੀਨਿਆਂ ਮਗਰੋਂ ਬੀ. ਏ. ਪੜ੍ਹੀ ਅਤੇ ਬੜੀ ਸੋਹਣੀ ਸੁਨੱਖੀ ਕੁੜੀ ਨਾਲ ਪੱਕ ਹੋ ਗਿਆ। ਦਿਨ ਥੋੜੇ ਰਹਿੰਦੇ ਦੇਖ ਕੇ ਛੇਤੀ ਹੀ ਪੱਕੀ ਗੱਲ ਕਰਨੀ ਸਿਆਣਪ ਸਮਝੀ। ਬੱਸ ਫਿਰ ਕੀ ਸੀ ਪਾ ਦਿੱਤੀਆਂ ਭਾਜੜਾਂ, ਲਾਗੀਆਂ ਅਤੇ ਛੀਂਬਿਆਂ ਨੂੰ।

ਮੰਗਣੇ ਤੋਂ ਦੋ ਦਿਨ ਪਹਿਲਾਂ ਉਸਦੀ ਮਾਸੀ ਦਾ ਮੁੰਡਾ ਸੋਹਣੂ ਅਤੇ ਉਸਦੇ ਦੋ ਤਿੰਨ ਹੋਰ ਯਾਰ-ਦੋਸਤ ਬੈਠੇ ਆਥਣੇ ਪੀ ਰਹੇ ਸਨ। ਅਖੀਰ ਗੱਲਾਂ ਬਿੱਲੂ ਦੇ ਵਿਆਹ ਮੰਗਣੇ ਬਾਰੇ ਹੀ ਛਿੜਨੀਆਂ ਸਨ।

ਸੋਹਣੂ ਨੇ ਗੱਲ ਤੋਰੀ 'ਕਿ ਸੁਣਾ ਮਸੇਰਾ ਸਾਡੀ ਭਰਜਾਈ ਕਿਹੋ ਜਿਹੀ ਹੈ।' 'ਆਪਣੇ ਜਾਣੇ ਤਾਂ ਬਹੁਤ ਵਧੀਆ ਭਾਲੀ ਹੈ।' ਬਿੱਲੂ ਨੇ ਘੁਟ ਭਰਦਿਆਂ ਜਵਾਬ ਦਿੱਤਾ। ਸੋਹਣੂ ਨੇ ਇਕ ਸੁਣੀ ਹੋਈ ਗੱਲ ਅਨੁਸਾਰ ਕਿਹਾ, 'ਮਸੇਰਾ ਤੈਨੂੰ ਕਈ ਵਰ੍ਹੇ ਗਏ ਨੂੰ ਹੋ ਗਏ ਹਨ। ਤੈਨੂੰ ਇਥੋਂ ਦੀਆਂ ਹੇਰਾ ਫੇਰੀਆਂ ਦਾ ਬਹੁਤਾ ਨਹੀਂ ਪਤਾ। ਇਥੇ ਹਾਥੀ ਦੇ ਦੰਦਾਂ ਵਾਲੀ ਗੱਲ ਹੈ। ਖਾਣ ਨੂੰ ਹੋਰ ਵਿਖਾਉਣ ਨੂੰ ਹੋਰ।'

'ਆਹੋ! ਆਹੋ ਬਈ ਹੁੰਦੀ ਏਵੇਂ ਹੀ ਹੈ। ਦਿਖਾਉਣ ਨੂੰ ਹੋਰ ਅਤੇ ਵਿਆਉਣ ਨੂੰ ਹੋਰ।' ਨਾਲ ਬੈਠੇ ਚਿੜੀਏ ਨੇ ਬੋਤਲ ਤੇ ਗੁੱਲ ਦਿੰਦਿਆਂ ਆਖਿਆ।

ਬਿੱਲੂ ਦੇ ਗੱਲ ਸੁਣਦੇ ਹੀ ਸ਼ੱਕੀ ਸੁਭਾ ਦੇ ਕੁਝ ਗੱਲ ਦਾ ਅਸਰ ਜਿਹਾ ਹੋ ਗਿਆ। ਸਾਰੇ ਯਾਰ ਜੁੱਫ ਪੀਂਦੇ ਰਹੇ ਅਤੇ ਗੱਲਾਂ ਮਾਰਦੇ ਰਹੇ। ਪਰ ਬਿੱਲੂ ਦੀ ਪਹਿਲੀ ਪੀਤੀ ਵੀ ਲਹੀ ਜਾਂਦੀ ਸੀ। ਬਾਕੀ ਦੇ ਸਾਥੀਆਂ ਵਿਚ ਕੋਈ ਘਰੇ ਵੀ ਨਹੀਂ ਜਾ ਸਕਿਆ। ਸੱਭ ਉਥੇ ਹੀ ਲੋਟ-ਪੋਟ ਹੋ ਗਏ।

ਅਗਲੇ ਦਿਨ ਸਵੇਰੇ ਬਿੱਲੂ, ਸੋਹਣੂ ਨੂੰ ਨਾਲ ਲੈ ਕੇ ਫਿਰ ਦੁਬਾਰਾ ਤਸੱਲੀ ਕਰਨ ਲਈ ਸਹੁਰੇ-ਪਿੰਡ ਚਲਾ ਗਿਆ। ਬਿੱਲੂ ਨੂੰ ਸਹੁਰਿਆਂ ਦੇ ਪੁਛਣ ਤੇ ਉਸਨੇ ਸੱਚੀ ਕਹਿ ਦਿਤੀ।

ਬਿੱਲੂ ਦੀ ਸੱਸ ਨੇ ਕਿਹਾ ਕਿ 'ਪੁੱਤ ਤੇਰੇ ਬਾਪੂ ਜੀ ਨੂੰ ਸ਼ਹਿਰੋਂ ਆ ਲੈਣ ਦੇ,' ਜਿਹੜਾ ਕਿ ਧੀ ਦੇ ਵਿਆਹ ਦੀ ਤਿਆਰੀ ਵਿਚ ਸ਼ਹਿਰ ਗਿਆ ਹੋਇਆ ਸੀ। ਅਜੇ ਗੱਲਾਂ ਹੀ ਚੱਲ ਰਹੀਆਂ ਸਨ ਕਿ ਬਿੱਲੂ ਦਾ ਵੱਡਾ ਸਾਲਾ ਨਾਜਰ ਵੀ ਵੈਲੀਆਂ ਨਾਲ ਰਲਕੇ ਕੀਤੇ ਕਤਲ ਦੀ ਤਰੀਕ ਭੁਗਤ ਕੇ ਮੋਢਿਉਂ ਦੁਨਾਲ ਪਾਈ ਘਰ ਆ ਗਿਆ।

ਨਾਜਰ ਦੀ ਮਾਂ ਨੇ ਉਸਨੂੰ ਅੰਦਰ ਸੱਦਕੇ ਕਿਹਾ ਕਿ 'ਵੇਖ ਪੁੱਤ ਲੜਨਾ ਨਹੀਂ'। ਧੀਆਂ ਵਾਲੇ ਹਮੇਸ਼ਾ ਨੀਵੇਂ ਹੁੰਦੇ ਹਨ। ਪਰ ਗੱਲ ਵਿਚੋਂ ਇਹ ਹੈ ਕਿ ਕਾਕਾ ਜੀਤੋ ਨੂੰ ਦੁਬਾਰਾ ਦੇਖਣ ਆਇਆ ਹੈ। ਅਤੇ ਉਲਝਾ ਕਹਿੰਦਾ ਹੈ ਕਿ ਲੋਕੀਂ ਇਥੇ ਠੱਗੀਆਂ ਕਰਦੇ ਹਨ।' ਨਾਜਰ ਦੀ ਮਾਂ ਨਾ ਦੱਸਣਾ ਚਾਹੁੰਦੀ ਹੋਈ ਵੀ ਦੱਸ ਬੈਠੀ।

ਨਾਜਰ ਨੂੰ ਸੁਣਦਿਆਂ ਹੀ ਅੱਗ ਲੱਗ ਗਈ।' ਇਹਦੀ ਭੈਣ ਦੀ...ਵੇਖਦਾ ਹਾਂ ਵੱਡੇ ਕੈਨੇਡਾ ਵਾਲੇ ਨੂੰ।'

'ਨਾ ਵੇ ਪੁੱਤ ਨਾ' ਨਾਜਰ ਮਾਂ ਦੇ ਫੜਦਿਆਂ ਫੜਦਿਆਂ ਹੀ ਬਾਹਰ ਆ ਗਿਆ। ਅਤੇ ਬਾਹਰ ਨਿਕਲਦੇ ਨੇ ਹੀ ਬਿੱਲੂ ਦੀ ਮਾਂ ਭੈਣ ਇਕ ਕਰ ਦਿਤੀ ਅਤੇ ਦੁਨਾਲ ਬਿੱਲੂ ਵਲ ਕਰਦਿਆਂ ਕਿਹਾ ਕਿ 'ਆਪਣੀ ਸਕੂਟਰੀ ਜਿਹੀ ਹੱਕ ਅਤੇ ਹੁਣੇ ਹੀ ਵਿਹੜੇ ਵਿਚੋਂ ਬਾਹਰ ਜਾ ਅਤੇ ਸਾਡਾ ਬਿਲਕੁਲ ਚਿੱਟਾ ਜਵਾਬ। ਮਿਲੂਗਾਂ! ਕਦੀ ਤੈਨੂੰ ਰਾਹ ਖੇੜੇ। ਸਾਲਾ! ਵੱਡਾ ਧਨੀ, ਅੱਠ ਪਾਸ ਨਹੀਂ, ਉਲਟਾ ਠੱਗੀਆਂ ਦੱਸਦਾ ਹੈ।' ਸੋਹਣੂ ਜਿਹੜਾ ਕਿ ਪਹਿਲਾਂ ਹੀ ਸਕੂਟਰ ਕੋਲ ਖੜਾ ਸੀ। ਉਸੇ ਮੌਕੇ ਹੀ ਕਿੱਕ ਮਾਰਕੇ ਬਿੱਲੂ ਨੂੰ ਮਗਰ ਬਿਠਾ ਕੇ ਹਵਾ ਹੋ ਗਿਆ। ਦੋਹਾ ਮਸੇਰਾਂ ਨੇ ਰਾਹ ਵਿਚ ਕੋਈ ਗੱਲ ਨਾ ਕੀਤੀ। ਅਤੇ ਵੱਗਾਂ ਵੇਲੇ ਨੂੰ ਘਰ ਆ ਪਹੁੰਚੇ।

ਦੋਹਾਂ ਦੇ ਮਸੋਸੇ ਜਿਹੇ ਮੂੰਹ ਦੇਖਕੇ ਮਾਂ ਨੇ ਪੁਛਿਆ ਕਿ 'ਪੁੱਤ ਸੁਖ ਤਾਂ ਹੈ?' ਤਾਂ ਬਿੱਲੂ ਨੇ ਮਾਂ ਅਤੇ ਪਿਉ ਨੂੰ ਪਾਸੇ ਕਰਕੇ ਸਹੀ ਗੱਲ ਸੁਣਾ ਦਿਤੀ। ਜਿਉਣ ਸਿਓਂ ਨੇ ਉਬਲੇ ਚੋਲ ਅਤੇ ਜਾਂਦੀ ਇੱਜ਼ਤ ਦੇਖਕੇ ਭੋਡੀ ਪੁਰੇ ਵਾਲੇ ਪਹਿਲੇ ਸਾਕ ਦੀ ਰੋਅ ਦਿਤੀ।

'ਦੇਖ ਕਾਕਾ! ਪਹਿਲੀ ਗੱਲ ਤਾਂ ਅੱਖ ਵਿਚ ਫਰਕ ਬਿਲਕੁਲ ਹੀ ਨਹੀਂ। ਬਾਕੀ ਰੰਗ ਦੀ ਗੱਲ, ਤੂੰ ਆਪਦੇ ਵੱਲ ਦੇਖ ਕਿ ਤੇਰਾ

ਬਾਕੀ ਸਫਾ ੫੬ ਉਤੇ

# ਸਭ ਕੁਝ ਟੁੱਟ ਗਿਆ

ਸੁਖਦੇਵ ਫਲੌਰਾ

ਹਸਪਤਾਲ ਤੋਂ ਸਿਧਾ ਉਹ ਜੀਵਨ ਦੇ ਹੋਟਲ ਤੇ ਚਲਾ ਗਿਆ ਸੀ। ਮਿੱਲ ਵਿਚ ਅੱਗ ਲੱਗਣ ਕਰਕੇ ਉਸਦੇ ਚਾਰ ਸਾਥੀ ਜਲ ਕੇ ਮਰ ਗਏ ਸਨ। ਅਤੇ ਬਾਕੀ ਹਸਪਤਾਲ ਦੇ ਮੰਜਿਆਂ ਤੇ ਜ਼ਿੰਦਗੀ ਤੇ ਮੌਤ ਵਿਚਕਾਰ ਲਟਕ ਰਹੇ ਸਨ। ਜਾਂਦਿਆਂ ਉਸਨੇ ਵਿਸਕੀ ਦਾ ਇਕ ਪੈਗ ਬਨਾਉਣ ਲਈ ਕਿਹਾ। ਕਿੰਨੀ ਲੰਬੀ ਰਾਤ ਤਕ ਉਹ ਬੈਠਾ ਪੀਂਦਾ ਰਿਹਾ ਸੀ। ਅੱਧੀ ਰਾਤ ਗਈ ਤੇ ਲੜਖੜਾਉਂਦਾ ਜਦੋਂ ਉਹ ਘਰ ਪਹੁੰਚਿਆ ਤਾਂ ਉਸਦੀ ਬੀਵੀ ਤੇ ਉਸਦਾ ਛੋਟਾ ਮੁੰਡਾ ਰਾਜੂ ਸੌਂ ਚੁਕੇ ਸਨ। ਟੁੱਟੀ ਹੋਈ ਮੰਜੀ ਤੇ ਪਿਆ ਉਹ ਦੇਰ ਤਕ ਸੋਚਾਂ ਦੇ ਸਮੁੰਦਰ ਵਿਚ ਡੁੱਬਿਆ ਰਿਹਾ ਸੀ।

'ਚੰਗਾ ਹੁੰਦਾ ਜੇ ਮੈਂ ਵੀ ਆਪਣੇ ਸਾਥੀਆਂ ਨਾਲ ਹੀ ਜਲ ਕੇ ਮਰ ਜਾਂਦਾ!' ਉਸਨੇ ਇਕ ਲੰਮਾ ਹੌਕਾ ਭਰਿਆ।

ਮਿੱਲ 'ਚ ਕੰਮ ਕਰਦਿਆਂ ਉਸਨੂੰ ਕਈ ਸਾਲ ਬੀਤ ਗਏ ਸਨ। ਮਸ਼ੀਨਾਂ ਨਾਲ ਟੱਕਰਾਂ ਮਾਰ ਮਾਰ ਕੇ ਉਹ ਵੀ ਇਕ ਮਸ਼ੀਨ ਹੀ ਬਣ ਗਿਆ ਸੀ।

ਜਦੋਂ ਵੀ ਉਹ ਆਪਣਾ ਚੇਹਰਾ ਕੰਧ ਤੇ ਲਟਕੇ ਸ਼ੀਸ਼ੇ ਵਿਚ ਦੇਖਦਾ ਤਾਂ ਤੜਫ ਉਠਦਾ। ਕੁਝ ਹੀ ਸਾਲਾਂ ਵਿਚ ਉਸਦੇ ਵਾਲ ਸਫੇਦ ਹੋ ਗਏ ਸਨ। ਅਤੇ ਚੇਹਰਾ ਵੀ ਉਤਰ ਗਿਆ ਸੀ।

'ਦੋ ਬੱਚਿਆਂ ਦਾ ਬਾਪ ਇੰਨਾ ਬੁੱਢਾ ਤਾਂ ਨਹੀਂ ਹੋ ਜਾਂਦਾ...?' ਕਦੇ ਕਦੇ ਉਸਨੂੰ ਖਿਆਲ ਆਉਂਦਾ।

ਉਸਦੀ ਬੀਵੀ ਉਸਨੂੰ ਕਹਿੰਦੀ, 'ਜ਼ਿਆਦਾ ਸੋਚਣ ਨਾਲ ਆਦਮੀ ਜਲਦੀ ਬੁੱਢਾ ਹੋ ਜਾਂਦਾ ਹੈ। ਤੁਸੀਂ ਜ਼ਿਆਦਾ ਸੋਚਿਆ ਨਾ ਕਰੋ, ਇਹ ਜ਼ਿੰਦਗੀ ਤਾਂ ਇਸ ਤਰ੍ਹਾਂ ਹੀ ਹੁੰਦੀ ਹੈ।'

ਤੇ ਉਹ ਆਪਣੀ ਬੀਵੀ ਦੀ ਗੱਲ ਤੇ ਥੋੜਾ ਜਿਹਾ ਮੁਸਕਰਾ ਕੇ ਕਹਿ ਦਿੰਦਾ, 'ਅਸੀਂ ਕੇਹੜਾ ਹੁਣ ਦਿਨ ਬਦਿਨ ਜਵਾਨ ਹੋਣਾ ਹੈ।'

ਉਸਦੀ ਬੀਵੀ ਕਿੰਨੀ ਚੰਗੀ ਹੈ। ਕਲ੍ਹ ਤਕ ਉਹ ਸਾਰੀਆਂ ਔਰਤਾਂ ਨੂੰ ਇਕੋ ਜਿਹਾ ਹੀ ਸਮਝਦਾ ਆਇਆ ਸੀ। ਹੁਣ ਉਸਨੂੰ ਆਪਣੀ ਬੀਵੀ ਦੇਖ ਕੇ ਔਰਤਾਂ 'ਚ ਫਰਕ ਮਹਿਸੂਸ ਹੁੰਦਾ। ਕੰਮ ਤੋਂ ਥੱਕਿਆ ਹਾਰਿਆ ਜਦੋਂ ਉਹ ਘਰ ਆਉਂਦਾ ਤਾਂ ਕਿਸ ਤਰ੍ਹਾਂ ਉਸਦੀ ਬੀਵੀ ਉਸਨੂੰ ਨਿੱਕੀਆਂ ਗੱਲਾਂ 'ਚ ਡੁਬੋ ਦਿੰਦੀ। ਉਸਨੂੰ ਪਿਆਰ ਕਰਦੀ। ਦੇਰ ਤਕ ਉਸਦੇ ਮੰਜੇ ਤੇ ਬੈਠੀ ਉਸਦੀਆਂ ਲੱਤਾਂ ਦਬਾਉਂਦੀ ਰਹਿੰਦੀ, ਜਦੋਂ ਤਕ ਉਹ ਸੌਂ ਨਾ ਜਾਂਦਾ।

ਉਹ ਆਪਣੀ ਛੋਟੀ ਜਿਹੀ ਦੁਨੀਆ 'ਚ ਹੀ ਰਹਿੰਦਾ। ਖਿਆਲਾਂ ਦੇ ਘੁੰਮਣ ਘੇਰਾਂ ਵਿਚ ਜਦੋਂ ਉਹ ਫਸ ਜਾਂਦਾ ਤਾਂ ਉਸਦੀ ਛਾਤੀ ਪਾਟ ਜਾਂਦੀ। ਉਸਦੇ ਜ਼ਖਮ ਦਰਦ ਕਰਨ ਲੱਗ ਪੈਂਦੇ। ਉਹ ਤੜਫ ਉਠਦਾ। ਉਸਨੇ ਵੀ ਕਦੀ ਕਿਸੇ ਨਾਲ ਦੋਸਤੀ ਪਾਈ ਸੀ, ਕਦੀ ਕਿਸੇ ਨੂੰ ਪਿਆਰ ਕੀਤਾ ਸੀ। ਕਾਲਿਜ ਦੇ ਪਹਿਲੇ ਨੰਬਰ ਤੇ ਆਉਣ ਵਾਲਾ ਵੀ ਉਹੀ ਹੁੰਦਾ ਸੀ। ਉਸ ਨੂੰ ਯਾਦ ਆਉਂਦਾ ਕਿਸ ਤਰ੍ਹਾਂ ਕੁੜੀਆਂ ਉਸਦੀ ਆਵਾਜ਼ ਸੁਣਨ ਨੂੰ ਬੇਚੈਨ ਰਹਿੰਦੀਆਂ ਸਨ।

ਪਰ ਉਹ ਆਪਣੇ ਰਾਹ ਤੋਂ ਉਖੜ ਗਿਆ ਸੀ ਅਤੇ ਆਪਣੀ ਮੰਜ਼ਿਲ ਤੋਂ ਪਰ੍ਹੇ ਜਾ ਡਿਗਾ ਸੀ। ਤੇ ਫਿਰ ਇਕ ਦਿਨ ਸਭ ਕੁਛ ਖ਼ਤਮ ਹੋ ਗਿਆ ਸੀ। ਉਸਦੀਆਂ ਅੱਖਾਂ ਅੱਗੇ ਅੰਧੇਰਾ ਆ ਜਾਂਦਾ। ਬਹੁਤ ਦੇਰ ਤਕ ਉਹ ਜੀਵਨ ਦੇ ਹੋਟਲ ਤੇ ਬੈਠਾ ਪੀਂਦਾ ਰਹਿੰਦਾ। ਜੀਵਨ ਵੀ ਹੁਣ ਉਸਦੀ ਆਦਤ ਨੂੰ ਸਮਝ ਗਿਆ ਸੀ। ਉਹ ਉਸਨੂੰ ਕਦੀ ਕੁਝ ਨਾ ਕਹਿੰਦਾ।

ਅੱਜ ਕਈਆਂ ਦਿਨਾਂ ਬਾਦ ਉਹ ਜੀਵਨ ਦੇ ਹੋਟਲ ਤੇ ਆਇਆ ਸੀ। ਇਕ ਕੋਨੇ 'ਚ ਬੈਠਾ ਉਹ ਸਿਗਰਟ ਤੇ ਸਿਗਰਟ ਫੂਕੀ ਜਾ ਰਿਹਾ ਸੀ। ਉਸਦੇ ਉਤਰੇ ਚੇਹਰੇ ਤੇ ਅੱਖਾਂ ਤੋਂ ਪਤਾ ਲਗਦਾ ਸੀ ਕਿ ਉਹ ਜਿਵੇਂ ਕਈ ਦਿਨਾਂ ਤੋਂ ਸੁੱਤਾ ਨਾ ਹੋਵੇ। ਜੀਵਨ ਉਸਨੂੰ ਇਸ ਤਰ੍ਹਾਂ ਬੈਠਿਆਂ ਦੇਖ ਕੇ ਉਸਦੇ ਕੋਲ ਆ ਗਿਆ। 'ਕੀ ਗੱਲ ਐ ਵਿਜੇ! ਅੱਜ ਤੂੰ ਬੜਾ ਪਰੇਸ਼ਾਨ ਲੱਗਦਾ ਹੈਂ?'

ਜੀਵਨ ਦੀ ਗੱਲ ਤੇ ਉਹ ਤੜਫ ਉਠਿਆ, ਉਸਦੀਆਂ ਅੱਖਾਂ ਭਰ ਆਈਆਂ, 'ਪਤਾ ਨਹੀਂ ਜੀਵਨ! ਆਪਣਾ ਛੋਟਾ ਰਾਜੂ ਬਚੇਗਾ ਕਿ ਨਹੀਂ? ਮੈਂ ਤਾਂ ਕੋਈ ਡਾਕਟਰ ਵੀ ਨਹੀਂ ਛੱਡਿਆ, ਬਸ ਹੁਣ ਤਾਂ ਰੱਬ ਹੀ ਜਾਣਦਾ ਹੈ ਕੀ ਹੋਏਗਾ?'

ਉਹ ਬੱਚਿਆਂ ਦੀ ਤਰ੍ਹਾਂ ਰੋਣ ਲੱਗ ਪਿਆ ਸੀ। ਉਸਦਾ ਛੋਟਾ ਲੜਕਾ ਰਾਜੂ ਕਈਆਂ ਦਿਨਾਂ ਤੋਂ ਬੀਮਾਰ ਸੀ। ਸਾਰਿਆਂ ਡਾਕਟਰਾਂ ਨੇ ਜਵਾਬ ਦੇ ਦਿਤਾ ਸੀ। ਜੀਵਨ ਨੂੰ ਪਿਛਲੇ ਸਾਲ ਦਾ ਹਾਦਸਾ ਯਾਦ ਆ ਗਿਆ। ਜਦੋਂ ਉਸਦਾ ਵੱਡਾ ਲੜਕਾ ਦੀਪਕ ਕਾਰ ਥੱਲੇ ਆ ਕੇ ਮਰ ਗਿਆ ਸੀ। ਤੇ ਕਿਸ ਤਰ੍ਹਾਂ ਉਹ ਕਈ ਦਿਨ ਕੰਧਾਂ ਨਾਲ ਟੱਕਰਾਂ ਮਾਰ ਮਾਰ ਕੇ ਰੋਂਦਾ ਰਿਹਾ ਸੀ।

ਜੀਵਨ ਦੀਆਂ ਅੱਖਾਂ ਭਰ ਆਈਆਂ। ਉਸਨੇ ਵਿਜੇ ਨੂੰ ਗੱਲਵਕੜੀ ਵਿਚ ਲੈ ਲਿਆ ਤੇ ਕਿਹਾ, 'ਤੂੰ ਕੋਈ ਫਿਕਰ ਨਾ ਕਰ ਵਿਜੇ! ਸੁਣਿਆ ਐ ਇਥੇ ਵੱਡੇ ਹਸਪਤਾਲ ਵਿਚ ਇਕ ਲੇਡੀ ਡਾਕਟਰ ਵਲੈਤ ਪੜ੍ਹ ਕੇ ਆਈ ਹੈ। ਬਹੁਤ ਲੋਕਾਂ ਨੂੰ ਉਸਨੇ ਠੀਕ ਕੀਤਾ ਹੈ। ਮੈਂ ਰਾਜੂ ਨੂੰ ਉਸਦੇ ਕੋਲ ਲੈ ਕੇ ਜਾਵਾਂਗਾ।' ਜੀਵਨ ਨੇ ਵਿਜੇ ਨੂੰ ਪੂਰੀ ਤਸੱਲੀ ਦਿੱਤੀ।

ਦੂਸਰੇ ਦਿਨ ਜੀਵਨ ਰਾਜੂ ਨੂੰ ਲੈ ਕੇ ਵੱਡੇ ਹਸਪਤਾਲ ਪਹੁੰਚ ਗਿਆ ਸੀ। ਲੇਡੀ ਡਾਕਟਰ ਅਜੇ ਤਕ ਆਈ ਨਹੀਂ ਸੀ। ਬੈਂਚ ਤੇ ਬੈਠਾ ਉਹ ਦੇਰ ਤਕ ਉਸ ਦਾ ਇੰਤਜ਼ਾਰ ਕਰਦਾ ਰਿਹਾ ਸੀ।

'ਉਹ ਡਾਕਟਰ ਦੀ ਕਾਰ ਆ ਗਈ।' ਅਚਾਨਕ ਕਿਸੇ ਦੀ ਆਵਾਜ਼ ਸੁਣ ਕੇ ਉਹ ਚੌਂਕ ਉਠਿਆ। ਤੇ ਉਹ ਕਾਰ ਵਲ ਨੂੰ ਦੌੜਿਆ। ਪਰ ਉਸਦੇ ਕਦਮ ਰੁਕ ਗਏ, ਉਹ ਇਕ ਟੱਕ ਲਾਈ ਡਾਕਟਰ ਵਲ ਦੇਖਦਾ ਰਿਹਾ। ਉਸਨੂੰ ਲੱਗਾ ਕਿ ਅਸਮਾਨ ਉਸਦੇ ਗਿਰਦ ਘੁੰਮ ਰਿਹਾ ਹੈ ਅਤੇ ਜ਼ਮੀਨ ਉਸਦੇ ਪੈਰਾਂ ਹੇਠੋਂ ਨਿਕਲ ਗਈ ਹੈ। ਉਹ ਡਿੱਗਣ ਹੀ ਲੱਗਾ ਸੀ ਕਿ ਜੀਵਨ ਨੇ ਉਸਨੂੰ ਸੰਭਾਲ ਲਿਆ।

'ਜੀਵਨ ਤੂੰ ਰਾਜੂ ਨੂੰ ਡਾਕਟਰ ਕੋਲ ਲੈ ਜਾਹ, ਮੇਰੀ ਤਬੀਅਤ ਠੀਕ ਨਹੀਂ' ਤੇ ਉਹ ਜ਼ਮੀਨ ਤੇ ਹੀ ਬੈਠ ਗਿਆ। ਡਾਕਟਰ ਦੇ ਕਹਿਣ ਤੇ ਰਾਜੂ ਨੂੰ ਹਸਪਤਾਲ ਦਾਖਲ ਕਰਵਾ ਦਿਤਾ ਸੀ। ਉਸਦੀ ਬੀਵੀ ਰੋ-ਰੋ ਕੇ ਪਾਗਲ ਹੋ ਗਈ ਸੀ।

'ਹੁਣ ਕੀ ਬਣੇਗਾ, ? ਕੀ ਹੋਵੇਗਾ...?' ਉਹ ਬਾਰ ਬਾਰ ਕਹੀ

ਜਾ ਰਹੀ ਸੀ।

'ਤੂੰ ਫਿਕਰ ਨਾ ਕਰ ਸਭ ਠੀਕ ਹੀ ਹੋ ਜਾਵੇਗਾ।' ਉਹ ਆਪਣੀ ਬੀਵੀ ਨੂੰ ਹੌਂਸਲਾ ਦਿੰਦਾ ਰਿਹਾ ਸੀ। ਸਾਰੀ ਰਾਤ ਉਹ ਸੌਂ ਨਹੀਂ ਸੀ ਸਕਿਆ। ਦੀਪਾਂ ਦਾ ਚੇਹਰਾ ਬਾਰ ਬਾਰ ਉਸਦੀਆਂ ਅੱਖਾਂ ਸਾਹਮਣੇ ਘੁੰਮ ਰਿਹਾ ਸੀ। ਉਸਦੀ ਦੀਪਾਂ ਇੰਨੀ ਵੱਡੀ ਡਾਕਟਰ ਬਣ ਗਈ! ਤਰ੍ਹਾਂ ਤਰ੍ਹਾਂ ਦੇ ਖਿਆਲ ਉਸਨੂੰ ਆ ਰਹੇ ਸਨ। ਉਸਨੂੰ ਯਾਦ ਆ ਗਿਆ ਸੀ ਜਦੋਂ ਉਹ ਤੇ ਦੀਪਾਂ ਇਕੱਠੇ ਪੜ੍ਹਦੇ ਹੁੰਦੇ ਸਨ। ਉਹ ਦੀਪਾਂ ਨੂੰ ਕਿੰਨਾ ਪਿਆਰ ਕਰਦਾ ਹੁੰਦਾ ਸੀ। ਦੀਪਾਂ ਵੀ ਤਾਂ ਉਸਨੂੰ ਦਿਲੋਂ ਚਾਹੁੰਦੀ ਹੁੰਦੀ ਸੀ। ਪਰ ਉਹ ਆਪਣੀ ਮੰਜ਼ਿਲ ਭੁਲ ਕੇ ਪਿਆਰ ਦੇ ਰਸਤੇ ਤੇ ਤੁਰ ਪਿਆ ਸੀ। ਪਿਆਰ 'ਚ ਬਹਕ ਕੇ ਉਹ ਆਪਣੀ ਜ਼ਿੰਦਗੀ ਦਾ ਮਕਸਦ ਭੁੱਲ ਗਿਆ ਸੀ। ਉਹ ਪਾਗਲਾਂ ਦੀ ਤਰ੍ਹਾਂ ਹਰ ਸਮੇਂ ਗੁੰਮ ਸੁੰਮ ਰਹਿੰਦਾ ਸੀ। ਦੀਪਾਂ ਦੇ ਪੁਛਣ ਤੇ ਉਹ ਕੁਝ ਨਾ ਕਹਿ ਸਕਦਾ। ਉਹ ਆਪਣੇ ਵਸ ਤੋਂ ਬਾਹਿਰ ਹੋ ਗਿਆ ਸੀ। ਜਦੋਂ ਵੀ ਉਹ ਪੜ੍ਹਨ ਬੈਠਦਾ ਤਾਂ ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਜਾਂਦਾ ਉਸਦੀਆਂ ਮੁੱਠੀਆਂ ਮਿਚ ਜਾਂਦੀਆ।

'ਦੀਪਾਂ! ਮੈਂ ਪਾਗਲ ਹੋ ਜਾਵਾਂਗਾ।' ਉਹ ਕਰਾਹ ਉਠਦਾ, ਤੇ ਫਿਰ ਉਹ ਹਰ ਸਾਲ ਫੇਲ੍ਹ ਹੁੰਦਾ ਰਿਹਾ ਸੀ। ਦੀਪਾਂ ਉਸ ਤੋਂ ਅੱਗੇ ਨਿਕਲ ਗਈ ਸੀ ਤੇ ਉਹ ਪਿਛੇ ਰਹਿ ਗਿਆ ਸੀ।

ਲੰਬੀ ਰਾਤ ਗਈ ਤਕ ਉਹ ਜਾਗਦਾ ਰਿਹਾ। ਇਕ ਇਕ ਕਰਕੇ ਦਿਨ ਉਸਦੀਆਂ ਅੱਖਾਂ ਅੱਗੋਂ ਲੰਘਦੇ ਰਹੇ। ਦੀਪਾਂ ਨੂੰ ਉਹ ਕਿੰਨਾ ਪਿਆਰ ਕਰਦਾ ਸੀ। ਉਹ ਅਜੇ ਤਕ ਵੀ ਭੁਲਾ ਨਹੀਂ ਸੀ ਸਕਿਆ।

'ਦੀਪਾਂ ਇੰਨੀ ਵੱਡੀ ਡਾਕਟਰ ਬਣ ਗਈ? ਤੇ ਉਹ...ਕਾਸ਼! ਮੈਂ ਵੀ ਆਪਣੀਆਂ ਭਾਵਨਾਵਾਂ...।' ਉਸਨੇ ਇਕ ਲੰਮਾ ਹੌਕਾ ਭਰਿਆ। ਸਾਰੀ ਰਾਤ ਉਹ ਇਕ ਪਲ ਵੀ ਨਹੀਂ ਸੌਂ ਸਕਿਆ ਸੀ। ਬਾਹਰ ਨਲਕੇ ਤੇ ਪਾਣੀ ਭਰਦੀਆਂ ਤੀਵੀਆਂ ਦੀਆਂ ਆਵਾਜ਼ਾਂ ਸੁਣ ਰਹੀਆਂ ਸਨ। ਸਵੇਰ ਹੋ ਗਈ ਸੀ। ਉਸਨੂੰ ਆਪਣੀ ਬੀਵੀ ਦੀ, ਰਸੋਈ 'ਚ ਕੰਮ ਕਰਦੀ ਦੀ ਆਵਾਜ਼ ਸੁਣ ਰਹੀ ਸੀ। ਉਹ ਉਠ ਬੈਠਾ, ਹਨੇਰੇ ਵਿਚ ਕੁਝ ਲੱਭਣ ਲੱਗਿਆ ਸੀ ਕਿ ਅਚਾਨਕ ਹੱਥ ਲੱਗ ਕੇ ਲੈਂਪ ਮੇਜ਼ ਤੋਂ ਥੱਲੇ ਡਿੱਗ ਪਿਆ। ਖੜਕਾ ਸੁਣ ਕੇ ਉਸ ਦੀ ਬੀਵੀ ਕਮਰੇ ਵਿਚ ਆ ਗਈ ਸੀ।

'ਕੀ ਟੁੱਟ ਗਿਆ ਹੈ?' ਉਸਦੀ ਬੀਵੀ ਨੇ ਪੁੱਛਿਆ।

'ਸਭ ਕੁਝ ਟੁੱਟ ਗਿਆ ਹੈ ਗੀਤਾ।' ਉਹ ਮੂੰਹ ਵਿਚ ਹੀ ਬੁੜ-ਬੜਾਇਆ। ਤੇ ਉਹ ਕਪੜੇ ਪਾਉਣ ਲੱਗ ਪਿਆ। ਮਿੱਲ ਦਾ ਪਹਿਲਾ ਘੁੱਗੂ ਵੱਜ ਚੁਕਾ ਸੀ।

'ਚਲੋ ਉਠੋ ਚਾਹ ਪੀ ਲਓ।' ਕਹਿੰਦੀ ਹੋਈ ਉਸਦੀ ਬੀਵੀ ਉਸਦੇ ਕੋਲ ਆਈ।

'ਨਹੀਂ ਗੀਤਾ! ਅੱਜ ਮੇਰਾ ਕੁਝ ਖਾਣ ਨੂੰ ਦਿਲ ਨਹੀਂ ਕਰਦਾ' ਤੇ ਉਸਨੇ ਆਪਣੀ ਟੁੱਟੀ ਹੋਈ ਸਾਈਕਲ ਚੁੱਕੀ ਤੇ ਮਿੱਲ ਨੂੰ ਚਲ ਪਿਆ।

*[Torronto, Ont.]*

O

ਸਫ਼ਾ ੫੫ ਦੀ ਬਾਕੀ

ਜਾਣ ਤੋਂ ਪਹਿਲਾਂ ਕਿਹੋ ਜਿਹਾ ਸੀ। ਹੁਣ ਸਾਡੇ ਭਾਣੇ ਤਾਂ ਹੱਥ ਲਾਇਆਂ ਮੈਲਾ ਹੁੰਦਾ। ਇਸੇ ਤਰ੍ਹਾਂ ਉਸ ਲੜਕੀ ਦਾ ਫਰਕ ਪੈ ਜਾਵੇਗਾ।'

ਬਿੱਲੂ ਦੀ ਚਾਰ ਮਹੀਨੇ ਦੀ ਟਿਕਟ ਅਤੇ ਮਾਂ-ਪਿਓ ਦੀ ਇੱਜ਼ਤ ਨੇ ਬਿੱਲੂ ਨੂੰ ਸਾਕ ਲੈਣ ਲਈ ਮਜਬੂਰ ਕਰ ਦਿਤਾ। ਵਿਚੋਲੇ ਰਾਹੀਂ ਸਾਰੀ ਗੱਲ ਬਾਤ ਕਰਕੇ ਡੋਡੀ ਪੁਰਿ ਵਾਲੇ ਉਨ੍ਹਾਂ ਉਬਲੇ ਚੌਲਾਂ ਤੇ ਹੀ ਰੁਪਿਆ ਫੜਾ ਗਏ। ਅਤੇ ਤੀਜੇ ਦਿਨ ਦੇ ਅੰਨਦ ਲੈਣ ਲਈ ਕਹਿ ਗਏ।

ਵਿਆਹ ਕਰਾਉਣ ਤੋਂ ਪੰਜ ਦਿਨ ਬਾਦ ਹੀ ਬਿੱਲੂ ਦਿਲੀਓਂ ਘਰ ਵਾਲੀ ਦੀ ਚਿੱਠੀ ਭਰਕੇ ਜਹਾਜ਼ ਚੜ੍ਹ ਆਇਆ। ਅਤੇ ਦੁਬਾਰਾ ਉਸੇ ਮਿਲ ਵਿਚ ਫੱਟਿਆਂ ਦੇ ਨਾਲ ਮੱਥਾ ਜੋੜ ਲਿਆ। ਅਤੇ ਹਮੇਸ਼ਾ ਇਹੋ ਹੀ ਸੋਚਦਾ ਰਹਿੰਦਾ ਕਿ ਮਾਂ–ਪਿਉ ਦੀ ਵੀ ਇੱਜ਼ਤ ਬਾਰੇ ਸੋਚਣਾ ਹੀ ਪੈਂਦਾ ਹੈ। oo

*[Quesnel, B.C.]*

-ਸਫ਼ਾ ੫੭ ਦੀ ਬਾਕੀ

'ਚੰ ਹੀ ਨਹੀਂ ਨਿਕਲਿਆ?' ਚਤਰੂ ਵਿਚਾਰਾ ਅੱਖਾਂ ਮਲਦਾ ਮਲਦਾ, ਆਪਣੇ ਖਿਲਰੇ ਹੋਏ ਹੱਡਾਂ ਨੂੰ ਕੱਠਿਆਂ ਕਰਦਾ ਤੇ ਬੰਤੀ ਦੀਆਂ ਕਹੀਆਂ ਅਣਸੁਣੀਆਂ ਕਰਦਾ ਸੋਚ ਰਿਹਾ ਸੀ...'ਇਹ ਪਾਪੀ ਸਾਰਾ ਦਿਨ ਤਾਂ ਲਹੂ ਪੀਂਦੇ ਹੀ ਹਨ ਰਾਤ ਨੂੰ ਸੁਪਨੇ ਵਿੱਚ ਵੀ ਸੱਧਰਾਂ ਪੂਰੀਆਂ ਨਹੀਂ ਕਰਨ ਦਿੰਦੇ...ਇਹ ਜ਼ਾਲਮ...ਇਹ ਕਸਾਈ...ਇਹ ਵੱਡੀਆਂ ਜ਼ਮੀਨਾਂ ਵਾਲੇ।'

*[Prince Rupert, B. C.]*


# Ideas

YOU'LL FIND INTERESTING AND VALUABLE!



- Money-Back Life Insurance
- Income Protection
- Mortgage Protection
- Retirement Funds
- Education of Children
- Conserving a Business Interest

Balwant Gill
Representative

Telephone Office:
521-3781

Residence:
591-3798

Get your life in shape.

SUN LIFE OF CANADA

SUN LIFE OF CANADA
321 SIXTH STREET
NEW WESTMINSTER, B.C.
V3L 3A7

# ਸੱਧਰਾਂ

ਦੇਵ ਜਟਾਣਾਂ

ਤਾਂਗੇ ਵਿੱਚ ਕੱਲ ਮੁਕੱਲਾ ਬੈਠਾ ਹੋਇਆ ਚਤਰ ਸਿੰਘ ਖੁਸ਼ੀ ਨਾਲ ਫੁਲਿਆ ਨਹੀਂ ਸੀ ਸਮਾਉਂਦਾ, ਕਿਉਂਕਿ ਉਹ ਵਾਪਸ ਪਿੰਡ ਜਾ ਰਿਹਾ ਸੀ। ਉਹ ਬੈਠਾ ਬੈਠਾ ਸੋਚ ਰਿਹਾ ਸੀ ਕਿ ਇਹ ਕੀਮਤੀ ਗਹਿਣੇ ਤੇ ਕਪੜੇ ਪਾ ਕੇ ਬੰਤੋ ਸੱਚ ਮੁੱਚ ਬਲਵੰਤ ਕੌਰ ਬਣ ਜਾਵੇਗੀ, ਬੇਸ਼ੱਕ ਉਹ ਕਹੇਗੀ, 'ਜੀ ਸੂਟਾਂ ਤ੍ਰੇ ਗਹਿਣਿਆਂ ਨੂੰ ਛੱਡੋ...ਰੱਬ ਦਾ ਲੱਖ ਲੱਖ ਸ਼ੁਕਰ ਹੈ ਕਿ ਤੁਸੀਂ ਰਾਜ਼ੀ ਖੁਸ਼ੀ ਘਰ ਆ ਗਏ।' ਉਹ ਚਾਅ ਵਿੱਚ ਉੱਡਦੀ ਫਿਰੇਗੀ, ਉਸਦਾ ਪੈਰ ਭੁਇੰ ਤੇ ਨਹੀਂ ਲਗੇਗਾ, ਤੇ ਸਾਰੇ ਆਂਢ ਗੁਆਂਢ ਵਿੱਚ ਦਸਦੀ ਫਿਰੇਗੀ...'ਸੀਤੋ ਦਾ ਬਾਪੂ ਤੜਕੀ ਰਾਤ ਗਈ ਤੋਂ ਆਇਆ ਸੀ...ਮੈਨੂੰ ਤਾਂ ਸੱਚ ਨਾ ਆਵੇ।'

ਇੱਕ ਵਾਰ ਫਿਰ ਬੰਤੋ ਉਸ ਦੀਆਂ ਅੱਖਾਂ ਅਗੇ ਜੁਆਨ ਹੁੰਦੀ ਜਾਪੀ। ..ਤੇ ਫਿਰ ਉਹ ਮੇਰੀਆਂ ਲੱਤਾਂ ਘੁੱਟਣ ਦੇ ਬਹਾਨੇ ਮੇਰੀਆਂ ਸ਼ਹਿਰੀ ਗੱਲਾਂ ਕਿੰਨੀ ਹੈਰਾਨੀ ਤੇ ਦਿਲਚਸਪੀ ਨਾਲ ਸੁਣੇਗੀ, ਇਹ ਸੁਣ ਕੇ ਉਹ ਖੁਸ਼ੀ ਵਿਚ ਕਿੰਨੀ ਖੀਵੀ ਹੋ ਜਾਵੇਗੀ ਕਿ ਹੁਣ ਉਹ ਮੇਰੇ ਤੋਂ ਕਦੀ ਵੱਖ ਨਹੀਂ ਹੋਵੇਗੀ। ਅਸੀਂ ਦੋਵੇਂ ਬੱਚਿਆਂ ਨਾਲ ਕਿੰਨੇ ਸੋਹਣੇ ਦਿਨ ਬਤੀਤ ਕਰਾਂਗੇ।

...ਤੇ ਸੱਚ ਇੱਕ ਹੋਰ ਜ਼ਰੂਰੀ ਕੰਮ ਕਰਾਂਗਾ। ਸੀਤੋ ਤੇ ਪ੍ਰੇਮੇ ਨੂੰ ਆਪਣੇ ਪਿੰਡ ਦੇ ਪੁਰਾਣੇ ਸਕੂਲ ਵਿਚੋਂ ਹਟਾ ਕੇ ਨਾਲ ਦੇ ਸ਼ਹਿਰ ਪੜ੍ਹਨੇ ਪਾਵਾਂਗਾ...ਕਿਥੇ ਪਿੰਡਾਂ ਦੀਆਂ ਘਟੀਆ ਪੜ੍ਹਾਈਆ ਤੇ ਕਿਥੇ ਸ਼ਹਿਰੀ ਆਬੋ ਹਵਾ ਵਿੱਚ ਨਵੇਂ ਨਵੇਂ ਢੰਗ ਪੜ੍ਹਾਈ ਕਰਵਾਣ ਦੇ।

...ਦੋਵੇਂ ਬੱਚੇ ਭੱਜ ਕੇ ਉਸ ਦੀਆਂ ਲੱਤਾਂ ਨੂੰ ਚਿੰਬੜ ਜਾਣਗੇ ਤੇ ਆਹ ਕਪੜੇ, ਮਠਿਆਈਆਂ, ਤੇ ਖਾਸ ਤੌਰ ਤੇ ਉਨ੍ਹਾਂ ਲਈ ਲਿਆਂਦੇ ਪਟਾਕੇ, ਬੰਬ, ਜਹਾਜ਼ ਤੇ ਫੁੱਲ ਝੜੀਆਂ ਸਾਰੇ ਪਿੰਡ ਦੇ ਬੱਚਿਆਂ ਨੂੰ ਦਿਖਾ ਕੇ ਉਹਨਾਂ ਤੇ ਆਪਣੀ ਅਮੀਰੀ ਦੀ ਧਾਂਕ ਪਾਉਣਗੇ...ਤੇ ਪੁਛਦੇ ਫਿਰਨਗੇ ਕਿ ਤੁਹਾਡੇ ਬਾਪੂ ਨੇ ਤੁਹਾਨੂੰ ਕੀ ਕੀ ਲਿਆ ਕੇ ਦਿਤਾ ਹੈ।

ਬੰਤੀ ਨੇ ਤਾਂ ਦੂਹਰੀ ਖੁਸ਼ੀ ਵਿੱਚ ਘਰ ਦਾ ਕੋਨਾ ਕੋਨਾ ਸਜਾ ਮਾਰਿਆ ਹੋਵੇਗਾ ਇੱਕ ਤਾਂ ਮੇਰੇ ਆਉਣ ਦੀ ਚਿੱਠੀ ਪੜ੍ਹ ਕੇ ਦੂਜਾ ਦੀਵਾਲੀ ਕਰ ਕੇ।

ਪਿੰਡ ਦੇ ਸਾਰੇ ਆਦਮੀ ਦੂਰੋਂ ਹੀ ਹੱਥ ਜੋੜ ਕੇ 'ਵਾਹਿਗੁਰੂ ਜੀ ਕੀ ਫਤਿਹ ਚੱਤਰ ਸੰਹੁ ਜੀ' ਕਹਿ ਕਿ ਮੈਥੋਂ ਮੇਰੀ ਸ਼ਹਿਰੀ ਨੌਕਰੀ ਬਾਰੇ, ਵਧਦੀ ਮਹਿੰਗਾਈ ਬਾਰੇ, ਨਵੀਂ ਸਰਕਾਰ ਬਾਰੇ ਤੇ ਹੋਰ ਅਨੇਕਾਂ ਗੱਲਾਂ ਤੇ ਖਬਰਾਂ ਪੁੱਛਣਗੇ।

ਜਿਹੜੇ ਕਦੀ ਮੇਰੇ ਨਾਲ ਗੱਲ ਕਰਨੋਂ ਕਤਰਾਉਂਦੇ ਸਨ, ਉਹ ਹੁਣ ਵਲ ਪਾ ਕੇ ਮਿਲਿਆ ਕਰਨਗੇ, ਜਦੋਂ ਪਿੰਡੋਂ ਬਾਹਰਵਾਰ ਮੈਂ ਆਪਣੀ ਕੋਠੀ ਪਾਈ ਤਾਂ ਲੋਕ ਕਰਜ਼ਾ ਲੈਣ ਦੇ ਲਾਲਚ ਵਿੱਚ ਮੇਰੀ ਬਣਦੀ ਕੋਠੀ ਤੇ ਮੁਫਤ ਕੰਮ ਕਰਨ ਲਈ ਆਇਆ ਕਰਨਗੇ... ਮੈਂ ਜ਼ਰਾ ਆਕੜ ਜਿਹੀ ਵਿੱਚ ਕਹਾਂਗਾ, 'ਕਿਉਂ ਬਈ ਕਿਉਂ ਤਕ-ਲੀਫ ਕਰਨੀ ਸੀ, ਰੱਬ ਦੀ ਦਯਾ ਨਾਲ ਬਹੁਤ ਆਦਮੀ ਕੰਮ ਕਰਦੇ ਹਨ ਅੱਗੇ ਹੀ... 'ਤਾਂ ਉਹ ਅਗੋਂ ਕਹਿਣਗੇ...'ਭਾਈ ਚੱਤਰ ਸਿਆਂ ਤੂੰ ਵੀ ਭੋਲੀਆਂ ਗੱਲਾਂ ਕਰਦਾ ਏ... ਕੀ ਤੇਰੇ ਤੇ ਸਾਡਾ ਕੋਈ ਹੱਕ ਨਹੀਂ ਅਸੀ ਤਾਂ ਇਹ ਆਪਣਾ ਕੰਮ ਸਮਝ ਕੇ ਕਰਦੇ ਹਾਂ ਨਾ ਕਿ ਤੇਰਾ।'

ਨੌਕਰੀ ਤੋਂ ਤਾਂ ਹੁਣ ਛੁਟਕਾਰਾ ਪਾ ਹੀ ਲਿਆ ਹੈ...ਕਿਉਂ ਕਿਸੇ ਦੀ ਗੁਲਾਮੀ ਕਰੀਏ? ਰੱਬ ਦਾ ਦਿਤਾ ਸਭ ਕੁਝ ਹੈ ਕਿਉਂ ਨਾ ਚਾਰ ਦਿਹਾੜੇ ਆਰਾਮ ਦੇ ਕੱਟੀਏ...ਲੋਕਾਂ ਵਾਂਗੂੰ ਹੂੰਦਿਆਂ ਸੁੰਦਿਆਂ ਮਰੂੰ ਮਰੂੰ ਥੋੜੀ ਕਰਨੀ ਹੈ ਅਸੀਂ ਹੋਏ ਸ਼ੇਰ ਦਿਲ... ਇੱਕੋ ਥਾਂ ਬੈਠੇ ਬੈਠੇ ਚਾਰ ਚਾਰ ਸੌ ਨੂੰ ਫੂਕ ਮਾਰਦੀਏ।

ਇੱਕ ਹੋਰ ਖਿਆਲ ਨੇ ਉਸ ਨੂੰ ਬਹੁਤ ਹੀ ਖੁਸ਼ ਕਰ ਦਿਤਾ ਜਦ ਉਸ ਨੂੰ ਯਾਦ ਆਇਆ ਕਿ ਅਗਲੇ ਸਾਲ ਪੰਚਾਇਤ ਦੀਆਂ ਚੋਣਾਂ ਆ ਰਹੀਆਂ ਹਨ...ਕਿਉਂ ਨਾ ਹੁਣ ਤੋਂ ਹੀ ਲੋਕਾਂ ਨੂੰ ਕਾਣੇ ਕਰਨਾ ਸ਼ੁਰੂ ਕਰ ਦੇਈਏ? ਕਿਸੇ ਨੂੰ ਵਿਆਜੂ ਕਿਸੇ ਨੂੰ ਉਧਾਰ, ਕਿਸੇ ਦੀ ਉਗਾਹੀ ਭਰ ਕੇ ਤੇ ਕਿਸੇ ਲਈ ਸਿਫਾਰਸ਼ ਲੜਾ ਕੇ...ਤੇ ਆਪੂੰ ਲੋਕਾਂ ਲਾਲਚ ਦਿਆਂ ਪੁਤਲਿਆਂ ਨੇ ਕਹਿਣਾ ਹੈ 'ਚੱਤਰ ਸਿਆਂ ਜਰਾ ਸੋਚ ਤੇ ਸਹੀ ਤੇਰੇ ਨਾਲੋਂ ਚੰਗਾ ਪੜ੍ਹਿਆ ਗੁਣਿਆਂ... ਬੁਧੀ ਵਾਲਾ ਤੇ ਦਿਆਨਤਦਾਰ ਆਦਮੀ ਹੋਰ ਕੌਣ ਮਿਲ ਸਕਦਾ ਹੈ'। ਕਿਉਂਕਿ ਅੱਜ ਕੱਲ ਲੋਕ ਆਪਣੇ ਜ਼ਾਤੀ ਫਾਇਦੇ ਖਾਤਰ ਆਮ ਆਦਮੀ ਨੂੰ ਭੀ ਇਹ ਡਿਗਰੀਆਂ ਦੇ ਮਾਰਦੇ ਹਨ। ਮੈਂ ਵਖਾਵੇ ਦੇ ਤੌਰ ਤੇ ਕਹਿ ਦਿਆਂਗਾ...'ਬਈ ਜੇ ਸਾਰੇ ਭਰਾ ਇਹ ਸਰਪੰਚੀ ਦਾ ਭਾਰ ਮੇਰੇ ਤੇ ਹੀ ਪਾਉਣਾ ਚਾਹੁੰਦੇ ਹਨ ਤਾਂ ਮੈਨੂੰ ਕੀ ਉਜਰ ਹੋ ਸਕਦਾ ਹੈ...ਸੰਗਤ ਦਾ ਹੁਕਮ...ਰੱਬ ਦਾ ਹੁਕਮ. ਪਰ ਵੈਸੇ ਮੈਂ ਅਣਜਾਣ ਤੇ ਤੁਛ ਜਿਹੀ ਬੁਧੀ ਵਾਲਾ ਆਦਮੀ ਇੰਨੇ ਵੱਡੇ ਕੰਮ ਦੇ ਲਾਇਕ ਤਾਂ ਨਹੀਂ...ਪਰ ਜੇ ਤੁਹਾਡਾ ਭਰਾਵਾਂ ਦਾ ਹੱਥ ਮੇਰੇ ਸਿਰ ਤੇ ਹੈ ਤਾਂ ਮੈਨੂੰ ਫਿਕਰ ਹੀ ਕਾਹਦਾ ਹੈ?'

...ਜ਼ਿਆਦਾ ਹਨੇਰਾ ਹੋਣ ਤੇ ਸੋਚਾਂ ਵਿਚ ਡੁਬਿਆ ਹੋਣ ਕਰਕੇ ਉਹ ਭੁਲ ਹੀ ਬੈਠਾ ਸੀ ਕਿ ਉਸ ਦਾ ਘਰ ਆ ਗਿਆ ਹੈ। ਤਾਂਗੇ ਵਾਲਾ ਕਹਿ ਰਿਹਾ ਸੀ, 'ਉਤਰੋ' ਸਰਦਾਰ ਜੀ ਘਰ ਪਹੁੰਚ ਗਏ ਹਾਂ।' ਉਹ ਤਾਂਗੇ ਵਾਲੇ ਨੂੰ ਕੀਤੇ ਪੈਸਿਆਂ ਤੋਂ ਵੀ ਵੱਧ ਦੇ ਕੇ ਤਾਂਗੇ ਵਿਚੋਂ ਉਤਰ ਗਿਆ...ਸਮਾਨ ਤਾਂਗੇ ਵਾਲੇ ਨੇ ਦਰਵਾਜ਼ੇ ਮੂਹਰੇ ਰੱਖ ਦਿਤਾ ਸੀ...ਚੱਤਰ ਸਿੰਘ ਨੇ ਸਾਰੇ ਜ਼ੋਰ ਨਾਲ ਬੂਹਾ ਖੜਕਾਇਆ। ਖੜਕਾ ਸੁਣ ਕੇ ਉਹ ਅਬੜਵਾਹੇ ਉੱਠ ਬੈਠਾ...ਬੰਤੋ ਸਿਰ ਤੇ ਖੜੀ ਕਹਿ ਰਹੀ ਸੀ...'ਅਮਲੀਆ ਉੱਠ ਬਾਹਰ ਖੇਅਰਨੀ ਜਿਉਣ ਸਿਹੁੰ ਤਖਤੇ ਭੰਨਣ ਡਿਐ...ਤੂੰ ਵੀ ਕੋਹੜੀਆ ਘੋੜੇ ਵੇਚ ਕੇ ਸੌਂਦਾ ਏ...ਲੋਕੀ ਕਦੋਂ ਦੇ ਦਿਹਾੜੀਆਂ ਕਰਨ ਗਏ ਹਨ...ਪਰ ਤੂੰ ਮਰੇ ਦਾ ਮਰਿਆ ਪਿਆ ਏਂ ਅਜੇ...ਫੇਰ ਤੈਨੂੰ ਕੌਣ ਕੱਲ ਨੂੰ ਲਏਗਾ ਭੀਮੇਂ ਨੂੰ, ਜੇ ਜਾਵੇਂਗਾ ਈ ਸੱਤ ਬਜੇ'...ਮੇਰੀ ਵੀ ਔਤ-ਰਿਆਂ ਦੀ ਜਾਗਦੀ ਦੀ ਅੱਖ ਲੱਗਗੀ...'

ਬਾਹਰ ਜਿਉਣ ਸਿੰਘ ਕੜਕ ਰਿਹਾ ਸੀ...'ਉਏ ਚਤਰੂ ਫੇਰ ਤਾਂ ਤਲੀ ਤੇ ਪੰਜਾਂ ਦਾ ਰਖਾਲੇਂ ਗਾ ਨਾਲੇ ਸਾਲਿਆ ਚਾਹ ਵੀ ਸਾਰਿਆਂ ਨਾਲੋਂ ਵੱਧ ਪੀਂਦਾ ਏਂ...ਤੇ ਅਜੇ ਤਾਈਂ ਬੰਤੋ ਮਲਕਾਂ ਦੀ ਬੁੱਕਲ

- ਬਾਕੀ ਸਫ਼ਾ ੫੬ ਤੇ

# ਬਦਲਾ

ਬੱਕਨ, ਵੈਨਕੂਵਰ

ਪਾਲੇ ਦੇ ਸੰਸਕਾਰ ਦੀਆਂ ਰਸਮਾਂ ਪੂਰੀਆਂ ਹੋ ਚੁਕੀਆਂ ਸਨ। ਰੂੜੀ ਚੁਲੇ ਮੂਹਰੇ ਪਏ ਭਾਂਡੇ ਮਾਂਜਣ ਬੈਠੀ ਹੀ ਸੀ ਕਿ ਕਿਸੇ ਦੀ ਆਵਾਜ਼ ਨੇ ਉਸ ਦੇ ਕੰਨ ਖੜੇ ਕਰ ਦਿਤੇ। "ਕੱਖ ਨਾ ਰਹੇ ਕੋਹ ਹੋਣਿਆਂ ਦਾ, ਪਲ ਵਿਚ ਸੋਨੇ ਵਰਗਾ ਪੁੱਤ ਮਿੱਟੀ ਵਿਚ ਮਿਲਾਤਾ।"

ਰੂੜੀ ਦੀਆਂ ਸੁੱਕੀਆਂ ਅੱਖਾਂ ਵਿਚ ਅਥਰੂ ਸਿੰਮ ਆਏ। "ਭੋਗ ਲਾ ਮਨਾਂ ਚੁੱਪ ਕਰ ਕੇ ਲਿਖੀਆਂ ਲੇਖ ਦੀਆਂ" ਬੈਠਦਿਆਂ ਹੋਇਆ ਹੌਕਾ ਲੈ ਕੇ ਰੱਖੀ ਨੇ ਆਖਿਆ। "ਦਿਲ ਛੱਡਿਆਂ ਕੀ ਬਣਦਾ-ਰੱਬ ਦਾ ਭਾਣਾ ਮਿੱਠਾ ਕਰਕੇ ਮੰਨ। ਇਉਂ ਤਾਂ ਤੇਰੇ ਹੀਰਿਆਂ ਵਰਗੇ ਪੁੱਤ ਰੁਲ ਜਾਣਗੇ, ਨਾ ਮੇਰੀ ਧੀ ਕਾਹਨੂੰ ਅੱਖਾਂ ਗਾਲਦੀ ਏਂ। ਹੁਣ ਕਿਹੜਾ ਵਿਚਾਰੇ ਨੇ ਮੁੜ ਆਉਣਾ, ਸਬਰ ਕਰਕੇ ਦਿਨ ਕੱਟ ਲੈ।" ਇਸ ਤਰ੍ਹਾਂ ਰੱਖੀ ਨੇ ਉਸਨੂੰ ਬੁੱਕਲ ਵਿਚ ਲੈ ਕੇ ਮਸਾਂ ਚੁੱਪ ਕਰਾਇਆ। ਮੈਂ ਗੇਬੇ ਨੂੰ ਆਖੂੰ ਤੈਨੂੰ ਬਾਹਰਲੇ ਕੰਮ ਵਿਚ ਹੱਥ-ਪਲੱਥੀ ਪੁਆ ਦਿਆ ਕਰੂ।"

ਰੱਖੀ ਪਿੰਡ ਦੇ ਪੰਕਿਆਂ ਵਲੋਂ ਨੇੜੇ ਲਗਦੀ ਸਿਆਣੀ ਬੁੜ੍ਹੀ ਸੀ। ਕਦੇ ਨਾ ਕਦੇ ਰੂੜੀ ਉਸ ਨਾਲ ਆਪਣਾ ਦਿਲ ਹੌਲਾ ਕਰ ਲੈਂਦੀ ਸੀ। ਕਾਫੀ ਦਿਨਾਂ ਦੀ ਧੀ ਕੋਲ ਗਈ ਹੋਣ ਕਰਕੇ ਉਸ ਨੂੰ ਪਾਲੇ ਦੇ ਕਤਲ ਦਾ ਪਤਾ ਨਹੀਂ ਲਗਾ ਸੀ। ਅੱਜ ਸਵੇਰੇ ਜਦੋਂ ਪਿੰਡ ਆਈ ਤਾਂ ਉਸਨੂੰ ਪਤਾ ਲਗਾ ਤਾਂ ਜਾਣੀ ਉਸ ਦਾ ਸਿਰ ਚਕਰਾਉਣ ਲਗਾ। ਇਹੀ ਹਾਲ 20 ਸਾਲ ਪਹਿਲਾਂ ਉਸ ਦੇ ਘਰ ਦਾ ਸੀ। ਨੂੰਹ ਪੁੱਤ ਹੱਲੇ ਗੁੱਲੇ ਵੇਲੇ ਪਾਕਿਸਤਾਨ ਰਹਿ ਗਏ ਸਨ। ਸਿਰ ਦਾ ਸਾਈਂ ਇਕ ਸਾਲ ਪਹਿਲਾਂ ਦੁਸ਼ਮਣਾਂ ਲੈ ਲਿਆ ਸੀ। ਉਹਨਾਂ ਦੀ ਇਕੋ ਇਕ ਨਿਸ਼ਾਨੀ ਗੇਬੇ ਨੂੰ ਹਿੱਕ ਨਾਲ ਲਾਈ ਪਿੰਡ ਰਾਏ ਕੀ ਆ ਵੱਸੀ ਸੀ। ਹੁਣ ਪੋਤ ਨੂੰਹ ਆਉਣ ਨਾਲ ਸੁੱਖ ਨਾਲ ਦਿਨ ਫਿਰ ਗਏ ਸਨ।

ਪੁਲਿਸ ਆਈ ਆਪਣੀ ਕਾਰਵਾਈ ਕਰਕੇ ਚਲਦੀ ਹੋਈ। ਮੁਕੱ-ਦਮਾ ਚਲਿਆ ਲੰਬੜਾਂ ਝੂਠੀਆਂ, ਸੱਚੀਆਂ ਗਵਾਹੀਆਂ ਦੁਆ ਕੇ ਖੁਰਦ ਬੁਰਦ ਕਰਾ ਦਿਤਾ। ਕਹਿੰਦੇ ਆ, "ਡਾਢਿਆਂ ਦਾ ਸੱਤੀਂ ਵੀਹੀਂ ਸੌ"। ਮੁਕੱਦਮਾ ਵੀ ਤਾਂ ਸਿਰੇ ਚੜ੍ਹਦਾ ਜੇ ਸ਼ਰੀਕ ਹਿੱਕ ਤੇ ਪਿੱਪਲ ਬਣੇ। ਪਿੱਪਲ ਤਾਂ ਲੰਬੜਾ ਜੜਾਂ ਤੋਂ ਵੱਢ ਦਿਤਾ। ਪਾਲੇ ਦੇ ਦੋ ਮੁੰਡੇ ਤੇ ਇਕ ਕੁੜੀ ਸੀ। ਕੁੜੀ ਸੁਖ ਨਾਲ ਪਹਿਲਾਂ ਹੀ ਵਿਆਹੀ ਗਈ ਸੀ। ਵੱਡਾ ਬਿੱਲੂ 15 ਕੁ ਸਾਲਾਂ ਦਾ ਸੀ। ਛੋਟਾ ਦੀਪਾ 12 ਕੁ ਦਾ ਹੋਵੇਗਾ। ਗੇਬਾ ਬਚਪਨ ਤੋਂ ਹੀ ਬਿੱਲੂ ਦਾ ਆੜੀ ਸੀ ਭਾਵੇਂ ਉਮਰ ਵਿਚ 6-7 ਵਰ੍ਹੇ ਵੱਡਾ ਸੀ। ਜਦ ਕਦੇ ਹੁਣ ਦੋਵੇਂ ਗੱਲਾਂ ਛੋਹ ਲੈਂਦੇ ਤਾਂ ਬਿੱਲੂ ਛੇਤੀ ਹੀ ਉਦਾਸ ਹੋ ਜਾਂਦਾ। ਕਈ ਵਾਰ ਪੁੱਛਣ ਤੇ ਵੀ ਆਪਣੀ ਦਿਲੀ ਗੱਲ ਨਾ ਦੱਸਦਾ। "ਕਿਤੇ ਕਿਤੇ ਕਾਲਜੇ ਵਿਚ ਖੋਹ ਪੈ ਜਾਂਦੀ ਹੈ ਤੇ ਬਸ ਚਿੱਤ ਉਦਾਸ..." ਕਈ ਵਾਰ ਇਸੇ ਤਰ੍ਹਾਂ ਗੱਲ ਟਾਲ ਛੱਡਦਾ। ਭਾਵੇਂ ਇਹ ਉਦਾਸੀ ਗੇਬੇ ਤੋਂ ਲੁਕੀ ਨਹੀਂ ਸੀ ਪਰ ਫਿਰ ਵੀ ਗੇਬਾ ਉਸ ਤੋਂ ਬਹੁਤੀ ਪੁੱਛਣ ਦੀ ਹਿੰਮਤ ਨਾ ਕਰਦਾ।

ਬਿਲੂ ਅਜੇ ਮਸਾਂ ਪੈਰਾਂ ਤੇ ਹੀ ਖੜਾ ਸੀ ਲੰਬੜਾਂ ਫੇਰ ਉਹਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਈਰਖਾ ਇਥੋਂ ਤਕ ਵਧ ਗਈ ਕਿ ਬਿੱਲੂ ਨੂੰ ਲੰਬੜਾਂ ਚੋਰੀ ਦੇ ਕੇਸ ਵਿਚ 6 ਮਹੀਨੇ ਅੰਦਰ ਕਰਾ ਦਿਤਾ।

ਸੱਥਾਂ, ਪਰ੍ਹਿਆਂ ਵਿਚ ਗੱਲਾਂ ਚਲ ਪਈਆਂ। "ਵੇਖੋ ਉਏ ਲੰਬੜ ਨੇ ਕੀ ਲੱਹਤਾਂ ਮਾਰਿਆ। ਹੇ ਜਿਹੇ ਬੰਦੇ ਦਾ ਕਿਵੇਂ ਸੁਰਗਾਂ ਵਿਚ ਵਾਸਾ ਹਊ।" ਬੁੜਾ ਝੰਡਾ ਬੋਲਿਆ। "ਵੇਖੀ ਏਹਨੂੰ ਨਰਕਾਂ ਵਿਚ ਢੋਏ ਨੀ ਮਿਲਨੀ," 'ਕਾਲੀ ਕਿਹਾ। "ਸੁਣਿਆਂ ਪਾਲੇ ਦਾ ਬਿੱਲੂ ਲੰਬੜ ਨੇ ਕੈਦ ਕਰਾਤਾ।" ਗੀਡੇ ਬੁੜੇ ਨੇ ਬੈਠਦਿਆਂ ਚੁਪ ਤੋੜੀ। "ਦੁਨੀਆਂ ਤੇ ਪਰਲੋਂ ਆਉਣ ਵਾਲੀ ਆ, ਹੁਣ ਤਾਂ ਸਾਊ ਬੰਦਿਆਂ ਦਾ ਵੇਲਾ ਈ ਨੀ ਰਹਿ ਗਿਆ ਗੀਡਾ ਸਿਆਂ," ਝੰਡੇ ਨੇ ਜਵਾਬ ਦਿਤਾ।

ਇਸ ਤਰ੍ਹਾਂ ਆਏ ਦਿਨ ਸੱਥ ਵਿਚ ਗੱਲਾਂ ਚਲਦੀਆਂ ਰਹਿੰਦੀਆਂ। ਇਥੇ ਮੇਲੇ ਵਾਂਗ ਸੂਰਜ ਚੜ੍ਹਦੇ ਤੋਂ ਡੁੱਬਦੇ ਤਕ ਝੁਰਮਟ ਲਗਾ ਰਹਿੰਦਾ। "ਸੁਣਿਆ ਲੰਬੜ ਦੇ ਸੱਗੜ ਨੇ ਦੀਪੇ ਨੂੰ ਬਾਹਰ ਕੁਟਿਆ" ਆਉਂਦਿਆਂ ਹੀ ਰੁਲਦੂ ਨੇ ਸੱਥ ਵਿਚ ਨਵੀਂ ਗੱਲ ਸੁਣਾਈ। "ਮੱਖਿਆ ਮੈਂ ਵੀ ਕਿਹਾ ਆ ਕਤੀੜ ਕਿਵੇਂ ਵਿਹੀ ਵਿਚ ਫਿਰਦੀ ਆ" ਕੋਲੋਂ ਬੁੜੇ ਸੁਰੈਣੇ ਨੇ ਗਰੂਨੇ ਦੀ ਤੀਲ ਭੰਨਦਿਆਂ ਪੁਲਿਸ ਵਲ ਇਸ਼ਾਰਾ ਕਰਕੇ ਕਿਹਾ। "ਕਹਿੰਦੇ ਜੇ ਗੇਬਾ ਨਾ ਆਉਂਦਾ ਤਾਂ ਦੀਪੇ ਨੂੰ ਮਾਰ ਈ ਘਤਣਾ ਸੀ" ਘੀਚੜ ਅਮਲੀ ਨੇ ਕਿਹਾ। "ਹੁਣ ਤਾਂ ਭੂਤਨੇ ਆ ਵੜੇ ਪਿੰਡ ਵਿਚ ਰੱਬ ਮੇਹਰ ਕਰੇ"। ਝੰਡੇ ਨੇ ਹੌਕਾਂ ਲੈਂਦਿਆਂ ਚੁੱਪ ਦਾ ਮਹੌਲ ਤੋੜਿਆ। "ਇਹਨਾਂ ਤਿਲਾਂ ਵਿਚ ਤੇਲ ਨਹੀਂ" ਕੋਲੋਂ ਕੋਈ ਤੀਲੀ ਲਾ ਦਿੰਦਾ। ਇਸੇ ਤਰ੍ਹਾਂ ਹਰ ਰੋਜ਼ ਸੱਥ ਵਿਚ ਕਿਸੇ ਨਾ ਕਿਸੇ ਗੱਲ ਉਤੇ ਜੱਕੜ ਚਲਦੇ ਰਹਿੰਦੇ।

ਅੱਜ ਜਦੋਂ ਗੇਬਾਂ ਮੁਲਾਕਾਤ ਕਰਨ ਗਿਆ ਤਾਂ ਬਿਲੂ ਪਹਿਲੇ ਤੋਂ ਉਲਟ ਉਦਾਸ ਮਿਲਿਆ। "ਕੀ ਗੱਲ ਆ ਬਿੱਲੂ ? ਰਾਤੀਂ ਮਾੜਾ ਸੁਪਨਾ ਆਇਆ ਸੀ ਪਿੰਡ ਸੁਖ ਸਾਂਦ ਹੈ ?" "ਹਾਂ" ਗੇਬੇ ਦੇ ਮੂੰਹੋਂ ਨਿਕਲਿਆਂ ਤੇ ਉਸ ਅੱਖਾਂ ਨੀਵੀਆਂ ਪਾ ਲਈਆਂ। "ਦੀਪਾ ਨੀ ਆਇਆ ?" ਉਸ ਫਿਰ ਪੁਛਿਆ। ਕੁਝ ਚਿਰ ਚੁਪ ਰਹਿਣ ਬਾਅਦ ਗੇਬਾ ਬੋਲਿਆ, "ਉਹ ਹਸਪਤਾਲ...ਉਸ ਦੇ ਮੂੰਹੋਂ ਮਸਾਂ ਲਫਜ਼ ਨਿਕਲੇ। ਪਰ ਛੇਤੀ ਸੰਭਲ ਗਿਆ, "ਜੇ ਮੈਂ ਮੌਕੇ ਤੇ ਨਾ ਹੁੰਦਾ ਲੰਬੜਾ ਨੇ ਉਈਂ ਜਾਹ ਜਾਂਦੀ ਕਰ ਦੇਣੀ ਸੀ।" ਬਿੱਲੂ ਦੀਆਂ ਅੱਖਾਂ ਚੋਂ ਦੋ ਮੋਟੇ ਮੋਟੇ ਹੰਝੂ ਡਿੱਗੇ ਪਰ ਜਲਦੀ ਹੀ ਆਪਣੇ ਆਪ ਤੇ ਕਾਬੂ ਪਾ ਲਿਆ ਤੇ ਬੋਲਿਆ "ਵੱਢ ਖਾਣੇ ਊਠ ਨੂੰ ਪਹਿਲਾਂ ਛਿੱਕਲਾ ਪਾਇਆ ਚੰਗਾ ਮਗਰੋਂ ਕੀ ਫਾਇਦਾ" ਤੇ ਲੰਬਾ ਹੌਕਾ ਲੈ ਕੇ ਚੁਪ ਕਰ ਗਿਆ। ਕੁਝ ਚਿਰ ਪਿਛੋਂ ਗੇਬੇ ਨੇ ਭਰੇ ਦਿਲ ਨਾਲ ਕਿਹਾ, "ਤੇਰੇ ਹੌਕੇ ਮੇਰੀ ਹਿੱਕ ਚੀਰ ਜਾਂਦੇ ਆਂ, ਬਿੱਲੂ ਕਿਤੇ ਮੌਕਾ ਮਿਲਿਆ ਤਾਂ ਤੇਰੀ ਥਾਂ ਮੈਂ ਹਿੱਕ ਤਾਣੀ ਖੜਾ ਹੋਵਾਂਗਾ।" "ਵੱਸਦਾ ਰਹੁ ਮਿੱਤਰਾ ਰੱਬ ਵਰਗਾ ਆਸਰਾ ਤੇਰਾ" ਬਿੱਲੂ ਦੇ ਮੂੰਹੋਂ ਨਿਕਲਿਆ। ਤੇ ਸੰਤਰੀ ਨੇ ਮੁਲਾਕਾਤ ਬੰਦ ਕਰਾ ਦਿਤੀ। ਇਸ ਤੋਂ ਬਾਅਦ ਦਿਨ ਬ-ਦਿਨ ਗੁਜ਼ਰਦੇ ਗਏ। ਉਹ ਦਿਨ ਵੀ ਆ ਗਿਆ ਜਦ ਗੇਬਾ ਤੇ ਦੀਪਾ ਉਹਨੂੰ ਲੈਣ ਲਈ ਜੇਲ੍ਹ ਅਗੇ ਖੜੇ ਸਨ।

ਬਿੱਲੂ ਕੁਝ ਚਿਰ ਘਰ ਬਹਿਣ ਤੋਂ ਬਾਅਦ ਕੰਮ ਵਿਚ ਰੁੱਝ

ਗਿਆ। ਪਰ ਉਸ ਦਾ ਚਿੱਤ ਕੰਮ ਵਿਚ ਨਾ ਲਗਦਾ। ਉਸ ਦੀਆਂ ਅੱਖਾਂ ਵਿਚ ਲੰਬੜ ਵਿਸਾਖਾ ਸਿਉਂ ਤੇ ਉਸਦੇ ਤਿੰਨੇ ਮੁੰਡੇ ਰੜਕਦੇ ਸਨ। ਉਹ ਵੀ ਬਿੱਲੂ ਦੀਆਂ ਅੱਖਾਂ ਦੀ ਲਾਲੀ ਨੂੰ ਤਾੜਦੇ ਸਨ ਜਿਵੇਂ ਕਿਸੇ ਮੌਕੇ ਦੀ ਉਡੀਕ ਵਿਚ ਹੋਣ। ਅੱਜ ਕੱਲ ਪਿੰਡ ਦੀ ਸੱਥ ਵਿਚ ਪਾਲੇ ਦੇ ਮੁੰਡਿਆਂ ਦੀਆਂ ਕਹਾਣੀਆਂ ਚਲਦੀਆਂ ਸਨ। "ਕਿੰਨਾ ਸਾਊ ਨਿਕਲਿਆਂ ਅਜੇ ਵੀ ਕੂੰਦਾ ਨਹੀਂ। ਸਾਲੇ ਲੰਬੜ..." ਕੋਈ ਕਹਿੰਦਾ। "ਮੁੰਡਾ ਪਾਲੇ ਦਾ ਈ ਆ ਉਹ ਹੋ!" ਕੋਈ ਹੌਕਾ ਲੈ ਕੇ ਕਹਿੰਦਾ। "ਅਜੇ ਕਿਹੜਾ ਪਿਛਾ ਛੱਡਦੇ ਆ। ਸਾਲੇ ਡਰਪੋਕ ਆ ਅਣਖ ਹੀ ਹੈ ਨੀ" ਵਿਚੋਂ ਕੋਈ ਅੱਗ ਲਾ ਦਿੰਦਾ।

ਬਿੱਲੂ ਘੱਟ ਵੱਧ ਹੀ ਘਰੇ ਰਹਿੰਦਾ ਸੀ। ਹਮੇਸ਼ਾਂ ਆਪਣੇ ਖੇਤ ਜਾਂ ਗੇਬੇ ਦੇ ਖੇਤ। ਖੇਤ ਉਹਨਾਂ ਦੇ ਆਪਸ ਵਿਚ ਨੇੜੇ ਸਨ। ਕਈ ਵਾਰ ਰੋਟੀ ਵੀ ਉਥੇ ਮੰਗਵਾ ਲੈਂਦਾ। ਉਸ ਸੁਣਿਆ ਸੀ ਕਿ ਲੰਬੜਾਂ ਦੇ ਵੇਲੇ ਕਵੇਲੇ ਬੰਦੇ ਆਉਂਦੇ ਰਹਿੰਦੇ ਹਨ। ਉਹ ਤੇ ਗੇਬਾ ਬੈਠੇ ਦਾਰੂ ਪੀਂਦੇ ਸਨ। ਜਦੋਂ ਸ਼ਾਮ ਨੂੰ ਪਿੰਡ ਵਲੋਂ ਚਲੇ ਦੋ ਫਾਇਰਾਂ ਦੀ ਆਵਾਜ਼ ਸੁਣੀ, ਗੇਬੇ ਦਾ ਦਾਰੂ ਵਾਲਾ ਗਲਾਸ ਮਸਾਂ ਡਿਗਦਾ ਡਿਗਦਾ ਬਚਿਆ। "ਖੈਰ ਨੀ ਬਿੱਲੂ" ਉਸ ਆਖਿਆ। ਵਜਾਏ ਕੋਈ ਜਵਾਬ ਦੇਣ ਦੇ ਉਹ ਸਿਧਾ ਰੋੜੂ ਵੱਲ ਨੂੰ ਹੋ ਤੁਰਿਆ। ਗੇਬਾ ਵੀ ਸੰਬਾਂ ਵਾਲੀ ਡਾਂਗ ਚੁੱਕ ਪਿਛੇ ਲੱਗ ਤੁਰਿਆ। ਰੋੜੂ ਦੀਆਂ ਜੜਾਂ ਥੱਲਿਉਂ ਪਸਤੌਲ ਤੇ ਕਾਰਤੂਸ ਕੱਢ ਸੰਭਾਲੇ। "ਰੱਬ ਕਰੇ ਦਿਲ ਦੀਆਂ ਰੀਝਾਂ ਪੂਰੀਆਂ ਹੋ ਜਾਣ" ਬਿੱਲੂ ਨੇ ਗੇਬੇ ਵੱਲ ਤੱਕ ਕੇ ਕਿਹਾ। ਜਦ ਰਾਹ ਵੱਲ ਝਾਕੇ ਤਾਂ ਉਹਦਾ ਸੀਰੀ ਰੇਲੂ ਭੱਜਾ ਆਉਂਦਾ ਨਜ਼ਰੀਂ ਪਿਆ। ਜਦੋਂ ਕੋਲ ਆਇਆ ਤਾਂ ਹਫੇ ਤੇ ਘਬਰਾਏ ਹੋਏ ਤੋਂ ਮਸਾਂ ਹੀ ਆਵਾਜ਼ ਨਿਕਲੀ ਸੀ, "ਬਾਈ ਲੁੱਟੇ ਗਏ।" ਉਸ ਛੇਤੀ ਪੁਛਿਆ, "ਉਹ ਕੀ ਹੋਇਆ"? "ਦੀਪਾ ਮਾਰ ਤਾ" ਉਸ ਦੇ ਮੂੰਹੋਂ ਨਿਕਲਿਆ ਹੀ ਸੀ ਕਿ ਬਿੱਲੂ ਦੇ ਮੂੰਹੋਂ ਡਰਾਉਣੀ ਚੀਕ ਨਿਕਲੀ, "ਬਦਲਾ"। ਜਿਵੇਂ ਉਹ ਪਾਗਲ ਹੋ ਗਿਆ ਹੁੰਦਾ ਹੈ। "ਤੂੰ ਆਪਣਾ ਬਚਾ ਕਰ" ਗੇਬੇ ਨੇ ਰੇਲੂ ਨੂੰ ਕਿਹਾ।

ਇਸ ਪਿਛੋਂ ਉਹ ਰਾਹ ਪੈ ਗਏ। ਗੇਬੇ ਨੇ ਪਤੇ ਤੇ ਜਾਣ ਦੀ ਵਜਾਏ ਡੰਡੀ ਤੇ ਜਾਣ ਲਈ ਬਿੱਲੂ ਨੂੰ ਸਲਾਹ ਦਿਤੀ। ਉਹ ਪਹਿਲਾਂ ਘਰੇ ਜਾਣਾ ਚਾਹੁੰਦੇ ਸਨ। ਜਦੋਂ ਉਹ ਡੰਡੀ ਵੱਲ ਅਹੁਲੇ ਤਾਂ ਅਗੋਂ ਆਵਾਜ਼ ਆਈ, "ਕਿਹੜਾ" "ਲੰਬੜਾਂ ਦਾ ਜੁਆਈ" ਬਿੱਲੂ ਨੇ ਆਵਾਜ਼ ਪਛਾਣਦਿਆਂ ਕਿਹਾ। ਗੇਬਾ ਆਵਾਜ਼ ਪਛਾਣਨ ਸਾਰ ਚਰੀ ਵਿਚ ਲੁਕ ਗਿਆ। "ਆ ਜਾ ਤੈਨੂੰ ਸਲਾਮੀ ਪਾਉਣ ਆਏ ਆਂ" ਅੱਗੋਂ ਸੱਗੜ ਨੇ ਜਾਵਾਬ ਦਿਤਾ। "ਆ ਜਾ ਫਿਰ" ਮੇਠੇ ਦੇ ਬੋਲ ਅਜੇ ਮੂੰਹ ਵਿਚ ਹੀ ਸਨ ਕਿ ਕਾੜ੍ਹ ਕਰਦੀ ਡਾਂਗ ਮੇਠੇ ਦੀ ਬੰਦੂਕ ਵਾਲੀ ਬਾਂਹ ਤੇ ਵੱਜੀ ਨਾਲ ਦੋਹਾਂ ਪਾਸਿਆਂ ਤੋਂ ਗੋਲੀ ਚਲੀ ਜਿਹੜੀ ਬਿੱਲੂ ਵਲੋਂ ਲੰਬੜ ਵਿਸਾਖੇ ਦੇ ਮੱਥੇ ਵਿਚੋਂ ਪਾਰ ਹੋਈ। ਇਸ ਤੋਂ ਪਹਿਲਾਂ ਕਿ ਸੱਗੜ ਸੇਲੇ ਨਾਲ ਵਾਰ ਕਰਦਾ ਦੂਜੀ ਵਾਰ ਤਿੰਨ ਗੋਲੀਆਂ ਸੱਗੜ ਦੀ ਹਿੱਕ ਚੀਰ ਗਈਆਂ। ਮੇਠੇ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਦੂਜੀ ਡਾਂਗ ਫਿਰ ਸਿਰ ਤੇ ਵੱਜਣ ਨਾਲ ਉਹ ਵੀ ਡਿੱਗ ਪਿਆ ਬਿੱਲੂ ਨੇ ਲਲਕਾਰਾ ਮਾਰਿਆ "ਅੱਜ ਰੰਡੀਆਂ ਕਰ ਦੂ ਜੱਟ, ਬੜਾ ਵੇਖਿਆ ਥੋਡੇ ਸੂਰਮਿਆਂ ਵੱਲ" ਤੇ ਨਾਲ ਇਕ ਦੋ ਗੋਲੀਆਂ ਮਾਰਕੇ ਲੋਥਾਂ ਮਿੱਟੀ ਤੇ ਪਾ ਦਿਤੀਆਂ।

ਪੂਰੇ ਦੀ ਹਵਾ ਨੇ ਲੰਬੜਾਂ ਦੇ ਘਰੇ ਜਾ ਸੁਨੇਹਾ ਦਿਤਾ ਤੇ ਦੂਜੇ ਪਲ ਗੇਬਾ ਤੇ ਬਿੱਲੂ ਲੰਬੜਾਂ ਦੇ ਬਾਰ ਅਗੇ ਸੀ। ਬਿੱਲੂ ਨੇ ਫਿਰ ਲਲਕਾਰਾ ਮਾਰਿਆ, "ਆ ਗੇ ਲੰਬੜਾਂ ਦੇ ਜੁਆਈ ਖੋਹਲੋ ਬਾਰ" ਉਤੋਂ ਗੋਲੀਆਂ ਦੀ ਬੁਛਾੜ ਆਈ। ਥੱਲਿਉਂ ਵੀ ਜਵਾਬ ਗਿਆ ਪਰ ਲੰਬੜ ਦਾ ਤੀਜਾ ਮੁੰਡਾ ਸੀਰਾ ਤੇ ਉਹਦੇ ਸਾਥੀ ਸ਼ਰਾਬ ਨਾਲ ਰੱਜੇ ਅੰਨੇ ਵਾਹ ਗੋਲੀਆਂ ਚਲਾਉਣ ਲਗੇ। ਅੰਤ ਅੰਦਰੋਂ ਕਾਰਤੂਸ ਮੁੱਕਣ ਤੇ ਉਹ ਤਿੰਨ ਚਾਰ ਜਾਣੇ ਚੁਬਾਰੇ ਤੋਂ ਬਾਹਰ ਆਏ। ਗੇਬੇ ਨੇ ਮੌਕਾ ਤਾੜ ਲੰਬੜਾਂ ਦੀ ਬਾਹਰੋਂ ਲਿਆਂਦੀ ਬੰਦੂਕ ਨਾਲ ਤਿੰਨ ਚਾਰ ਫਾਇਰ ਕੀਤੇ ਬਿੱਲੂ ਨੇ ਵੀ ਫਾਇਰ ਸ਼ੁਰੂ ਕਰ ਦਿਤਾ ਮਿੰਟਾਂ ਵਿਚ ਉਹਨਾਂ ਦਾ ਵੀ ਡਿੱਗਣ ਧੜਕਾ ਮਲੂਮ ਹੋਇਆ। ਪੂਰੀ ਤਸੱਲੀ ਕਰਕੇ ਜਦੋਂ ਬਿੱਲੂ ਆਪਣੇ ਘਰੇ ਵੜਿਆ ਤਾਂ ਉਹਦੇ ਕਾਲਜੇ ਚੋਂ ਇਕ ਚੀਸ ਨਿਕਲੀ ਤੇ ਤੜਫਦੀ ਦੀਪੇ ਦੀ ਲੋਥ ਨੂੰ ਧਾ ਗਲਵਕੜੀ ਪਾਈ। ਤੇ ਭਰੀਆਂ ਅੱਖਾਂ ਨਾਲ ਕਿਹਾ, "ਦੀਪਿਆ ਜੇ ਤੂੰ ਵਖ ਸਕਦਾ ਕਿਵੇਂ ਲੰਬੜ ਢੇਰੀ ਕੀਤੇ ਪਏ ਆ" ਤੇ ਨਾਲ ਹੀ ਦੀਪੇ ਦੀ ਲੋਥ ਠੰਡੀ ਹੋ ਗਈ।

*[Vancouver. B. C.]*

ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ :
'ਵਤਨੋਂ ਦੂਰ'
P.O. BOX 67881 STN "O"
VANCOUVER, B.C. V5W 3V2

ਖੇਤ-ਮਜ਼ਦੂਰਾਂ ਲਈ ਕਾਨੂੰਨੀ ਜਾਣਕਾਰੀ ਦੀ ਮੁਫ਼ਤ ਸੇਵਾ
ਜੇ ਤੁਸੀਂ ਖੇਤ-ਮਜ਼ਦੂਰ ਹੋ ਅਤੇ:~
* ਕੰਮ ਦੀਆਂ ਸ਼ਰਤਾਂ * ਅਨਇੰਪਲਾਇਮੈਂਟ-ਇਨਸ਼ੋਰੈਂਸ
* ਤਨਖ਼ਾਹ ਨਹੀਂ ਮਿਲਦੀ * ਵਰਕਰਜ਼ ਕੰਪੈਨਸੇਸ਼ਨ
* ਰਿਹਾਇਸ਼ ਤੇ ਟੈਕਸ * ਬਿਨਾਂ ਕਸੂਰ ਕੰਮ ਤੋਂ ਹਟਾਇਆ ਜਾਵੇ
* ਆਵਾਜਾਈ * ਜਾਂ ਕੋਈ ਹੋਰ ਇਹੋ ਜਿਹੀ ਮੁਸ਼ਕਲ
ਹੋਰ ਜਾਣਕਾਰੀ ਲਈ ਨਛੱਤਰ ਜਾਂ ਜੌਨ ਨੂੰ ਫ਼ੂਨ ਕਰੋ:~
ਫਾਰਮਵਰਕਰਜ਼ ਲੀਗਲ ਇਨਫਰਮੇਸ਼ਨ ਸਰਵਿਸ
ਵੈਨਕੋਵਰ: 253 ਈਸਟ 11th Ave. ਫ਼ੂਨ: 879-0117 (10 ਤੋਂ 5 ਤੱਕ)
ਐਬਸਫੋਰਡ: 2420 ਮੁਨਟਰੋਸ ਫ਼ੂਨ: 859-7681 (ਸੋਮ ਤੇ ਵੀਰ)

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀ ਮਹੀਨਾਵਾਰ ਮੀਟਿੰਗ ਹਰ ਦੂਜੇ ਐਤਵਾਰ ਸ਼ਾਮ ਤਿੰਨ ਵਜੇ ਫਰੇਜ਼ਰਵਿਉ ਲੇਬਰ-ਹੌਲ ਹਾਊਸ 6470 ਵਿਕਟੋਰੀਆ ਡਰਾਈਵ (VICTORIA AND 49TH AVE) ਤੇ ਹੁੰਦੀ ਹੈ। ਸਾਹਿਤ ਨਾਲ ਮੋਹ ਰੱਖਣ ਵਾਲੇ ਦੋਸਤਾਂ ਨੂੰ ਸੱਦਾ ਦਿੱਤਾ ਜਾਂਦਾ ਹੈ।
ਹੋਰ ਜਾਣਕਾਰੀ ਲਈ ਫੋਨ ਕਰੋ ਸੁਖਵੰਤ ਹੁੰਦਲ ਨੂੰ —321—9221

# ਜੁੱਤੀ ਦੇ ਯਾਰ

## ਸਾਧੂ

ਅੱਜ ਫੇਰ ਉਹਦੀ ਜੈਕ ਨਾਲ ਝੜਪ ਹੋ ਗਈ। ਉਹ ਹਰ ਤਰੀਕਾ ਵਰਤ ਚੁੱਕਾ ਸੀ, ਪਰ ਜੈਕ ਉਹਨੂੰ 'ਹਿੰਦੂ', 'ਪੰਜਾਬ' ਕਦੀ ਸਲੇਵ ਤੇ ਕਦੀ ਕੁਝ ਕਹਿਕੇ ਛੇੜਨੋਂ ਨਾ ਹਟਿਆ। ਉਹਨੇ ਧੀਰਜ ਨਾਲ ਜੈਕ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤੇ ਉਹਨੂੰ ਲੱਗਾ ਵੀ ਕਿ ਜੈਕ ਉਹਦੀਆਂ ਸਿਆਣਪ ਨਾਲ ਕੀਤੀਆਂ ਗੱਲਾਂ ਦੇ ਅਸਰ ਥੱਲੇ ਆ ਗਿਆ ਸੀ। ਪਰ ਕੁਝ ਦਿਨਾਂ ਬਾਅਦ ਫੇਰ ਉਹੀ ਕੰਮ। ਕਈ ਵਾਰੀ ਉਹ ਇਹ ਸੋਚ ਕੇ ਖਿਝਣੋਂ ਹੱਟ ਜਾਂਦਾ ਕਿ ਖਬਰੇ ਜੈਕ ਆਪ ਈ ਸ਼ਰਮ ਦਾ ਮਾਰਿਆ ਹੱਟ ਜਾਵੇ। ਪਰ ਜੈਕ ਨਾ ਹਟਿਆ। ਉਹਨੇ ਮੈਨੇਜਰ ਨੂੰ ਦਸਿਆ ਕਿ ਜੈਕ ਦੀਆਂ ਉਹਦੀ ਕੌਮ ਤੇ ਦੇਸ਼ ਵਾਰੇ ਕਹੀਆਂ ਕਾਟਵੀਆਂ ਗੱਲਾਂ ਉਹਨੂੰ ਸੱਭ ਦੇ ਹਾਸੇ ਦਾ ਨਿਸ਼ਾਨਾ ਬਣਾਉਂਦੀਆਂ ਹਨ ਅਤੇ ਇਸ ਉਤੇ ਉਹਨੂੰ ਕਿੰਨੀ ਪਰੇਸ਼ਾਨੀ 'ਚੋਂ ਗੁਜ਼ਰਨਾ ਪੈਂਦਾ ਹੈ। ਮੈਨੇਜਰ ਨੇ ਉਹਦੀ ਗੱਲ ਬੜੇ ਪਿਆਰ ਤੇ ਹਲੀਮੀ ਨਾਲ ਪਲੀਜ਼, ਪਲੀਜ਼ ਤੇ ਥੈਂਕ ਯੂ ਕਰਦਿਆਂ ਸੁਣੀ। ਤੇ ਮੈਨੇਜਰ ਨੇ ਘੜੀ ਵੱਲ ਦੇਖਦਿਆਂ ਕੁਰਸੀ ਤੋਂ ਰਤਾ ਕੁ ਉਠਦਿਆਂ ਮੇਜ਼ ਉਪਰ ਦੀ ਉਹਦੇ ਵੱਲ ਹੱਥ ਵਧਾਇਆ ਤੇ ਕਿਹਾ, 'ਅੱਛਾ ਮਿਸਟਰ ਸਿੰਘ, ਮੈਂ ਆਪਣੀ ਪੂਰੀ ਕੋਸ਼ਿਸ਼ ਕਰਾਂਗਾ ਕਿ ਜੈਕ ਤੈਨੂੰ ਅੱਗੋਂ ਤੋਂ ਤੰਗ ਨਾ ਕਰੇ।'

ਮੈਨੇਜਰ ਨੂੰ ਮਿਲਣ ਤੋਂ ਬਾਅਦ ਉਹਦੀ ਪਰੇਸ਼ਾਨੀ ਸਗੋਂ ਵੱਧ ਗਈ। 'ਜੈਕ ਦੀਆਂ ਹਰਕਤਾਂ ਵਿਚ ਕੋਈ ਫਰਕ ਨਾ ਪਿਆ। ਹੁਣ ਤਾਂ ਜੈਕ ਉਹਨੂੰ ਹੋਰ ਵੀ ਤੰਗ ਕਰਨ ਲੱਗ ਪਿਆ ਇਹ ਕਹਿ 'ਜੇ ਤੇਰੇ ਵਿਚ ਏਨੀ ਈ ਆਕੜ ਆ ਤਾਂ ਤੂੰ ਇਥੇ ਆਇਆ ਈ ਕਿਉਂ? ਆਪਣੇ ਦੇਸ਼ ਈ ਕਿਉਂ ਨਾ ਰਿਹਾ? ਭੁੱਖਾ ਮਰਦਾ ਤਾਂ ਤੁਹਾਡਾ ਹਰ ਬੰਦਾ ਬਾਹਰ ਨੂੰ ਦੌੜ ਰਿਹਾ ਹੈ।' ਉਹ ਜੈਕ ਨੂੰ ਦੱਸਣ ਦਾ ਜਤਨ ਕਰਦਾ, 'ਤੁਸੀਂ ਵੀ ਤਾਂ ਬਾਹਰੋਂ ਈ ਆਏ ਹੋ। ਕੀ ਹੋਇਆ ਜੇ ਸਾਡੇ ਨਾਲੋਂ ਕੁਝ ਚਿਰ ਪਹਿਲਾਂ ਆ ਗਏ। ਇਹ ਦੇਸ਼ ਤੁਸੀਂ ਇਕੱਲਿਆਂ ਤਾਂ ਨਹੀਂ ਉਸਾਰਿਆ। ਕਈ ਹਜ਼ਾਰ ਚੀਨੀ ਕਾਮਿਆਂ ਨੇ ਰੇਲਵੇ-ਲਾਈਨ ਤੇ ਕੰਮ ਕਰਦਿਆਂ ਜਾਨਾਂ ਦਿਤੀਆਂ ਸਨ। ਸੱਤਰ ਅੱਸੀ ਸਾਲ ਤਾਂ ਸਾਨੂੰ ਵੀ ਹੋ ਗਏ ਹਨ ਮਿੱਲਾਂ 'ਚ ਫੱਟੇ ਖਿਚਦਿਆਂ ਨੂੰ।' ਜੈਕ ਨੂੰ ਇਹੋ ਜਿਹੀਆਂ ਗੱਲਾਂ ਨਾਲ ਜਿਵੇਂ ਕੋਈ ਮਤਲਬ ਈ ਨਹੀਂ ਸੀ। ਉਹਦੇ ਲਈ ਤਾਂ ਇਹ ਇਕ ਵਧੀਆ ਦਿਲ-ਪਰਚਾਵਾ ਸੀ ਤੇ ਜਿਹਦੇ 'ਚੋਂ ਉਹ ਰਜਵਾਂ ਆਨੰਦ ਮਾਣਦਾ। ਜਦੋਂ ਕੰਮ ਤੋਂ ਬਾਅਦ ਯਾਰਾਂ ਦੋਸਤਾਂ ਨਾਲ ਬਹਿ ਸਰ–ਵਣ ਨੂੰ ਖਿਝਾਉਣ ਵਾਰੇ ਗੱਲਾਂ ਦਸਦਾ ਤਾਂ ਉਹ ਸਾਰੇ ਹੱਸਦੇ ਲੋਟ-ਪੋਟ ਹੋ ਜਾਂਦੇ ਤੇ ਜੈਕ ਉਹਨਾਂ ਨੂੰ ਹਸਾ ਕੇ ਖੁਦ ਨੂੰ ਬੜਾ ਵਧੀਆ ਬੰਦਾ ਸਮਝਦਾ।

ਜਿੰਨਾ ਉਹ ਜੈਕ ਨੂੰ ਸਮਝਾਉਣ ਜਾਂ ਹਟਾਉਣ ਦੀ ਕੋਸ਼ਿਸ਼ ਕਰਦਾ, ਉਹ ਓਨਾ ਹੀ ਵੱਧ ਚਾਮ੍ਹਲਦਾ। ਉਹ ਕਈ ਵਾਰੀ ਕੰਮ ਛੱਡ ਜਾਣ ਵਾਰੇ ਸੋਚਦਾ। ਪਰ ਉਹ ਕੰਮ ਕਿਸੇ ਵੀ ਕੀਮਤ 'ਤੇ ਨਹੀਂ ਸੀ ਛੱਡਣਾ ਚਾਹੁੰਦਾ। ਏਨਾ ਸੁਖਾਲਾ ਤੇ ਪੈਸੇ ਵਾਲਾ ਕੰਮ ਉਹਨੂੰ ਫੇਰ ਨਹੀਂ ਸੀ ਮਿਲਣਾ। ਉਹ ਫੇਰ ਮੁੜ ਜੰਗਲ ਵਿਚ 'ਲਾਗਿੰਗ-ਕੈਂਪਾਂ 'ਤੇ ਨਹੀਂ ਸੀ ਜਾਣਾ ਚਾਹੁੰਦਾ, ਜਿਥੇ ਰਾਤਾਂ ਨੂੰ ਜਾਮਣਾਂ ਜਿੱਡਾ ਮੱਛਰ ਤੋੜ ਤੋੜ ਖਾ ਜਾਂਦਾ ਸੀ। ਤੇ ਜਿਥੇ ਕੋਈ ਵੀ ਬੰਦਾ ਉਹਦੀ 'ਦਿਮਾਗੀ-ਪੱਧਰ' ਦਾ ਨਹੀਂ ਸੀ। ਉਥੇ ਰਹਿ ਕੇ ਉਹਨੂੰ ਆਪਣੀ ਐਮ. ਏ. ਤੇ ਹੋਰ ਵੀ ਗੁੱਸਾ ਆਉਂਦਾ ਸੀ। ਘਟਦਾ ਤਾਂ ਉਹ ਹੁਣ ਵੀ ਬਹੁਤ ਪਰ ਹੁਣ ਉਹ ਸਮਝਦਾ ਸੀ ਕਿ ਇਸ ਵੱਡੇ ਸਾਰੇ ਗੋਦਾਮ ਵਿਚ ਘੱਟੋ-ਘੱਟ ਕੁਝ ਲੋਕ ਤਾਂ ਪੜ੍ਹੇ ਲਿਖੇ ਤੇ ਚੰਗੇ ਵਰਤਾ ਵਾਲੇ ਸਨ। ਪਰ ਇਥੇ ਵੀ ਕਾਫੀ ਗਿਣਤੀ 'ਬੇਵਕੂਫਾਂ' ਦੀ ਸੀ ਤੇ ਜੈਕ ਤਾਂ ਸਭ ਪਾਗਲਾਂ ਦਾ ਸਰਦਾਰ ਸੀ।

ਅੱਜ ਜਦੋਂ ਉਹ ਘਰ ਆਇਆ ਤਾਂ ਬਹੁਤ ਖਿਝਿਆ ਹੋਇਆ ਸੀ। ਖਾਲੀ ਖਾਲੀ ਕਮਰੇ 'ਚੋਂ ਮੌਤ ਵਰਗੀ ਚੁੱਪ ਉਹਨੂੰ ਖਾਣ ਨੂੰ ਆਈ। ਉਹਨੇ ਠੰਢੀ ਬੀਅਰ ਖੋਲ੍ਹੀ। ਕੁਰਸੀ ਤੇ ਬੈਠ, ਬੂਟ ਖੋਲ੍ਹ ਜ਼ੋਰ ਨਾਲ ਇਕ ਖੂੰਜੇ ਵੱਲ ਵਗਾਹ ਮਾਰੇ। ਫੇਰ ਉਠ ਕੇ ਟੀ. ਵੀ, ਲਾ ਲਈ ਤੇ ਆਵਾਜ਼ ਉਚੀ ਕਰ ਦਿਤੀ। ਖੱਬੇ ਹੱਥ ਮੇਜ਼ 'ਤੇ ਪਿਆ ਰੇਡੀਓ ਵੀ ਲਾ ਦਿੱਤਾ। ਅਜੇ ਵੀ ਉਹਨੂੰ ਕਮਰਾ ਖਾਲੀ ਖਾਲੀ ਚੁੱਪ ਚੁੱਪ ਲੱਗਾ। ਖਿਝਦਿਆਂ ਬੀਅਰ ਦੇ ਘੁੱਟ ਭਰੇ। ਇਕ ਕਿਤਾਬ ਚੁੱਕ ਕੇ ਫੋਲਣ ਲੱਗਾ। ਫੇਰ ਝੱਟ ਹੀ ਪਰਾਂਹ ਵਗਾਹ ਮਾਰੀ। 'ਕਿੰਨੀ ਸਾਲੀ ਬਕਵਾਸ ਜ਼ਿੰਦਗੀ ਹੈ'। ਉਹ ਮੂੰਹ ਵਿਚ ਹੀ ਬੁੜ-ਬੁੜਾਇਆ ਤੇ ਆਪਣੀ-ਈ ਆਵਾਜ਼ 'ਤੇ ਹੈਰਾਨ ਹੋ ਗਿਆ। ਸੋਚਣ ਲੱਗਾ ਕਿ ਉਹ ਜਦੋਂ ਵੀ ਇਥੇ ਬੈਠੇ ਸੋਚਦਾ ਹੈ ਤਾਂ ਕਿਵੇਂ ਸੋਚਦਾ ਹੈ। ਉਚੀ ਬੋਲ ਕੇ ਜਾਂ ਚੁੱਪ ਰਹਿ ਕੇ। ਉਹਨੂੰ ਕਦੀ ਕੋਈ ਫਰਕ ਈ ਨਹੀਂ ਸੀ ਮਹਿਸੂਸ ਹੋਇਆ। 'ਜੇ ਉਚੀ ਵੀ ਸੋਚਦਾ ਹੋਵਾਂ ਤਾਂ ਕਿਹੜਾ ਕੋਈ ਸੁਨਣ ਵਾਲਾ ਹੈ।' ਉਹਨੇ ਕਮਰੇ 'ਚ ਨਿਗਾਹ ਦੌੜਾਈ। ਸੱਭ ਚੀਜ਼ਾਂ ਹੱਥੀਂ ਖਰੀਦੀਆਂ ਤੇ ਟਿਕਾਈਆਂ ਹੋਣ ਤੇ ਵੀ ਉਹਨੂੰ ਹਰ ਚੀਜ਼ ਇੰਝ ਜਾਪੀ ਜਿਵੇਂ ਗੱਡੀ ਦੇ ਪਲੇਟ ਫਾਰਮ 'ਤੇ ਪਿਆ ਸਾਮਾਨ। ਜਿਹਦੇ ਨਾਲ ਉਹਦਾ ਕੋਈ ਵਾਸਤਾ ਨਹੀਂ। ਉਹਨੇ ਸਿਰਫ ਕੁਝ ਹੀ ਪਲ ਠਹਿਰਨਾ ਹੈ। ਪਰ ਉਹਨੂੰ ਤਾਂ ਇਥੇ ਰਹਿੰਦੇ ਨੂੰ ਤਿੰਨ ਸਾਲ ਹੋ ਗਏ ਸਨ ਤੇ ਅਜੇ ਵੀ ਉਹ ਕਿਹੜਾ ਕਿਸੇ ਪਾਸੇ ਜਾ ਰਿਹਾ ਸੀ।

ਉਹ ਉਠਿਆ ਤੇ ਬਾਹਰੋਂ ਬਕਸੇ 'ਚੋਂ ਆਪਣੇ ਨਾਂ ਦੀ ਡਾਕ ਕੱਢ ਲਿਆਇਆ। ਇਕ ਦੋ ਬਿਲ ਆਏ ਸਨ। ਇਕ ਚਿੱਠੀ ਪਿਛੋਂ ਮਾਂ ਦੀ ਆਈ ਸੀ। ਪੁੱਤ ਦੀਆਂ ਸਿਫਤਾਂ, ਮਾਂ ਦੀ ਮਮਤਾ ਤੇ ਪੈਸਿਆਂ ਦੀ ਜ਼ਰੂਰਤ ਤੋਂ ਗੱਲ ਅੱਗੇ ਨਾ ਗਈ ਤੇ ਚਿੱਠੀ ਖਤਮ। ਉਹ ਮਾਂ ਦੀਆਂ ਲਿਖੀਆਂ ਗੱਲਾਂ ਤੋਂ ਬੀਤੇ ਵਿਚ ਉਤਰ ਗਿਆ। ਕਾਲਜ ਦੇ ਦਿਨ। ਉਹ ਫੁੱਟਬਾਲ ਤੇ ਕਬੱਡੀ ਦਾ ਖਿਡਾਰੀ। ਐਨ. ਸੀ. ਸੀ. ਦਾ ਸਾਰੇ ਕਾਲਜ ਦਾ ਕਮਾਂਡਰ। ਸ਼ਿਵ ਦੇ ਗੀਤ ਜਦੋਂ ਉਹ ਸਟੇਜ ਤੇ ਗਾਉਂਦਾ ਤਾਂ ਆਪਣੇ ਦੁਆਲੇ ਕਾਲਜ ਦੀਆਂ ਕੁੜੀਆਂ ਦੀ ਮਹਿਕ ਮਹਿਸੂਸ ਕਰਦਾ। ਉਦੋਂ ਉਹ ਆਪਣੇ ਆਪ ਨੂੰ ਹਿੰਦੀ ਫਿਲਮਾਂ ਦਾ ਹੀਰੋ ਖਿਆਲਦਾ। ਜ਼ਿੰਦਗੀ ਦੀ ਹਰ ਦੌੜ

ਵਿਚ ਅੱਗੇ । ਗਰੀਬ ਘਰ ਦਾ ਪਰ ਪੂਰੇ ਦੇ ਪੂਰੇ ਅਨਪੜ੍ਹ ਪਿੰਡ ਚੋਂ ਇਕੱਲਾ ਕਾਲਜ ਜਾਂਦਾ ਹੋਣ ਕਰਕੇ ਹਰ ਇਕ ਦਾ ਸਤਿਕਾਰ ਜਿੱਤੀ ਰੱਖਦਾ । ਆਪਣਾ ਮੁਕਾਬਲਾ ਉਹ ਹੁਣ ਵੀ ਹਿੰਦੀ ਫਿਲਮਾਂ ਦੇ ਹੀਰੋਆਂ ਨਾਲ ਈ ਕਰਦਾ । ਉਹਨੂੰ ਹੁਣ ਪਤਾ ਸੀ ਕਿ ਉਹਨਾਂ ਦੀ ਕੋਈ ਵੀ ਚੀਜ਼ ਅਸਲੀ ਨਹੀਂ ਹੁੰਦੀ। ਅਸਲੀ ਜ਼ਿੰਦਗੀ ਨਾਲ ਉਹਨਾਂ ਦਾ ਕੋਈ ਵਾਸਤਾ ਨਹੀਂ ਹੁੰਦਾ । ਉਹਦਾ ਵੀ ਤਾਂ ਇਹੋ ਹਾਲ ਸੀ । ਕਿਥੇ ਸਨ ਉਹਦੇ ਮੈਚ ਖੇਡਦੇ ਸਮੇਂ ਬਾਹਰੋਂ ਆਉਂਦੀਆਂ ਆਵਾਜ਼ਾਂ, ਗੀਤਾਂ ਤੇ ਮਰਦੀਆਂ ਕੁੜੀਆਂ, ਉਹਦੀ ਚੰਗੇ ਨੰਬਰਾਂ ਤੇ ਪਾਸ ਕੀਤੀ ਐਮ. ਏ. ਦਾ ਕੀ ਰਿਸ਼ਤਾ ਸੀ ਉਹਦੇ ਨਾਲ ? ਹੁਣ ਉਹ ਅਨਪੜ੍ਹਾਂ ਵਾਲਾ ਕੰਮ ਕਰਦਾ ਸੀ । ਜਿਹੜਿਆਂ ਗੋਰਿਆਂ ਨੂੰ ਚੰਗੀ ਤਰ੍ਹਾਂ ਆਪਣਾ ਨਾਂ ਤੱਕ ਨਹੀਂ ਸੀ ਲਿਖਣਾ ਆਉਂਦਾ, ਉਹ ਉਹਨੂੰ ਮਖੌਲਾਂ ਨਾਲ ਸੂਲਾਂ 'ਤੇ ਚੜ੍ਹਾਈ ਰੱਖਦੇ । ਲੜਨਾ ਉਹ ਚਾਹੁੰਦਾ ਨਹੀਂ ਸੀ। ਕਾਲਜ ਦੇ ਜ਼ਮਾਨੇ ਉਹਨੇ ਗਾਂਧੀ ਬਾਰੇ ਕਿਤਾਬਾਂ ਪੜ੍ਹੀਆਂ ਸਨ ਤੇ ਉਹਦਾ ਅਸਰ ਕਬੂਲ ਕਰ ਲਿਆ ਸੀ । ਉਹ ਹਰ ਕਿਸੇ ਨੂੰ ਪਿਆਰ ਨਾਲ ਜਿੱਤਣਾ ਚਾਹੁੰਦਾ ਸੀ । ਤੇ ਉਹਨੇ ਆਪਣੀ ਹਲੀਮੀ ਤੇ ਸਿਆਣਪ ਨਾਲ ਕਈ ਕਾਮੇ ਦੋਸਤ ਵੀ ਬਣਾ ਲਏ, ਤੇ ਕਈਆਂ ਦਾ ਸਤਿਕਾਰ ਜਿਤਿਆ । ਪਰ ਜੈਕ ਦੇ ਸਵਾਲ 'ਤੇ ਆ ਕੇ ਉਹਦੀ ਸਿਆਣਪ ਦਾ ਜਿਵੇਂ ਦਵਾਲਾ ਨਿਕਲ ਗਿਆ ਸੀ।

ਕੋਲ ਪਏ ਫੋਨ ਦੀ ਘੰਟੀ ਖੜਕੀ ਤਾਂ ਉਹਦੀਆਂ ਸੋਚਾਂ ਦੀ ਲੜੀ ਟੁੱਟ ਗਈ । ਉਹ ਕੁਝ ਦੇਰ ਗੱਲਾਂ ਕਰਦਾ ਰਿਹਾ ਤੇ ਅਖੀਰ 'ਚ ਢਿੱਲੀ ਜਿਹੀ 'ਚੰਗਾ ਆ ਜਾਓ ਫੇਰ' ਕਹਿ ਫੋਨ ਰੱਖ ਦਿੱਤਾ । ਉਹ ਹੋਰ ਵੀ ਖਿੱਝ ਗਿਆ । ਆਪਣੀ ਜਾਣ-ਪਛਾਣ ਵਾਲਿਆਂ ਤੇ ਦੋਸਤਾਂ 'ਤੇ ਉਹਨੂੰ ਬੜੀ ਖਿੱਝ ਆਉਂਦੀ । ਸੱਭ ਉਹਦੀ ਦਿਮਾਗੀ ਪੱਧਰ ਤੋਂ ਨੀਵੇਂ ਸਨ । 'ਸਾਲਿਆਂ ਨੂੰ ਜਿਹੜੇ ਚਾਰ ਅੱਖਰ ਆਉਂਦੇ ਸਨ ਉਹ ਵੀ ਡਾਲਰਾਂ ਨੇ ਭੁਲਾ ਦਿਤੇ, ਜਦ ਦੇਖੋ ਡਾਲਰਾਂ ਦੀਆਂ, ਫੋਟਿਆਂ ਦੀਆਂ ਜਾਂ ਫਿਰ ਤੀਵੀਆਂ ਦੀਆਂ ਗੱਲਾਂ । ਕੋਈ ਆਪਣਾ ਦੁੱਖ ਦੱਸੇ ਵੀ ਤਾਂ ਕਿਹਨੂੰ । ਸਹੀ ਸੋਸਾਇਟੀ ਬਿਨਾਂ ਬੰਦਾ ਪਾਗਲ ਵੀ ਹੋ ਸਕਦਾ ਹੈ ।' ਇਹਨਾਂ ਸੋਚਾਂ 'ਚ ਪਿਆਂ ਉਹਨੇ ਬੀਅਰ ਦੀਆਂ ਕਈ ਬੋਤਲਾਂ ਖਾਲੀ ਕਰ ਦਿਤੀਆਂ ।

ਉਹਦੇ ਦੋਸਤ ਦੇਬੀ ਤੇ ਲੰਬੜ ਸ਼ਰਾਬ ਦੀ ਬੋਤਲ ਕੋਲ ਹੀ ਲਈ ਆਏ । ਉਹ ਕਾਫੀ ਰਾਤ ਗਈ ਤਕ ਪੀਂਦੇ ਰਹੇ ਤੇ ਗੱਪਾਂ ਮਾਰਦੇ ਰਹੇ ।

ਉਹਨਾਂ ਦੇ ਜਾਣ ਬਾਅਦ ਉਹ ਫੇਰ ਪਹਿਲਾਂ ਵਾਂਗ ਹੀ ਪਰੇਸ਼ਾਨ ਹੋ ਗਿਆ । ਉਹਦੀ ਸੋਚ ਫੇਰ ਘੁੰਮ-ਘੁੰਮਾ ਕੇ ਜੈਕ ਤੇ ਆ ਠਹਿਰਦੀ । ਪਰ ਹੁਣ ਉਹਦੀ ਸੋਚ ਨੇ ਹੋਰ ਰੁੱਖ ਬਦਲਿਆ । ਉਹਨੂੰ ਦੇਬੇ ਹੋਰਾਂ ਦੀਆਂ ਕਹੀਆਂ ਗੱਲਾਂ ਵਿਚ ਕੁਝ ਸਚਾਈ ਦਿਸਣ ਲਗੀ। ਦੇਬੇ ਨੇ ਉਹਦੀ ਜ਼ਿੰਦਗੀ ਦੀ ਸੱਭ ਤੋਂ ਵੱਡੀ ਮੁਸੀਬਤ ਨੂੰ ਹਾਸੇ 'ਚ ਪਾਉਂਦਿਆਂ ਕਿਹਾ ਸੀ, 'ਇਹ ਤਾਂ ਸਾਲੇ ਜੁੱਤੀ ਦੇ ਯਾਰ ਆ, ਤੇਰੀ ਇਹ ਦਲੀਲਬਾਜ਼ੀ ਯੂਨੀਵਰਸਟੀ ਬੇਸ਼ੱਕ ਚੱਲ ਜਾਵੇ ਪਰ ਮਿੱਲਾਂ ਤੇ 'ਵੇਅਰ ਹਾਊਸਾਂ' 'ਚ ਕੰਮਾਂ ਕਰਨ ਵਾਲੇ ਤਾਂ ਇਹੋ ਜਿਹੀਆਂ ਗੱਲਾਂ ਕਰਨ ਵਾਲੇ ਨੂੰ ਤੀਵੀਆਂ ਤੋਂ ਵੀ ਮਾੜਾ ਸਮਝਦੇ ਆ–ਨਾਲੇ ਇਹ ਗੱਲਾਂ ਤਾਂ ਸਿਆਣਿਆਂ ਦੀਆਂ ਪਰਤਿਈਆਂ ਹੋਈਆਂ-ਇਹਨਾਂ ਸਾਲਿਆਂ ਵਿਗੜਿਆਂ ਨੂੰ ਤਾਂ ਤਾਕਤ ਦੀ ਜ਼ਬਾਨ ਈ ਸਮਝ ਆਉਂਦੀ ਆ ਇਸੇ ਜ਼ਬਾਨ 'ਚ ਇਹਨਾਂ ਨਾਲ ਗੱਲਾਂ ਕਰੋ ਇਹ ਤੁਹਾਡੇ ਦੋਸਤ ਬਣ ਜਾਣਗੇ ।'

ਉਹ ਦੇਬੇ ਦੀਆਂ ਸਿੱਧੀਆਂ ਗੱਲਾਂ ਸੁਣ ਕੇ ਕਾਫੀ ਪ੍ਰਭਾਵਿਤ ਹੋਇਆ ਤੇ ਹੈਰਾਨ ਵੀ । ਪਰ ਫੇਰ ਵੀ ਉਹਨੇ ਆਪਣੀ ਐਮ. ਏ. ਦਾ ਚੇਤਾ ਆਉਂਦਿਆਂ ਹੀ ਦੇਬੇ ਦੀ ਗੱਲ ਰੱਦ ਕਰ ਦਿਤੀ । ਉਹ ਏਨਾ ਪੜ੍ਹਿਆ ਲਿਖਿਆ ਹੋ ਕੇ 'ਬੇਵਕੂਫ' ਜਿਹੇ ਅਨਪੜ੍ਹਾਂ ਦੇ ਕਹੇ ਲਗੇਗਾ ? ਉਹ ਮੰਨਣ ਨੂੰ ਤਿਆਰ ਹੀ ਨਹੀਂ ਸੀ । ਪਰ ਦੇਬੇ ਦੀਆਂ ਕਹੀਆਂ ਗੱਲਾਂ ਤੋਂ ਬਿਨਾਂ ਜੈਕ ਦਾ ਹੋਰ ਕੋਈ ਇਲਾਜ ਵੀ ਉਹਨੂੰ ਨਹੀਂ ਸੀ ਦਿਸਦਾ ।

ਦੂਜੇ ਦਿਨ ਕੰਮ ਤੇ ਪਹੁੰਚਦਿਆਂ ਹੀ ਉਹਨੇ ਵੱਡੇ ਸਾਰੇ ਗੋਦਾਮ ਵਿਚ ਘੋਖਵੀਆਂ ਨਜ਼ਰਾਂ ਦੌੜਾਈਆਂ । ਸਾਰਾ ਗੋਦਾਮ ਖਾਣ ਵਾਲੀਆਂ ਚੀਜ਼ਾਂ ਦੇ ਬੰਦ ਡੱਬਿਆਂ ਦੇ ਬਕਸਿਆਂ ਨਾਲ ਭਰਿਆ ਪਿਆ ਸੀ । ਗੋਦਾਮ ਦੇ ਜਿਸ ਪਾਸੇ ਉਹ ਕੰਮ ਕਰਦਾ ਸੀ ਬਕਸਿਆਂ ਦੀਆਂ ਉਚੀਆਂ ਉਚੀਆਂ ਦੋਂਹ ਪਾਲਾਂ ਵਿਚਾਲੇ ਉਹਨੂੰ ਆਪਣੀ ਸੋਚੀ ਸਕੀਮ ਨਾਲ ਮੇਲ ਖਾਂਦੀ ਥਾਂ ਦਿਸ ਪਈ । ਜੈਕ ਵੀ ਇਥੋਂ ਹੀ ਫੋਰਕ-ਲਿਫਟ ਲੈ ਕੇ ਲੰਘਦਾ ਹੈ' ਉਹਨੇ ਸੋਚਿਆ । ਡੰਡਾ ਹੱਥ 'ਚ ਰੱਖੀਂ ਕੋਈ, ਖਾਲੀ ਹੱਥ ਤਾਂ ਗੋਰੇ ਨੇ ਤੇਰੇ ਮੂੰਹ ਦਾ ਹੁਲੀਆ ਬਦਲ ਦੇਣਾ ਹੈ ।' ਦੇਬੇ ਦੀ ਇਕ ਹੋਰ ਗੱਲ ਉਹਨੂੰ ਯਾਦ ਆਈ ।

ਇਕ ਤਿੰਨ ਕੁ ਹੱਥ ਗੋਲ ਜਿਹਾ ਡੰਡਾ ਉਹਨੇ ਬਕਸਿਆਂ ਦੇ ਵਿਚ ਜਿਹੇ ਕਰਕੇ ਲਕੋ ਲਿਆ । ਉਹ ਤਾੜਦਾ ਰਿਹਾ ਕਿ ਜੈਕ ਕਿਧਰ ਦੀ ਕਿੰਨੇ ਕੁ ਚਿਰ ਬਾਅਦ ਲੰਘਦਾ ਹੈ । ਲੰਚ ਟਾਈਮ ਤੋਂ ਥੋੜਾ ਚਿਰ ਪਹਿਲਾਂ ਉਹ ਆਪਣਾ ਲਿਖਣ ਵਾਲਾ ਪੈਡ ਚੁਕ ਕੇ ਬਕਸਿਆਂ ਕੋਲ ਇਞ ਜਾ ਖੜਾ ਹੋਇਆ ਕਿ ਦੇਖਣ ਵਾਲੇ ਨੂੰ ਲੱਗੇ, ਉਹ ਬਕਸਿਆਂ ਦੇ ਨੰਬਰ ਚੈਕ ਕਰ ਰਿਹਾ ਹੈ । ਉਹਨੇ ਗੋਦਾਮ ਦੇ ਦੂਜੇ ਪਾਸੇ ਫੋਰਕ–ਲਿਫਟ ਦੀ ਆਵਾਜ਼ ਸੁਣੀ । ਕੁਝ ਹੀ ਪਲਾਂ ਵਿਚ ਜੈਕ ਨੇ ਉਹਦੇ ਕੋਲ ਦੀ ਲੰਘਣਾ ਸੀ ।

ਬਕਸੇ ਦੇ ਸਿਰੇ ਤੇ ਪਏ ਡੰਡੇ ਵੱਲ ਘੂਰਦਿਆਂ ਉਹਨੇ ਆਪਣਾ ਇਰਾਦਾ ਬਦਲ ਦੇਣਾ ਚਾਹਿਆ । ਉਹਦੇ ਜ਼ਿਹਨ 'ਚ ਖਿਆਲਾਂ ਦੀ ਜਦੋਜਹਿਦ ਬਹੁਤ ਤੇਜ਼ ਹੋ ਗਈ-ਮਾਂ ਦੀ ਚਿੱਠੀ 'ਚ ਭੈਣ ਦੇ ਵਿਆਹ ਲਈ ਪੈਸਿਆਂ ਦੀ ਲੋੜ-ਨੌਕਰੀ–ਲਾਗਿੰਗ ਕੈਂਪ ਦੀ ਜ਼ਿੰਦਗੀ-ਜੈਕ ਦੀਆਂ ਤਿੱਖੀਆਂ ਗੱਲਾਂ-ਉਹਦਾ ਹਰ ਵੇਲੇ ਅੰਦਰ ਦੀ ਅੱਗ ਵਿਚ ਸੜੀ ਜਾਣਾ । ਇੰਨੇ ਨੂੰ ਜੈਕ ਉਹਦੇ ਬਰਾਬਰ ਆ ਰਿਹਾ । ਉਹ ਉਂਝ ਹੀ ਬਕਸਿਆਂ ਵੱਲ ਮੂੰਹ ਕਰੀ ਖੜਾ ਰਿਹਾ । ਜੈਕ ਨੇ ਉਹਨੂੰ ਦੇਖ ਕੇ ਘੜੀ ਪੱਲ ਸ਼ੁਗਲ ਕਰਨ ਦੇ ਇਰਾਦੇ ਨਾਲ ਉਹਦੇ ਕੋਲ ਫੋਰਕ-ਲਿਫਟ ਰੋਕੀ । ਜੈਕ ਫੋਰਕ-ਲਿਫਟ ਤੋਂ ਥੱਲੇ ਉਤਰਦਾ ਬੋਲਿਆ, "ਵੈਲ, ਕੀ ਹਾਲ ਆ ਫਿਰ ਆਪਣੇ ਗੁਲਾਮ ਮੁੰਡੇ ਦਾ" । ਇਨਾ ਕਹਿ ਕੇ ਜੈਕ ਆਪ ਹੀ ਹੱਸ ਪਿਆ । ਉਹਨੇ ਡੰਡੇ ਨੂੰ ਘੁੱਟ ਕੇ ਫੜ ਲਿਆ । ਜਦ ਜੈਕ ਬਿਲਕੁਲ ਉਹਦੇ ਬਰਾਬਰ ਆ ਗਿਆ ਤਾਂ ਉਹਨੇ ਖੱਬੇ ਹੱਥ ਦੀ ਕਾਪੀ ਪਰ੍ਹਾਂ ਸੁੱਟ ਘੁੰਮ ਕੇ ਇਕ ਕਿਲਕਾਰੀ ਜਿਹੀ ਮਾਰੀ ਤੇ ਸਾਰੇ ਜ਼ੋਰ ਨਾਲ ਡੰਡਾ ਜੈਕ ਦੇ ਸੱਜੇ ਕੰਨ ਕੋਲ ਮਾਰਿਆ । ਜੈਕ ਇਸ ਅਚਾਨਕ ਹੋਏ ਹਮਲੇ ਤੋਂ ਇੰਨਾ ਘਬਰਾ ਗਿਆ ਕਿ ਉਹਨੂੰ ਉਥੋਂ ਦੌੜਨ ਤੋਂ ਬਿਨਾਂ ਕੁਝ ਵੀ ਨਾ ਸੁਝਿਆ । ਜੈਕ ਅੱਗੇ ਅੱਗੇ ਤੇ ਉਹ ਪਿੱਛੇ । ਉਹ ਜੈਕ ਦੇ ਕਦੀ ਗਿਟਿਆਂ 'ਚ, ਕਦੀ ਲੱਤਾਂ ਤੇ ਕਦੀ ਮੋਰਾਂ ਤੇ ਲਗਾਤਾਰ ਡੰਡੇ ਮਾਰਦਾ ਰਿਹਾ । ਜੈਕ ਦੀ ਰੌਲੀ ਨੇ ਸਾਰਾ ਗੋਦਾਮ ਸਿਰ 'ਤੇ ਚੁੱਕ ਲਿਆ ਤੇ ਸਾਰੇ ਕੰਮ ਕਰਨ ਵਾਲੇ ਉਧਰ ਇਕੱਠੇ ਆ ਹੋਏ । ਉਹ ਆਪਣੀ ਤਸੱਲੀ ਕਰਕੇ ਖੜ ਗਿਆ । ਜੈਕ ਨਿਆਣਿਆਂ ਵਾਂਗ ਗਾਲ੍ਹਾਂ ਕੱਢਦਾ ਮੈਨੇਜਰ ਦੇ ਦਫਤਰ ਵੱਲ ਦੌੜ ਗਿਆ ਆਪਣੇ ਸਰੀਰ ਤੇ ਪਈਆਂ

ਲਾਸਾਂ ਦਿਖਾਣ। ਬਾਕੀ ਦੇ ਕੰਮ ਕਰਨ ਵਾਲੇ ਸੱਭ ਖੜੇ ਤਮਾਸ਼ਾ ਦੇਖਦੇ ਰਹੇ। ਉਹਨਾਂ ਵਿਚੋਂ ਕਈ ਤਾਂ ਅੰਦਰੋਂ ਹੱਸ ਰਹੇ ਸਨ। ਜੈਕ ਦੀਆਂ ਹਰਕਤਾਂ ਨੇ ਉਹਨਾਂ ਨੂੰ ਵੀ ਕਾਫੀ ਤੰਗ ਕੀਤਾ ਹੋਇਆ ਸੀ। ਤੇ ਜਿਹੜੇ ਇਕ ਦੋ ਹਮਾਇਤੀ ਸਨ ਉਹਨਾਂ ਦਾ ਹੌਂਸਲਾ ਨਾ ਪਿਆ, ਸਰਵਣ ਦੇ ਨੇੜੇ ਜਾਣ ਦਾ। ਹੱਥ 'ਚ ਅਜੇ ਵੀ ਡੰਡਾ ਲਈ ਖੜੇ ਸਰਵਣ ਦੇ ਚੇਹਰੇ 'ਤੇ ਪਰੇਸ਼ਾਨੀ ਜਾਂ ਪਛਤਾਵਾ ਨਹੀਂ ਸਗੋਂ ਹੈਰਾਨੀ ਸੀ। ਜੈਕ ਦੇ ਇਸ ਤਰ੍ਹਾਂ ਦੁੰਬ ਦਬਾ ਕੇ ਭੱਜ ਜਾਣ 'ਤੇ।

ਉਹਦੀ ਹੈਰਾਨੀ ਵੱਧਦੀ ਹੀ ਗਈ। ਉਹ ਕਈ ਦਿਨ ਇਸ ਉਡੀਕ ਵਿਚ ਰਿਹਾ ਕਿ ਉਹਨੂੰ ਨੌਕਰੀ ਤੋਂ ਜਵਾਬ ਮਿਲੇਗਾ ਜਾਂ ਜੈਕ ਉਹਦੇ ਤੋਂ ਬਦਲਾ ਲਏਗਾ। ਪਰ ਅਜਿਹਾ ਕੁਝ ਵੀ ਨਾ ਹੋਇਆ ਸਗੋਂ ਇਕ ਦਿਨ ਤਾਂ ਉਹ ਅਚੰਭਤ ਹੀ ਖੜਾ ਰਹਿ ਗਿਆ ਜਦੋਂ ਕੰਮ ਤੋਂ ਬਾਅਦ ਘਰ ਨੂੰ ਜਾਣ ਲੱਗਿਆ ਬਾਕੀਆਂ ਨਾਲ ਜੈਕ ਨੇ ਵੀ ਉਹਨੂੰ ਹੱਸ ਕੇ ਦੋਸਤਾਨਾ ਲਹਿਜੇ 'ਚ ਗੁੱਡ-ਨਾਈਟ ਕਿਹਾ।

*[Burnaby, B.C.]*


Buying, selling or trading berry farms, homes, and for any other type of real estate need contact:

# Block Bros. Realty Ltd.

**32641 South Fraser Way, Abbotsford**
**853-6411 – Direct Line 524-2215**



**PAUL GILL**

**RES.: 826-9942**



**If you are looking for**
*** Quality**
*** Price**
*** After Sale Service when buying your car contact**



ਹਰ ਪਰਕਾਰ ਦੀ ਕਾਰ
ਖਰੀਦਨ ਜਾਂ ਟਰੇਡ ਕਰਨੀ
ਹੋਵੇ ਤਾਂ ਕੁਲਦੀਪ ਝੰਡ
ਨੂੰ ਕਾਰ ਖਰੀਦਣ ਤੋਂ
ਪਹਿਲਾਂ ਜ਼ਰੂਰ ਮਿਲੋ ਜਾਂ
ਫੂਨ ਕਰੋ।



Kuldip Singh Jhand
**Res. 524-4137**

OFFICE **521-7731**

**WESTMINSTER CHEVROLET-OLDSMOBILE**

**12 Street & Queens Ave.**
**New Westminster**

# ਰੀਪੋਰਟ - ਸ਼ਮਸ਼ੇਰ ਤੱਖੀ

ਛੇਵਾਂ ਸਲਾਨਾ ਸ਼ਹੀਦ ਮੇਵਾ ਸਿੰਘ ਟੂਰਨਾਮੈਂਟ ਈਸਟ-ਇੰਡੀਅਨ ਡੀਫੈਂਸ ਕਮੇਟੀ ਵਲੋਂ ਵੈਨਕੂਵਰ ਵਿਖੇ ਪਹਿਲੀ ਤੇ ਦੋ ਜੁਲਾਈ ਨੂੰ ਕਰਾਇਆ ਗਿਆ। ਸਭ ਭਾਰਤੀਆਂ ਨੂੰ ਪਤਾ ਹੀ ਹੈ ਕਿ ਇਸ ਸ਼ਹੀਦ ਨੇ ਆਪਣੇ ਲੋਕਾਂ ਲਈ ਵੈਨਕੂਵਰ ਵਿਚ ਕੁਰਬਾਨੀ ਦਿੱਤੀ ਸੀ। ਲੋਕਾਂ ਉਤੇ ਹੋ ਰਹੇ ਨਸਲੀ ਵਿਤਕਰਿਆਂ ਤੇ ਪਿਛਾਂਹ ਖਿੱਚੂ ਤਾਕਤਾਂ ਦੇ ਵਿਰੁੱਧ ਲੜਨ ਅਤੇ ਆਪਣੇ ਲੋਕਾਂ ਦੀ ਰਖਵਾਲੀ ਲਈ ਇਸ ਮਹਾਨ ਸ਼ਹੀਦ ਦੇ ਪੈਰ ਚਿੰਨ੍ਹਾਂ ਤੇ ਚਲਦਿਆਂ ਅਤੇ ਉਹਦੇ ਆਸ਼ਿਆਂ ਨੂੰ ਮੁੱਖ ਰਖਦਿਆਂ ਈਸਟ ਇੰਡੀਅਨ ਡੀਫੈਂਸ ਕਮੇਟੀ ਇਕ ਜਥੇਬੰਦੀ ਦੇ ਤੌਰ ਤੇ ਨਵੰਬਰ 1973 ਨੂੰ ਹੋਂਦ ਵਿਚ ਆਈ ਸੀ।

ਟੂਰਨਾਮੈਂਟ ਕਬੱਡੀ, ਫੁੱਟਬਾਲ, ਹਾਕੀ, ਵਾਲੀਬਾਲ, ਭਾਰ ਚੁਕਾਈ, ਰੱਸਾਕਸ਼ੀ, ਘੋਲ ਦੌੜਾਂ ਅਤੇ ਹੋਰ ਕਈ ਖੇਡਾਂ ਨਾਲ ਭਰਪੂਰ ਸੀ। ਇੰਗਲੈਂਡ ਤੋਂ ਆਈ ਕਬੱਡੀ ਦੀ ਟੀਮ ਨੇ ਸਾਰੇ ਲੋਕਾਂ ਦਾ ਖਾਸ ਧਿਆਨ ਖਿਚਿਆ ਅਤੇ ਆਪਣੀ ਕਮਾਲ ਦੀ ਖੇਡ ਨਾਲ ਦਰਸ਼ਕਾਂ ਨੂੰ ਖੁਸ਼ ਕੀਤਾ। ਲਗਭਗ 45 ਟੀਮਾਂ ਨੇ ਇਸ ਵਿਚ ਭਾਗ ਲਿਆ ਅਤੇ ਦਰਸ਼ਕਾਂ ਦੀ ਗਿਣਤੀ ਹਰ ਰੋਜ਼ 5 ਤੋਂ 7 ਹਜ਼ਾਰ ਤਕ ਜਾਂਦੀ ਰਹੀ।

ਜੇਤੂ ਟੀਮਾਂ ਤੇ ਖਿਡਾਰੀਆਂ ਨੂੰ ਸ਼ਾਨਦਾਰ ਇਨਾਮ ਦਿੱਤੇ ਗਏ। ਇਨਾਮ ਵੰਡਣ ਦੀ ਰਸਮ ਹਰਦਿਆਲ ਬੈਂਸ C ਪ੍ਰਧਾਨ ਕੈਮਨਿਸਟ ਪਾਰਟੀ ਕੈਨੇਡਾ ਨੇ ਨਿਭਾਈ। ਮੌਜੂਦਾ ਹਕੂਮਤ ਵਲੋਂ ਦਿਤੀਆਂ ਗਈਆਂ ਕਈਆਂ ਔਕੜਾਂ ਦੇ ਬਾਵਜੂਦ ਵੀ ਟੂਰਨਾਮੈਂਟ ਪੂਰੀ ਕਾਮਯਾਬੀ ਨਾਲ ਨਿਭਿਆ। ਲੋਕਾਂ ਦੇ ਸਹਿਯੋਗ ਨਾਲ ਟੂਰਨਾਮੈਂਟ ਬਹੁਤ ਕਾਮਯਾਬ ਰਿਹਾ ਤੇ ਫਾਸ਼ੀ ਸਰਕਾਰ ਤੇ ਹੋਰ ਵਿਰੋਧੀਆਂ ਨੂੰ ਤਕੜੀ ਹਾਰ ਮਿਲੀ। ਟੂਰਨਾਮੈਂਟ ਤੇ ਲੱਗਾ ਸਾਰਾ ਪੈਸਾ ਲੋਕਾਂ ਵਲੋਂ ਇਕੱਠਾ ਹੋਇਆ ਸੀ ਜਿਸ ਲਈ ਡੀਫੈਂਸ ਕਮੇਟੀ ਉਨ੍ਹਾਂ ਸਾਰੇ ਲੋਕਾਂ ਦਾ ਧੰਨਵਾਦ ਕਰਦੀ ਹੈ।

---


**NOW—A LIFE INSURANCE POLICY THAT GUARANTEES EVERY CENT OF YOUR MONEY BACK**

SAVE MORE INCOME TAX THROUGH R.R.S.P.

***anytime you ask — after premiums have been paid and the policy has been in force for two years.***

**Office 273-2961**



**HARDEEP S. HEER**
Sales Representative
254-1963



**RUPINDER AZAD M.A.**
Unit Supervisor
325-0774



**MOHINDER SINGH**
Sales Representative
437-4890

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance
- Annuity Plans, etc., etc.

**SEABOARD LIFE INSURANCE COMPANY**

202 - 4640 No. 3 rd. Richmond, B.C.

# ਕਮਿਊਨਿਟੀ ਮਸਲੇ - ਉੱਜਲ ਦੋਸਾਂਝ

ਖੇਤ ਮਜ਼ਦੂਰਾਂ ਦੀ ਬਹੁ-ਗਿਣਤੀ ਹਿੰਦੁਸਤਾਨੀਆਂ ਦੀ ਹੈ। ਪਿਛਲੇ ਕਈ ਸਾਲਾਂ ਤੋਂ ਖੇਤ ਮਜ਼ਦੂਰ ਆਪਣੇ ਹੱਕਾਂ ਲਈ ਲੜਦੇ ਆ ਰਹੇ ਹਨ। ਭਾਵੇਂ ਕਿਸੇ ਮੁਕੰਮਲ ਜਥੇਬੰਦੀ ਦੀ ਅਣਹੋਂਦ ਕਾਰਨ ਇਹ ਆਪਣੇ ਪੂਰੇ ਹੱਕ ਅਜੇ ਹਾਸਲ ਨਹੀਂ ਕਰ ਸਕੇ ਪਰ ਫਿਰ ਵੀ ਦਿਨ ਬਦਿਨ ਪੇਸ਼ ਆਉਂਦੀਆਂ ਮੁਸ਼ਕਲਾਂ ਦਾ ਮੁਕਾਬਲਾ ਜਿਸ ਤਰ੍ਹਾਂ ਏਕਤਾ ਨਾਲ ਕੀਤਾ ਜਾਂਦਾ ਹੈ ਉਸ ਤੋਂ ਕਾਫ਼ੀ ਆਸ ਬੱਝਦੀ ਹੈ ਕਿ ਛੇਤੀ ਹੀ ਖੇਤ ਮਜ਼ਦੂਰ ਇਨ੍ਹਾਂ ਹਾਲਤਾਂ ਦਾ ਮੁਕਾਬਲਾ ਕਰਨ ਲਈ ਆਪਣੀ ਮੁਕੰਮਲ ਜਥੇਬੰਦੀ ਵਲ ਕਦਮ ਚੁੱਕਣਗੇ।

ਉਂਝ ਤਾਂ ਹਰ ਰੋਜ਼ ਹਰ ਖੇਤਾਂ ਵਿਚ ਕੋਈ ਨਾ ਕੋਈ ਨਵੀਂ ਘਟਨਾ ਵਾਪਰਦੀ ਰਹਿੰਦੀ ਹੈ ਜਿਸ ਦਾ ਸਿੱਧਾ ਜਾਂ ਅਸਿੱਧਾ ਸਬੰਧ ਮਾਲਕ ਦੇ ਮਾੜੇ ਵਿਹਾਰ ਹੁੰਦਾ ਹੈ। ਇਕ ਅਜਿਹੀ ਘਟਨਾ ਕੁਝ ਦਿਨ ਹੋਏ ਇਕ ਫ਼ਾਰਮ 'ਤੇ ਵਾਪਰੀ ਜਦੋਂ ਕਿ ਕੋਈ ਡੇਢ ਸੌ ਮਜ਼ਦੂਰ ਬੈਰੀ ਤੋੜ ਰਹੇ ਸਨ। ਜਦੋਂ ਆਪਣੇ ਟਰੱਕ ਭਰ ਕੇ ਉਹ ਮਜ਼ਦੂਰ, ਮਾਲਕਾਂ ਨੂੰ ਦੇਣ ਜਾਂਦੇ, ਤਾਂ ਇਕ ਸੁਪਰਵਾਈਜ਼ਰ ਹਰ ਟਰੱਕ ਚੋਂ ਕੁਝ ਕਟੌਤੀ ਕਰ ਲੈਂਦਾ ਜਿਸ ਦਾ ਕਾਰਨ ਟਰੱਕ 'ਚ ਕੁਝ ਇਕ ਹਰੇ ਪੱਤੇ ਹੁੰਦੇ ਜਾਂ ਕੱਚੀ ਤੋੜੀਆਂ ਗਲੀਆਂ ਸੜੀਆਂ ਵਿਚ ਆ ਜਾਂਦੇ ਹਨ। ਹਰ ਵਾਰੀ ਟਰੱਕ ਤੁਲਾਉਣ ਆਏ ਬੰਦਿਆਂ ਨੂੰ ਉਹ ਨਾਲ ਹੀ ਬੇਵਕੂਫ਼ ਪਿੰਡੂ ਸਮਝਦਾ। ਆਮ ਬੰਦਿਆਂ ਨੂੰ ਤਾਂ ਗੱਲ ਦੀ ਸਮਝ ਨਾ ਆਉਂਦੀ। ਪਰ ਜਦੋਂ ਇਕ ਵਿਦਿਆਰਥਣ ਆਪਣਾ ਟਰੱਕ ਲੈ ਕੇ ਗਈ ਤਾਂ ਉਸ ਸੁਪਰਵਾਈਜ਼ਰ ਨੇ ਨਾਲ ਹੀ ਗਾਲ੍ਹ ਕੱਢ ਦਿੱਤੀ। ਜਦੋਂ ਉਸ ਕੁੜੀ ਨੇ ਆਪਣੇ ਨਾਲ ਦੇ ਸਾਥੀਆਂ ਨੂੰ ਰੋ ਕੇ ਇਹ ਗੱਲ ਦੱਸੀ ਤਾਂ ਸਾਰੇ ਲੋਕ ਤੜਫ਼ ਉੱਠੇ ਤੇ ਪੰਜਾਂ ਮਿੰਟਾਂ 'ਚ ਸਾਰੇ ਮਜ਼ਦੂਰ ਖੇਤ ਚੋਂ ਬਾਹਰ ਆ ਗਏ। ਮਜ਼ਦੂਰਾਂ ਨੇ ਏਨਾ ਜ਼ਬਰਦਸਤ ਮੁਜ਼ਾਹਰਾ ਕੀਤਾ ਕਿ ਮਾਲਕ ਨੂੰ ਆਪਣੇ ਉਸ ਸੁਪਰਵਾਈਜ਼ਰ ਨੂੰ ਮੌਕੇ ਤੇ ਹੀ ਹਟਾਉਣਾ ਪਿਆ। ਕਿਉਂਕਿ ਮਜ਼ਦੂਰਾਂ ਦੀ ਮੰਗ ਸੀ ਕਿ ਜਦੋਂ ਤਕ ਇਹ ਬੰਦਾ ਇੱਥੋਂ ਕੱਢਿਆ ਨਹੀਂ ਜਾਂਦਾ ਉਦੋਂ ਤਕ ਉਹ ਕੰਮ ਤੇ ਨਹੀਂ ਜਾਣਗੇ। ਕੋਈ ਤਿੰਨ ਘੰਟਿਆਂ ਦੇ ਵਿਖਾਵੇ ਪਿੱਛੋਂ ਉਸ ਸੁਪਰਵਾਈਜ਼ਰ ਦੇ ਕੱਢੇ ਜਾਣ ਤੋਂ ਬਾਅਦ ਹੀ ਮਜ਼ਦੂਰ ਕੰਮ ਤੇ ਵਾਪਸ ਗਏ।

ਮੇਰੇ ਖ਼ਿਆਲ ਨਾਲ ਮਾਲਕਾਂ ਤੇ ਉਨ੍ਹਾਂ ਦੇ ਸੁਪਰਵਾਈਜ਼ਰਾਂ ਦੀਆਂ ਇਨ੍ਹਾਂ ਗੈਰ ਜ਼ਿੰਮੇਵਾਰ ਤੇ ਬੇਅਦਬੀ ਕਰਨ ਵਾਲੀਆਂ ਹਰਕਤਾਂ ਨੂੰ ਇਸੇ ਤਰ੍ਹਾਂ ਹੀ ਠੋਸ ਜਵਾਬ ਦੇ ਕੇ ਰੋਕਣਾ ਚਾਹੀਦਾ ਹੈ। ਜਦੋਂ ਤਕ ਖੇਤ ਮਜ਼ਦੂਰਾਂ ਨੂੰ ਕੋਈ ਕਾਨੂੰਨੀ ਰੱਖਿਆ ਨਹੀਂ ਮਿਲਦੀ, ਉਨ੍ਹਾਂ ਨੂੰ ਆਪਣੇ ਹੱਕਾਂ ਲਈ ਆਪ ਲੜਨਾ ਪੈਣਾ ਹੈ। ਇਸ ਤੋਂ ਅੱਗੇ ਹੋਰ ਕਦਮ ਚੁੱਕਣੇ ਚਾਹੀਦੇ ਹਨ। ਆਪਣੀਆਂ ਵਾਜਬ ਤਨਖ਼ਾਹਾਂ ਵਧੀਆਂ ਤੇ ਚੰਗੀਆਂ ਕੰਮ ਦੀਆਂ ਹਾਲਤਾਂ ਲਈ ਸਰਕਾਰ ਕੋਲ ਮੁਜ਼ਾਹਰੇ ਕਰਨੇ ਚਾਹੀਦੇ ਹਨ ਤੇ ਮੰਗ ਕਰਨੀ ਚਾਹੀਦੀ ਹੈ ਕਿ ਖੇਤ ਮਜ਼ਦੂਰਾਂ ਨੂੰ ਵੀ ਆਮ ਮਜ਼ਦੂਰਾਂ ਵਾਲੇ ਹੱਕ ਮਿਲਣੇ ਚਾਹੀਦੇ ਹਨ। ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜੇ ਸਾਰੇ ਖੇਤ ਮਜ਼ਦੂਰ ਮਿਲ ਕੇ ਆਪਣੀ ਮੁਕੰਮਲ ਜਥੇਬੰਦੀ ਬਣਾਉਣ ਲਈ ਉੱਦਮ ਕਰਨ।

ਤੁਸੀਂ ਪੁੱਛੋਗੇ ਕਿ ਇਸ ਜਥੇਬੰਦੀ ਤੋਂ ਕੀ ਭਾਵ ਹੈ? ਜਥੇਬੰਦੀ ਇਕ ਕੋਆਪਰੇਟਿਵ ਦੀ ਸ਼ਕਲ ਵਿਚ ਵੀ ਹੋ ਸਕਦੀ ਹੈ, ਪਰ ਮੇਰੇ ਖ਼ਿਆਲ ਵਿਚ ਅੱਜ ਦੇ ਹਾਲਾਤ ਅਤੇ ਵਾਤਾਵਰਣ ਅੰਦਰ ਯੂਨੀਅਨ ਹੀ ਠੀਕ ਜਥੇਬੰਦੀ ਸਾਬਤ ਹੋ ਸਕਦੀ ਹੈ। ਮੰਨਿਆ ਕਿ ਯੂਨੀਅਨ ਖੇਤ-ਮਜ਼ਦੂਰਾਂ ਦੇ ਸ਼ੋਸ਼ਣ ਵਿਚ ਸਹਾਇਕ ਹੋਈ ਸਾਬਤ ਹੋ ਸਕਦੀ ਹੈ - ਪਰ ਦੂਜੀਆਂ ਦੀ ਸਮਾਜਕ ਆਰਥਿਕ ਅਤੇ ਸਿਆਸੀ ਤਰੱਕੀ ਕਦੋਂ ਜਥੇਬੰਦੀ ਤੋਂ ਬਿਨਾਂ ਹੋਈ ਹੈ? ਜੇ ਯੂਨੀਅਨਾਂ ਬਣਾਉਣ ਦੇ ਕੰਮ ਵਿਚ ਸਾਨੂੰ ਜੁੱਟ ਜਾਣਾ ਚਾਹੀਦਾ ਹੈ - ਅਤੇ ਸਿਆਸੀ ਪੱਖ ਪਰ ਅੱਗੇ ਵਧਣਾ ਚਾਹੀਦਾ ਹੈ।




ਸੋਨੇ ਦੇ ਲੇਟੈਸਟ ਡੀਜ਼ਾਈਨਾਂ ਵਿੱਚ

ਗਹਿਣੇ ਬਣਵਾਉਣ ਲਈ

ਸੋਨੀ ਐਂਡ ਸਨਜ਼

SONI & SONS
JEWELLERS
Specialist in East Indian Jewelery

PHONE 324-1012

RES. 327-0783

6524 MAIN ST.

(AT 49th. Ave.)

VANCOUVER, B.C.

# A FANTASTIC INSURANCE PROGRAMME

## Available in Canada UP TO $50,000

***NOW — a life insurance policy that***
**GUARANTEES EVERY CENT OF YOUR MONEY BACK**
***anytime you ask — after premiums have been paid and the policy has been in force for two years.***



JARNAIL S. SARAN
Life Underwriter
273-6708

***For further information please feel free to call any one of us without obligation:***

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance
- Annuity Plans, etc., etc.



JAGJIT SINGH SIDHU M.A.
Unit Supervisor
Res.: 324-2493

## SEABOARD LIFE INSURANCE COMPANY

**202 - 4640 No. 3 rd. Richmond, B.C. Office 273-2961**

---

## YOUR LOCAL REALTOR BUYING, SELLING OR TRADING YOUR PROPERTY — ALWAYS REMEMBER YOUR LOCAL REALTOR!

# HARPAL TOOR

**Res. 524-9848**
**Off. 324-3888**

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ
ਜਾਂ ਨਕਦ ਵੇਚਣ ਲਈ
ਹਰਪਾਲ ਤੂਰ
ਨੂੰ ਸੇਵਾ ਦਾ ਮੌਕਾ ਦਿਓ!



T. J. LOVEROCK REALTY
5316 Victoria Dr., Van. B.C.

---

## INTERNATIONAL UNISEX HAIRSTYLING

INTRODUCES
ANOTHER SERVICE TO OUR CUSTOMERS AND FRIENDS'

*SPECIALIZING IN*

- ★ **ELECTROLYSIS**
- ★ **PERMANENT HAIR REMOVAL**



ਗੱਲਬਾਤ ਪੰਜਾਬੀ ਵਿਚ ਵੀ ਕੀਤੀ ਜਾ ਸਕਦੀ ਹੈ!

**Phone 736-4727**

**2582 Alma St. Vancouver**

OPEN 5 DAYS A WEEK TUES. THRU SAT.

# ਫ਼ਰੰਟੀਅਰ ਕਲਾਥ ਹਾਊਸ

***Imported Printed; Plain & Embroidered Sarees***

SPECIALISTS IN:

***All kinds of Quality Fabrics Chuni, Lehngas Suits, Silk Suits***

**Wedding Daj & Wari,**

***Kurtas, Men's Shirts, Cardigans Latest Fashions from Japan, India & U.K.***




HEAD OFFICE: NEW FRONTIER CLOTH HOUSE
PHAGWARA (PANJAB)
INDIA

Phone 2375

Manager Vancouver Branch:
SUSHIL BATRA

Phones: Bus. 325-4424
Res. 324-5156

## FRONTIER CLOTH HOUSE LTD.

**6672 MAIN STREET VANCOUVER, B.C.**



WATNO DUR (Far from the Motherland) is a literary and cultural monthly of PANJABI language – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2